SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 9 No: 212 Website : www.punjabiakhbaar.ca Email: editor@punjabiakhbaar.ca Friday, 20 January 2023

# ਨੇਪਾਲ ਵਿੱਚ ਜਹਾਜ਼ ਹਾਦਸਾਗ੍ਰਸਤ ਹੋਣ ਨਾਲ 68 ਜਣਿਆਂ ਦੀ ਮੌਤ ਹੋਈ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਨੇਪਾਲ ਦੇ ਕੇਂਦਰੀ ਸ਼ਹਿਰ ਪੋਖਰਾ ਵਿੱਚ ਯੇਤੀ ਏਅਰਲਾਈਨਜ਼ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ ਹੈ। ਹਾਦਸੇ ਵਿੱਚ ਘੱਟੋ-ਘੱਟ 68 ਯਾਤਰੀਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿਚੋਂ 12 ਦੀ ਸ਼ਨਾਖਤ ਕਰ ਲਈ ਗਈ ਹੈ। ਹਾਦਸੇ ਮੌਕੇ ਜਹਾਜ਼ ਵਿੱਚ ਪੰਜ ਭਾਰਤੀਆਂ ਸਣੇ ਕੁੱਲ 72 ਵਿਅਕਤੀ ਸਵਾਰ ਸਨ। ਜਹਾਜ਼ ਦੋ ਹਫ਼ਤੇ ਪਹਿਲਾਂ ਖੁੱਲ੍ਹੇ ਨਵੇਂ ਹਵਾਈ ਅੱਡੇ ’ਤੇ ਉਤਰਨ ਮੌਕੇ ਨਦੀ ਕੰਢੇ ਹਾਦਸੇ ਦਾ ਸ਼ਿਕਾਰ ਹੋ ਗਿਆ। ਹਾਦਸੇ ਮਗਰੋਂ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਾਹਲ ‘ਪ੍ਰਚੰਡ’ ਨੇ ਕੈਬਨਿਟ ਮੰਤਰੀਆਂ ਦੀ ਹੰਗਾਮੀ ਮੀਟਿੰਗ ਸੱਦਕੇ, ਜਹਾਜ਼ ਹਾਦਸੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਦਿਨ ਦੇ ਸੋਗ ਦਾ ਐਲਾਨ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਗ੍ਰਹਿ ਮੰਤਰਾਲੇ, ਸੁਰੱਖਿਆ ਅਮਲੇ ਤੇ ਸਾਰੀਆਂ



ਸਰਕਾਰੀ ਏਜੰਸੀਆਂ ਨੂੰ ਫੌਰੀ ਰਾਹਤ ਤੇ ਬਚਾਅ ਕਾਰਜ ਚਲਾਉਣ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਹੀ ਸਰਕਾਰ ਨੇ ਹਾਦਸੇ ਦੀ ਜਾਂਚ ਲਈ ਪੰਜ ਮੈਂਬਰੀ ਜਾਂਚ ਕਮਿਸ਼ਨ ਬਣਾ ਦਿੱਤਾ ਹੈ, ਜਿਸ ਦੀ ਅਗਵਾਈ ਸਾਬਕਾ ਹਵਾਬਾਜ਼ੀ ਸਕੱਤਰ ਨਾਗੇਂਦਰ ਘਿਮੇਰੇ ਕਰਨਗੇ। ਹਾਦਸੇ ਮਗਰੋਂ ਪੋਖਰਾ ਕੌਮਾਂਤਰੀ ਹਵਾਈ ਅੱਡੇ ਨੂੰ ਆਉਣ ਤੇ ਜਾਣ ਵਾਲੀਆਂ ਸਾਰੀਆਂ ਉਡਾਣਾਂ ਲਈ ਬੰਦ ਕਰ ਦਿੱਤਾ ਗਿਆ ਸੀ। ਨੇਪਾਲ ਦੀ ਸ਼ਹਿਰੀ ਹਵਾਬਾਜ਼ੀ ਅਥਾਰਿਟੀ (ਸੀਏਐਨ) ਮੁਤਾਬਕ ਯੇਤੀ ਏਅਰਲਾਈਨਜ਼ ਦੇ 9 ਐਨ-ਏਐਨਸੀ ਏਟੀਆਰ-72 ਜਹਾਜ਼ ਨੇ ਕਾਠਮੰਡੂ ਦੇ ਤ੍ਰਿਭੁਵਨ ਕੌਮਾਂਤਰੀ ਹਵਾਈ ਅੱਡੇ ਤੋਂ ਸਵੇਰੇ 10:33 ਵਜੇ ਉਡਾਣ ਭਰੀ ਸੀ। ਪੋਖਰਾ ਹਿਮਾਲਾ ਵਿੱਚ ਵਸੇ ਮੁਲਕ ਦਾ ਪ੍ਰਮੁੱਖ ਸੈਲਾਨੀ ਕੇਂਦਰ ਹੈ। ਜਾਣਕਾਰੀ ਅਨੁਸਾਰ ਸਵੇਰੇ 11 ਵਜੇ ਦੇ ਕਰੀਬ ਪੋਖਰਾ ਹਵਾਈ ਅੱਡੇ ’ਤੇ ਉਤਰਨ ਮੌਕੇ 72 ਸੀਟਾਂ ਵਾਲਾ ਟਰਬੋਪਰੋਪ ਜਹਾਜ਼ ਸੇਤੀ ਨਦੀ ਦੇ ਕੰਢੇ ਪੁਰਾਣੇ ਤੇ ਨਵੇਂ ਹਵਾਈ ਅੱਡੇ ਦੇ ਵਿਚਾਲੇ ਹਾਦਸਾਗ੍ਰਸਤ ਹੋ ਗਿਆ।’ ਜਹਾਜ਼ ’ਤੇ ਸਵਾਰ ਵਿਦੇਸ਼ੀ ਨਾਗਰਿਕਾਂ ’ਚੋਂ ਪੰਜ ਭਾਰਤੀ, ਚਾਰ ਰੂਸੀ, ਦੋ ਕੋਰਿਆਈ, ਇੱਕ ਇੱਕ ਆਸਟਰੇਲੀਅਨ, ਫਰੈਂਚ, ਅਰਜਨਟੀਨੀ ਤੇ ਇਜ਼ਰਾਇਲੀ ਨਾਗਰਿਕ ਸਨ।

# ਭਾਰਤੀ ਮੂਲ ਦੇ ਰੰਜ ਪਿੱਲੈ ਕਨੇਡਾ ਦੀ ਯੂਕੋਨ ਟੈਰੇਟਰੀ ਦੇ ਪ੍ਰੀਮੀਅਰ ਬਣੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਮੂਲ ਦੇ ਰੰਜ ਪਿੱਲੈ ਕੈਨੇਡਾ ਦੀ ਟੈਰੋਟਰੀ ਯੂਕੋਂਨ ਦੇ ਪ੍ਰੀਮੀਅਰ ਨਿਯੁਕਤ ਕੀਤੇ ਗਏ ਹਨ। ਇੰਝ ਉਹ ਇਸ ਵੱਕਾਰੀ ਅਹੁਦੇ 'ਤੇ ਪੁੱਜਣ ਵਾਲੇ ਭਾਰਤੀ ਮੂਲ ਦੇ ਦੂਜੇ ਵਿਅਕਤੀ ਬਣ ਗਏ ਹਨ। ਇਸ ਤੋਂ ਪਹਿਲਾਂ ਉੱਜਲ ਦੁਸਾਂਝ 2000-2001 'ਚ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ ਬਣੇ ਸਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੰਜ ਪਿੱਲੈ ਨੂੰ ਮੁਬਾਰਕਬਾਦ ਦਿੱਤੀ ਹੈ। ਰੰਜ ਪਿੱਲੈ ਨੂੰ ਯੂਕੋਂਨ ਦੀ ਰਾਜਧਾਨੀ ਵ੍ਹਾਈਟ ਹੌਰਸ 'ਚ ਯੂਕੋਨ ਦੇ ਪ੍ਰਸ਼ਾਸਕ ਏਡਲੀਨ ਵੈਬਰ ਨੇ ਸਹੁੰ ਚੁਕਾਈ। ਇੱਥੇ ਵਰਣਨਯੋਗ ਹੈ ਕਿ ਰੰਜ ਪਿੱਲੈ ਦੇ ਪੁਰਖੇ ਭਾਰਤੀ ਸੂਬੇ ਕੇਰਲ ਨਾਲ ਸਬੰਧਤ ਸਨ। ਉਨ੍ਹਾਂ ਕੋਲ ਐਗਜ਼ੀਕਿਊਟਿਵ ਕੌਂਸਲ ਆਫ਼ਿਸ, ਯੂਕੋਂਨ ਹਾਊਸਿੰਗ ਕਾਰਪੋਰੇਸ਼ਨ ਤੇ ਆਰਥਿਕ ਵਿਕਾਸ ਮੰਤਾਲਿਆਂ ਦੇ ਵੀ ਵਾਧੂ ਚਾਰਜ ਰਹਿਣਗੇ। ਉਨ੍ਹਾਂ ਨਾਲ ਛੇ ਹੋਰ ਕੈਬਿਨੇਟ ਮੰਤਰੀਆਂ ਨੂੰ ਵੀ ਸਹੁੰ ਚੁਕਾਈ ਗਈ। ਹਲਫ਼ ਲੈਣ ਤੋਂ



ਬਾਅਦ ਉਨ੍ਹਾਂ ਯੂਕੋਂਨ ਸਰਕਾਰ ਵੱਲੋਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪ੍ਰੀਮੀਅਰ ਵੱਜੋਂ ਇਸ ਖੇਤਰ ਦੀ ਜਨਤਾ ਦੀ ਸੇਵਾ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਜੀਵਨਾਂ 'ਚ ਸੁਧਾਰ ਲਿਆਉਣ ਲਈ ਪ੍ਰਤੀਬੱਧ ਹਨ।

Barinder Ubhi
Realtor
C (204)807-5013
E babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

ICCRC CRCIC
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg. MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

# ਰਾਹੁਲ ਗਾਂਧੀ ਦਾ ਮੂਸੇਵਾਲਾ ਦੇ ਪਿਤਾ ਨੂੰ ਸਲਾਮ



ਜਲੰਧਰ (ਪੰਜਾਬੀ ਅਖਬਾਰ ਬਿਊਰੋ)- ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਇੰਨੀਂ ਦਿਨੀਂ ਜਲੰਧਰ ਸ਼ਹਿਰ ’ਚ ਹੈ। ਇਸ ਦੌਰਾਨ ਰਾਹੁਲ ਗਾਂਧੀ ਭਾਰੀ ਲੋਕਾਂ ਦੇ ਇਕੱਠ ਨਾਲ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ’ਚੋਂ ਲੰਘ ਰਹੇ ਹਨ। ਬੀਤੇ ਦਿਨੀਂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਖ਼ਾਲਸਾ ਕਾਲਜ ਤੋਂ ਮੁੜ ਸ਼ੁਰੂ ਹੋਈ ਸੀ। ਪਹਿਲਾਂ ਇਹ ਯਾਤਰਾ ਫ਼ਗਵਾੜਾ ਦੀ ਪ੍ਰਾਈਵੇਟ ਯੂਨੀਵਰਸਿਟੀ ਤੋਂ ਸਵੇਰੇ 6 ਵਜੇ ਸ਼ੁਰੂ ਹੋਣੀ ਸੀ। ਯਾਤਰਾ ਸੁਰੂ ਕਰਨ ਤੋਂ ਪਹਿਲਾਂ ਰਾਹੁਲ ਗਾਂਧੀ ਜਲੰਧਰ ਦੇ ਮਸ਼ਹੂਰ ਸ਼੍ਰੀ ਦੇਵੀ ਤਲਾਅ ਮੰਦਰ ਪਹੁੰਚੇ ਸਨ, ਜਿੱਥੇ ਉਨ੍ਹਾਂ ਨੇ ਮੱਥਾ ਟੇਕਿਆ। ਇਸ ਤੋਂ ਬਾਅਦ ਉਹ ਸਿੱਧੇ ਯਾਤਰਾ ਲਈ ਰਵਾਨਾ ਹੋ ਗਏ ਹਨ।

ਯਾਤਰਾ ਸ਼ੁਰੂ ਹੋਣ ਤੋਂ ਪਹਿਲਾ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਖ਼ਾਲਸਾ ਕਾਲਜ ਪਹੁੰਚੇ। ਇਸ ਦੌਰਾਨ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਬਲਕੌਰ ਸਿੰਘ ਨੂੰ ਰਾਹੁਲ ਗਾਂਧੀ ਕੋਲ ਲੈ ਗਏ ਸਨ। ਮੂਸੇਵਾਲਾ ਦੇ ਪਿਤਾ ਵੀ ਭਾਰਤ ਜੋੜੋ ਯਾਤਰਾ ’ਚ ਸ਼ਾਮਿਲ ਹੋਏ ਸਨ। ਬਲਕੌਰ ਸਿੰਘ ਰਾਹੁਲ ਗਾਂਧੀ ਨੂੰ ਮਿਲ ਕੇ ਅਤੇ ਕੁੱਝ ਦੇਰ ਪੈਦਲ ਚੱਲ ਕੇ ਵਾਪਿਸ ਪਰਤ ਆਏ ਸਨ। ਬਲਕੌਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਬਦੌਲਤ ਹੀ ਉਹ ਇੰਨਾ ਵੱਡਾ ਸਦਮਾ ਝੱਲ ਸਕਿਆ ਹੈ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਲਈ ਰਾਹੁਲ ਗਾਂਧੀ ਨੇ ਇੱਕ ਟਵੀਟ ਕੀਤਾ ਹੈ ਜਿਸ ’ਚ ਉਨ੍ਹਾਂ ਨੇ ਸਿੱਧੂ ਦੇ ਪਿਤਾ ਲਈ ਕੁੱਝ ਖ਼ਾਸ ਲਿਖਿਆ ਹੈ। ਉਨ੍ਹਾਂ ਲਿਖਿਆ, “ਅੱਜ ਜਲੰਧਰ ’ਚ ਮਸ਼ਹੂਰ ਪੰਜਾਬੀ ਗਾਇਕ ਅਤੇ ਕਾਂਗਰਸ ਨੇਤਾ ਸਵਰਗਵਾਸੀ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਜੀ ਯਾਤਰਾ ’ਚ ਸ਼ਾਮਿਲ ਹੋਏ। ਮੈਂ ਉਨ੍ਹਾਂ ’ਚ ਬੇਮਿਸਾਲ ਹਿੰਮਤ ਤੇ ਹੌਸਲਾ ਵੇਖਿਆ।

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

Falcon TRANSPORT Inc.
Hiring New Drivers and Owner Operators
Great Mile Rates
Dedicated Runs
New Automatic Truck
Local/Long Haul US - Canada Runs
Home time every weekend
SINP/LMIA ਲਈ ਵੀ ਮਦਦ ਕਰਦੇ ਹਾਂ
ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ।
Balpreet Singh
Tel:306-952-4977 Cell: 306-212-0246
Email: falcontransport86@gmail.com
Website: Falcontansport.ca

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Universal Immigration Consultancy
UIC
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
Unit#4-3000 Diefenbaker Dr, Saskatoon (SK) S7L7K2 (Near Superstore West)
Regulated Canadian Immigration Consultant, CEO Member of ICCRC

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
butadhillon@remax.net www.remax.ca

FOR YOUR ALL REAL ESTATE NEEDS
Amandeep Dhaliwal
REALTOR®
Cell 306-241-8501
ROYAL LEPAGE Saskatoon Real Estate

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
Class 1 & 3 Driving Training Center
PVI and MELT Approved School
PERFECT ONE DRIVING SCHOOL LTD.
NARINDER SAINI
ROBIN SANDHU
204 930 5822
204 899 5823
2040, Logan Avenue
Manitoba, R2H 0H9
Email: info@perfectonedrivingschool.com
www.perfectonedrivingschool.com

BEST DEAL DRIVING SCHOOL
204-583-4500
Jaspreet Kaur Third
Class 5 Instructor
Class 5 • Brush up Courses • Pickup and Drop
Special Discount for New Comers and Students

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770

SOUTHPOINT
A MASTER PLANNED COMMUNITY

# ਨਵਾਂ ਫੇਸ
# ਛੇਤੀ ਆ ਰਿਹਾ ਹੈ

VESTASOUTHPOINT.COM




403.980.1979 | 600 South Point Heath SW, Airdrie, AB VESTA PROPERTIES

# ਐਮ ਪੀ ਜਸਰਾਜ ਹੱਲਣ ਨੇ ਪਾਰਟੀ ਵਾਲੰਟੀਅਰਾਂ ਦੀ ਪ੍ਰਸੰਸਾ ਵਿੱਚ ਸਮਾਗਮ ਕੀਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਫੋਰੈਸਟ ਲਾਨ ਤੋਂ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ ਵੱਲੋਂ 12 ਜਨਵਰੀ ਦੀ ਸ਼ਾਮ ਨੂੰ ਪਾਰਟੀ ਵਾਲੰਟੀਅਰਾਂ ਦੀ ਪਰਸੰਸਾ ਵਿੱਚ ਇੱਕ ਸਮਾਗਮ ਦਾ ਆਯੋਜਿਨ ਕੀਤਾ ਗਿਆ। 26 ਐਵਨਿਊ ਉੱਪਰ ਸਥਿੱਤ ਫੋਰੈਸਟ ਲਾਨ ਕਮਿਊਨਿਟੀ ਐਸੋਸੀਏਸ਼ਨ ਦੀ ਬਿਲਡਿੰਗ ਵਿੱਚ ਸਾਮ 6 ਵਜੇ ਤੋਂ ਲੈਕੇ ਵਿਭਿੰਨਤਾ ਭਰੀ ਸਾਰੇ ਵਰਗਾਂ ਦੇ ਪਾਰਟੀ ਵਰਕਰਾਂ ਦੀ ਹਾਜਰੀ ਦੇਰ ਰਾਤ ਤੱਕ ਰਹੀ। ਗਰਮਾ ਗਰਮ ਭੋਜਨ ਅਤੇ ਹੋਰ ਖਾਣ ਪੀਣ ਦੇ ਬਾ ਕਮਾਲ ਪ੍ਰਬੰਧ ਕੀਤੇ ਹੋਏ ਸਨ। ਪੰਜਾਬੀ ਭਾਈਚਾਰੇ ਵਿੱਚੋਂ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਸਮਾਗਮ ਵਿੱਚ ਹਾਜਰੀ ਭਰੀ। ਜਸਰਾਜ ਹੱਲਣ ਨੇ ਪਾਰਟੀ ਵਰਕਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਕਨੇਡਾ ਭਰ ਅੰਦਰ ਮਹਿੰਗਾਈ ਨੇ ਹਰ ਵਰਗ ਦੇ ਲੋਕਾਂ ਦਾ ਲੱਕ ਤੋੜ ਸੁੱਟਿਆ ਹੈ । ਮੌਜੂਦਾ ਟਰੂਡੋ ਸਰਕਾਰ ਦੀਆਂ ਕਮਜੋਰ ਆਰਥਿਕ ਨੀਤੀਆਂ ਮੁਲਕ ਨੂੰ ਮਾੜੇ ਹਾਲਾਤਾਂ ਵੱਲ ਧੱਕ ਰਹੀਆਂ ਹਨ ਜਿਹਨਾਂ ਦਾ ਉਹ ਪਾਰਲੀਮੈਂਟ ਅੰਦਰ ਵਿਰੋਧੀ ਧਿਰ ਦਾ ਮੈਂਬਰ ਹੋਣ ਦੇ ਨਾਤੇ ਵਿਰੋਧ ਕਰਦੇ ਆਏ ਹਨ ਅਤੇ ਭਵਿੱਖ ਵਿੱਚ ਜਾਰੀ ਰਹੇਗਾ। ਉਹਨਾਂ ਕਿਹਾ ਕਿ ਕੰਜ਼ਰਵੇਟਿਵ ਪਾਰਟੀ ਦੀ ਲੀਡਰਸਿੱਪ ਹੇਠ ਹੀ ਕਨੇਡਾ ਦਾ ਬਚਾਅ ਹੋ ਸਕਦਾ ਹੈ।

# ਕੈਲਗਰੀ ਦੀਆਂ ਔਰਤਾਂ ਇੱਕ ਸੰਸਥਾ ਬਣਾਕੇ ਨਿਰ-ਸਵਾਰਥ ਸੇਵਾਵਾਂ ਪ੍ਰਦਾਨ ਕਰਦੀਆਂ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਇਲ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਨਵੇਂ ਸਾਲ ਦੀ ਪਹਿਲੀ ਇਕਤਰਤਾ ਜੈਨਸਸ ਸੈਂਟਰ ਵਿਖੇ ਸ੍ਰੀ ਮਤੀ ਗੁਰਮੀਤ ਕੌਰ ਸਰਪਾਲ ਦੀ ਪ੍ਰਧਾਨਗੀ ਹੇਠ ਹੋਈ। ਪੁਰਾਣੀ ਕਮੇਟੀ ਦੀ ਇੱਕ ਸਾਲ ਦੀ ਮਿਆਦ ਪੂਰੀ ਹੋਣ ਤੇ ਨਵੀਂ ਕਮੇਟੀ ਦਾ ਗਠਨ ਕੀਤਾ ਜਿਸ ਵਿਚ ਗੁਰਜੀਤ ਕੌਰ ਬਵੇਜਾ ਨੂੰ ਸੈਕਟਰੀ, ਕਰਮਜੀਤ ਨੂੰ ਫੋਟੋਗ੍ਰਾਫੀ ਦੀ ਜਿੰਮੇਵਾਰੀ ਸੌਂਪੀ ਗਈ ਅਤੇ ਗੁਰਨਾਮ ਕੌਰ ਨੂੰ ਰਿਪੋਰਟਰ ਨਾਮਜ਼ਦ ਕੀਤਾ। ਬੀਤੇ ਸਾਲ ਦੀ ਕਾਰਗੁਜ਼ਾਰੀ ਦੀਆਂ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਉਨ੍ਹਾਂ ਨੇ ਬੀਬੀਆਂ ਨੂੰ ਤੋਹਫੇ ਦੇ ਕੇ ਸਨਮਾਨਿਤ ਕੀਤਾ ਜਿਨ੍ਹਾਂ ਵਿਚ ਰਾਣੀ ਚੱਠਾ ਜੀ, ਰਵਿੰਦਰ ਕੌਰ, ਗੁਰਜੀਤ ਬਵੇਜਾ,ਸੁਨਾਲੀ ਬਵੇਜਾ, ਗੁਰਨਾਮ ਕੌਰ ਅਤੇ ਕਰਮਜੀਤ ਕੌਰ ਜੀ ਸ਼ਾਮਲ ਹਨ।ਗੁਰਮੀਤ ਕੌਰ ਸਰਪਾਲ ਜੀ ਨੇ ਸੰਸਥਾ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਸੰਸਥਾ ਦਾ ਨਿਸ਼ਾਨਾ ਨਿਰੋਲ ਨਿਸ਼ਕਾਮ ਸੇਵਾ ਹੈ ਅਤੇ ਹਰ ਲੋੜਵੰਦ ਭੈਣ ਲਈ ਇਸ ਦੇ ਦਰਵਾਜ਼ੇ ਖੁੱਲੇ ਹਨ। ਬਵੇਜਾ ਨੇ ਨਵੇਂ ਸਾਲ ਦੀ ਕਵਿਤਾ ਸੁਣਾ ਕੇ ਸਾਰਿਆਂ ਨੂੰ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ। ਕਮਲਾ ਸ਼ਰਮਾ ਨੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕੁੱਝ ਸਮਾਂ ਸਤਿਸੰਗ ਲਈ ਕੱਢਣ ਬਾਰੇ ਕਵਿਤਾ ਬੋਲੀ। ਇਸ ਤੋਂ ਬਾਅਦ ਰਾਣੀ ਚੱਠਾ ਨੇ ਆਸਾ ਸਿੰਘ ਮਸਤਾਨਾ ਦਾ ਗੀਤ ,ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ ਗਾ ਕੇ ਖੂਬ ਰੰਗ ਬੰਨ੍ਹਿਆ। ਰਵਿੰਦਰ ਕੌਰ ਨੇ ਗੀਤ ਦੇ ਨਾਲ ਡਾਂਸ ਵੀ ਕੀਤਾ। ਗੁਰਨਾਮ ਕੌਰ ਨੇ ਰੋਜ਼ ਮਰਾ ਜ਼ਿੰਦਗੀ ਨਾਲ ਸਬੰਧਤ ਕੁੱਝ ਟੋਟਕੇ ਸੁਣਾਏ। ਬਲਜੀਤ ਕੌਰ ਹੁੰਦਲ ਨੇ ਹਾਸ ਰਸੀ ਕਵਿਤਾਵਾਂ ਸੁਣਾ ਕੇ ਖੂਬ ਰੌਣਕਾਂ ਲਾਈਆਂ। ਬਲਰਾਜ ਕੌਰ, ਹਰਬੰਸ ਕੌਰ ਅਤੇ ਗੀਤਾ ਰਤਨ ਨੇ ਬਹੁਤ ਵਧੀਆ ਗੀਤ ਸੁਣਾਏ। ਕੁਲਦੀਪ ਅਤੇ ਦਵਿੰਦਰ ਕੌਰ ਨੇ ਅਲੋਮ ਵਿਲੋਮ ਬਾਰੇ ਜਾਣਕਾਰੀ ਦਿੱਤੀ। ਸੁਰਜੀਤ ਕੌਰ ਢਿੱਲੋਂ ਨੇ ਬਹੁਤ ਹੀ ਕਰੁਣਾਮਈ ਗੀਤ ਗਾ ਕੇ ਅਜੋਕੇ ਸਮੇਂ ਵਿੱਚ ਬਜ਼ੁਰਗਾਂ ਦੀ ਹੋ ਰਹੀ ਬੇਕਦਰੀ ਦੀ ਸਹੀ ਤਸਵੀਰ ਪੇਸ਼ ਕੀਤੀ। ਚਾਹ ਪਾਣੀ ਪੀਣ ਤੋਂ ਬਾਅਦ ਸਾਰੀਆਂ ਭੈਣਾਂ ਨੇ ਨਵੇਂ ਮਹੀਨੇ ਦੀ ਨਵੀਂ ਇਕੱਤਰਤਾ ਦੀ ਆਸ ਨਾਲ ਵਿਦਾਇਗੀ ਲਈ।

# ਕੈਨੇਡਾ ਨੂੰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਹੋਰ ਇਮੀਗ੍ਰੈਂਟਸ ਦਾ ਆਉਣਾ ਜ਼ਰੂਰੀ ਹੈ - ਇਮੀਗ੍ਰੇਸ਼ਨ ਮੰਤਰੀ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਦਾ ਕਹਿਣਾ ਹੈ ਕਿ ਕੈਨੇਡਾ ਨੂੰ ਲੇਬਰ ਦੀ ਘਾਟ ਨੂੰ ਪੂਰਾ ਕਰਨ ਤੇ ਜਨਸੰਖਿਆ ਸਬੰਧੀ ਤਬਦੀਲੀਆਂ, ਜਿਹੜੀਆਂ ਦੇਸ਼ ਦੇ ਭਵਿੱਖ ਲਈ ਚੁਣੌਤੀ ਬਣੀਆਂ ਹੋਈਆਂ ਹਨ, ਲਈ ਵਧੇਰੇ ਨਿਊਕਮਰਜ਼ ਦੀ ਲੋੜ ਹੈ। ਇੱਕ ਇੰਟਰਵਿਊ ਵਿੱਚ ਫਰੇਜ਼ਰ ਨੇ ਆਖਿਆ ਕਿ ਸਾਨੂੰ ਹੋਰ ਇਮੀਗ੍ਰੈਂਟਸ ਨੂੰ ਸੱਦਣਾ ਹੀ ਹੋਵੇਗਾ ਨਹੀਂ ਤਾਂ ਉਮਰ ਦਰਾਜ਼ ਹੋ ਰਹੀ ਸਾਡੀ ਆਬਾਦੀ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੱਡਾ ਨੁਕਸਾਨ ਸਹਿਣਾ ਹੋਵੇਗਾ। ਨਵੰਬਰ ਵਿੱਚ ਫੈਡਰਲ ਲਿਬਰਲ ਸਰਕਾਰ ਨੇ ਨਵੇਂ ਇਮੀਗ੍ਰੇਸ਼ਨ ਪਲੈਨ ਦਾ ਐਲਾਨ ਕੀਤਾ ਸੀ ਜਿਸ ਤਹਿਤ 2025 ਤੱਕ ਕੈਨੇਡਾ ਨੂੰ 500,000 ਇਮੀਗ੍ਰੈਂਟਸ ਹਰ ਸਾਲ ਸੱਦਣ ਦਾ ਟੀਚਾ ਮਿਥਿਆ ਗਿਆ ਸੀ।ਜ਼ਿਕਰਯੋਗ ਹੈ ਕਿ 2022 ਵਿੱਚ 431,645 ਲੋਕ ਕੈਨੇਡਾ ਦੇ ਪਰਮਾਨੈਂਟ ਰੈਜ਼ੀਡੈਂਟਸ ਬਣੇ। ਵਰਨਣਯੋਗ ਹੈ ਕਿ ਫੈਡਰਲ ਸਰਕਾਰ ਵੱਲੋਂ ਜ਼ਿਆਦਾ ਇਮੀਗ੍ਰੈਂਟਸ ਨੂੰ ਲਿਆਉਣ ਪਿੱਛੇ ਕਈ ਕਾਰਨ ਅਤੇ ਅੰਕੜੇ ਵੀ ਹਨ। ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਦੇਸ਼ ਦੀ ਜਨਮ ਦਰ 2020 ਵਿੱਚ ਪ੍ਰਤੀ ਮਹਿਲਾ 1·4 ਬੱਚਿਆਂ ਤੱਕ ਪਹੁੰਚ ਗਈ। ਜੋ ਕਿ ਆਬਾਦੀ ਨੂੰ ਮੇਨਟੇਨ ਕਰਨ ਲਈ ਲੋੜੀਂਦੀ 2·1 ਦੀ ਦਰ ਤੋਂ ਕਾਫੀ ਹੇਠਾਂ ਹੈ।ਪਰ ਦੂਜੇ ਪਾਸੇ ਮਾਹਿਰਾਂ ਦੀ ਚਿੰਤਾ ਦਾ ਵਿਸ਼ਾ ਇਹ ਹੈ ਕਿ ਜੇ ਐਨੇ ਇਮੀਗ੍ਰੈਂਟਸ ਆਉਂਦੇ ਹਨ ਤਾਂ ਉਸ ਨਾਲ ਰਹਿਣ ਲਈ ਘਰ, ਹੈਲਥ ਕੇਅਰ ਆਦਿ ਦਾ ਕੀ ਬਣੇਗਾ।

# ਕੈਨੇਡਾ ਭਰ 'ਚ ਘਰਾਂ ਦੀਆਂ ਔਸਤਨ ਕੀਮਤਾਂ 'ਚ ਕਮੀਂ ਆਈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਹਾਊਸਿੰਗ ਮਾਰਕੀਟ ਪਿਛਲੇ ਸਮੇਂ ਦੇ ਦੌਰਾਨ ਕਾਫੀ ਗਰਮ ਰਹੀ ਹੈ। ਜਿਸ ਦੌਰਾਨ ਘਰਾਂ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਸਨ ਜਿਸ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਘਰ ਬਾਹਰ ਹੁੰਦੇ ਜਾ ਰਹੇ ਸਨ ।ਜਿਸ ਤੋਂ ਬਾਅਦ ਬੈਂਕ ਆਫ ਕੈਨੇਡਾ ਨੇ ਵਿਆਜ ਦਰਾਂ ਵਿੱਚ ਲਗਾਤਾਰ ਵਾਧਾ ਕਰਨਾ ਸ਼ੁਰੂ ਕਰ ਦਿੱਤਾ ਤੇ ਹੁਣ ਜੋ ਅੰਕੜੇ ਸਾਹਮਣੇ ਆ ਰਹੇ ਹਨ ਲੱਗਦਾ ਹੈ ਵਧੀਆਂ ਵਿਆਜ਼ ਦਰਾਂ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਹੈ ਕਿਉਂਕਿ ਕੈਨੇਡਾ ਭਰ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ ਕਮੀ ਦਰਜ ਕੀਤੀ ਜਾ ਰਹੀ ਹੈ।









# ਐਡਮਿੰਟਨ ਦੇ ਬਜ਼ੁਰਗਾਂ ਨੇ ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਦਿਨ ਮਨਾਇਆ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਗਦਰੀ ਲਹਿਰ ਦੇ ਬਾਨੀ ਉੱਘੇ ਸੂਰਬੀਰ ਯੋਧੇ ਬਾਬਾ ਸੋਹਣ ਸਿੰਘ ਭਕਨਾ ਦਾ 153 ਵਾਂ ਜਨਮ ਦਿਨ ਮਿਲਵੁਡ ਕਲਚਰਲ ਸੀਨੀਅਰ ਸੁਸਾਇਟੀ ਐਡਮਿੰਟਨ ਵਿਖੇ ਮਨਾਇਆ ਗਿਆ। ਸੰਸਥਾ ਦੇ ਪਰਧਾਨ ਸੀ ਸੁਦਾਗਰ ਸਿੰਘ ਜੀ ਨੇ ਦੱਸਿਆ ਕਿ ਬਾਨਾ ਸੋਹਣ ਸਿੰਘ ਭਕਨਾ ਦਾ ਜਨਮ ਅੱਜ ਤੋ 153 ਸਾਲ ਪਹਿਲਾਂ 4 ਜਨਵਰੀ 1870 ਨੂੰ ਪਿੰਡ ਭਕਨਾ ਜਿਲਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਜਿੰਦਗੀ ਭਰ ਜਬਰ ,ਜੁਲਮ, ਤਸ਼ੱਦਦ, ਗੁਲਾਮੀ ਦਾ ਜੂਲਾ ਲਾਹੁਣ ਲਈ ਜੇਲ੍ਹ ਵਿੱਚ ਕੈਦਾਂ ਕੱਟੀਆ,ਕਾਲੇ ਪਾਣੀ ਦੀਆ ਦਿਲ ਕੰਬਾਊ ਸਜਾਵਾਂ ਹੱਡੀ' ਹੰਢਾਈਆਂ। ਇਸ ਮੌਕੇ ਸੰਸਥਾ ਦੇ ਮੈਂਬਰ ਸਤੀਸ਼ ਕੁਮਾਰ ਸਚਦੇਵਾ ਨੇ ਅੱਜ ਦੇ ਮੁੱਖ ਬੁਲਾਰੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਡਾਇਰੈਕਟਰ ਸੁਰਿੰਦਰ ਸ਼ਰਮਾ ਦੀ ਜਾਣ ਪਛਾਣ ਕਰਾਉਂਦੇ ਹੋਏ ਦੱਸਿਆ ਕਿ ਜਿੱਥੇ ਲੰਮਾ ਸਮਾਂ ਸੁਰਿੰਦਰ ਸ਼ਰਮਾ , ਹਰਕੇਸ਼ ਚੌਧਰੀ, ਭੈਣ ਅੰਜੂ, ਕੁਸਮ ਮੱਕੜ ਜੀ ਨੇ ਉੱਘੇ ਲੋਕਪੱਖੀ ਕਮਿਊਨਿਸਟ ਵਿਚਾਰਧਾਰਾ ਨੂੰ ਪਰਣਾਏ ਭਾਅ ਜੀ ਗੁਰਸ਼ਰਨ ਸਿੰਘ ਉਰਫ( ਭਾਈ ਮੰਨਾ ਸਿੰਘ ਨੇ ਨਾਲ ਨਾਟਕਾਂ ਵਿੱਚ ਕੰਮ ਕੀਤਾ ਉਥੇ ਮੁੱਲਾਂਪੁਰ ਵਿਖੇ 2007 ਵਿੱਚ ਉਨ੍ਹਾਂ ਦੇ ਜਿਉਂਦੇ ਜੀ ਗੁਰਸ਼ਰਨ ਕਲਾ ਭਵਨ ਦੀ ਸਥਾਪਨਾ ਕੀਤੀ ਜਿਸ ਤੇ ਲੋਕ ਕਲਾ ਮੰਚ ਮੰਡੀ ਮੁੱਲਾਪੁਰ ਦੀ ਟੀਮ ਨੇ ਲੋਕਪੱਖੀ ਨਾਟਕ ਕੋਰੋ-ਗਰਾਫੀਆਂ ਪਿੰਡ ਪਿੰਡ ਸ਼ਹਿਰ ਸ਼ਹਿਰ ਸਕੂਲਾਂ ,ਕਾਲਜਾ ਵਿੱਚ ਖੇਡ ਕੇ ਇੱਕ ਕਰੋੜ ਤੋ ਵੱਧ ਰੁਪਿਆ ਖਰਚ ਕੀਤਾ, ਜਿਸ ਵਿੱਚ ਲਗਾਤਾਰ ਪਿਛਲੇ ਕਈ ਸਾਲਾਂ ਤੋ ਮਹੀਨੇ ਦੇ ਆਖਰੀ ਸ਼ਨੀਵਾਰ ਨਵਾਂ ਨਾਟਕ ਤਿਆਰ ਕਰਕੇ ਖੇਡਿਆ ਜਾਂਦਾ ਹੈ।

ਸੁਰਿੰਦਰ ਸ਼ਰਮਾ ਜੀ ਬਾਬਾ ਭਕਨਾ ਜੀ ਬਾਰੇ ਬੋਲਦਿਆਂ ਦੱਸਿਆ ਕਿ ਬਾਬਾ ਜੀ ਦੀ ਅਗਵਾਈ ਵਿੱਚ ਗਦਰ ਪਾਰਟੀ ਬਣੀ, ਸੋਹਣ ਸਿੰਘ ਭਕਨਾ ਪਰਧਾਨ ਬਣੇ 1 ਨਵੰਬਰ 1913 ਨੂੰ ਗਦਰ ਅਖਬਾਰ ਕੱਢਿਆ ਗਿਆ। ਇਹ ਬਾਅਦ ਵਿੱਚ ਕਈ ਭਾਸ਼ਾਵਾਂ ਵਿੱਚ ਛਪਣ ਲੱਗਾ। ਸ਼ਹੀਦ ਕਰਤਾਰ ਸਿੰਘ ਸਰਾਭਾ ਜਿਸਨੂੰ ਬਾਬਾ ਜੀ ਬਾਲ ਜਰਨੈਲ ਕਹਿੰਦੇ ਸਨ ਹੱਥਾਂ ਨਾਲ ਪ੍ਰਿੰਟਿੰਗ ਪ੍ਰੈੱਸ ਚਲਾ ਕੇ ਰੋਜ਼ ਾਨਾ 18 ਤੋ 20 ਘੰਟੇ ਕੰਮ ਕਰਿਆ ਕਰਦੇ ਸਨ । ਭਾਰਤ ਵਿੱਚ ਆਕੇ ਫੌਜੀ ਛਾਉਣੀਆਂ ਵਿੱਚ ਜਾ ਕੇ ਬਗਾਵਤ ਲਈ ਪਰੇਰਨਾ ਅੰਗਰੇਜ ਹਕੂਮਤ ਨੇ ਜਿੱਥੇ ਗਦਰੀ ਯੋਧਿਆਂ ਨੂੰ ਕਾਲੇ ਪਾਣੀਆਂ ਦੀਆਂ ਸਜਾਵਾਂ, ਫਾਂਸੀਆ ਦਿੰਤੀਆਂ,ਉਨ੍ਹਾਂ ਉਨ੍ਹੀ ਸਿਦਕਦਿਲੀ ਨਾਲ ਜਬਰ ਦਾ ਮੁਕਾਬਲਾ ਸਿਦਕਦਿਲੀ ਨਾਲ ਕੀਤਾ ਬਾਬਾ ਜੀ 26 ਸਾਲ ਤੋ ਵੱਧ ਜੇਲ੍ਹ ਵਿੱਚ ਰਹੇ । ਅਜਾਦੀ ਤੋ ਬਾਅਦ ਵੀ ਦੋ ਸਾਲ ਜੇਲ੍ਹ ਵਿੱਚ ਰਹੇ ਤਾਂ ਪੰਡਿਤ ਨਹਿਰੂ ਨੇ ਟਾਂਚ ਕਰਦਿਆਂ ਕਿਹਾ ਕਿ ਬਾਬਾ ਜੀ ਕੁੱਬ ਜਿਆਦਾ ਈ ਪੈ ਗਿਆ। ਬਾਬਾ ਜੀ ਨੇ ਕਿਹਾ ਅੰਗਰੇਜ ਦੇ ਦੋ ਸੌ ਸਾਲ ਰਾਜ ਵਿੱਚ ਉਨਾਂ ਨਹੀ ਪਿਆ ਜਿੰਨਾ ਪੰਡਿਤ ਜੀ ਤੁਹਾਡੇ ਦੋ ਸਾਲਾ ਦੇ ਰਾਜ ਵਿੱਚ ਪੈ ਗਿਆ। ਇਹ ਸੁਨੇਹਾ ਤੇ ਚਣੌਤੀ ਪੰਜਾਬ ਵਾਸੀਆ ਨੂੰ ਹੈ ਕਿ 74 ਸਾਲ ਬਾਅਦ ਇਹ ਕੁੱਬ ਕਿੰਨਾ ਵੱਡਾ ਹੋ ਗਿਆ ਭਾਵ ਮਜਦੂਰ, ਕਿਰਤੀ ਕਿਰਸਾਂਨਾ ਦੀ ਘੋਰ ਮੰਦਹਾਲੀ,ਗਰੀਬੀ ਮੂੰਹੋ ਬੋਲਦੀ ਮਿਸਾਲ ਹੈ, ਹਰੀ ਕਰਾਂਤੀ ਖੁਦਕੁਸ਼ੀਆ ਲੈ ਕੇ ਆਈ ਜਿਸਦਾ ਲੋਕਰੋਹ ਦਿੱਲੀ ਕਿਸਾਨ ਮਜਦੂਰ ਸੰਘਰਸ਼ ਏਕੇ ਦੇ ਜੋਰ ਨਾਲ ਲੜਿਆ ਗਿਆ, ਬਾਹਰ ਬੈਠੇ ਲੋਕਾਂ ਦੇ ਸਹਿਯੋਗ ਨਾਲ ਜਿੱਤਿਆ ਗਿਆ, ਸੰਘਰਸ਼ ਅਜੇ ਵੀ ਜਾਰੀ ਹੈ। ਇਸ ਮੌਕੇ ਸੁਰਿੰਦਰ ਸ਼ਰਮਾ ਵੱਲੋ ਤਿਆਰ ਕੀਤੀ ਫਿਲਮ 'ਸੀਰੀ' ਕਿਰਤੀ ਕਿਰਸਾਨਾਂ ਮਜਦੂਰਾ ਦੇ ਦੁੱਖਾਂ ਦੀ ਬਾਤ ਪਾਉਂਦੀ ਅਤੇ ਸੰਘਰਸ਼ ਬਿਨਾ ਕੋਈ ਚਾਰਾ ਨਹੀ ਵਿਖਾਈ ਗਈ। ਇਸ ਮੌਕੇ ਸੰਸਥਾ ਦੇ ਸਾਬਕਾ ਮੁੱਖੀ ਬਲਵੀਰ ਸਿੰਘ ਕੁਲਾਰ, ਕੈਸ਼ੀਅਰ ਸੁਰਜੀਤ ਸਿੰਘ ਵੀ ਹਾਜਰ ਸਨ। ਦਰਸ਼ਕਾਂ ਵਿੱਚ ਭੈਣ ਰਾਜਵਿੰਦਰ ਸਮਰਾਲਾ ਸਾਬਕਾ ਪਰਧਾਨ ਆਗਣਵਾੜੀ ਯੂਨੀਅਨ ਪੰਜਾਬ , ਸੁਖਦੇਵ ਸਿੰਘ ਗੋਸਲ ਸੇਵਾਮੁਕਤ ਬਿਜਲੀ ਮੁਲਾਜਮ ਆਗੂ ਪੰਜਾਬ , ਵੀਰ ਪਰਮਜੀਤ ਐਡਮਿੰਟਨ, ਭੈਣ ਬਖਸ਼ ਕੌਰ ਸੰਘਾ, ਕੁਲਦੀਪ ਸਰਾਭਾ, ਕਮਲੇਸ਼ ਸਚਦੇਵਾ,ਰਘੁਬੀਰ ਬਿਲਾਸਪੁਰੀ, ਵੀਰ ਦੇਵਿੰਦਰ ਦੀਪਤੀ ਨੇ ਉੱਘੇ ਵਿਦਵਾਨ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾਕਟਰ ਸ਼ਾਮ ਸੁੰਦਰ ਦੀਪਤੀ ਦੀ ਨਵੀ ਲਿਖੀ ਕਿਤਾਬ ਦਾ ਸਟਾਲ ਲਗਾਇਆ। ਇਸ ਮੌਕੇ ਸਤੀਸ਼ ਸਚਦੇਵਾ ਨੇ ਬੇਟੇ ਰਵੀ ਸਚਦੇਵਾ ਦੇ 41 ਵੇ ਜਨਮ ਦਿਨ ਤੇ ਰਿਫਰੈਸ਼ਮੈਂਟ ਦਿੱਤੀ ਅਤੇ ਬਹੁਮਾਰਟ ਤੋ ਆਏ ਵੀਰਾਂ ਦਾ ਧੰਨਵਾਦ ਕੀਤਾ। ਅਖੀਰ ਵਿੱਚ ਸੰਸਥਾ ਦੇ ਮੁੱਖੀ ਸੁਦਾਗਰ ਸਿੰਘ ਹੋਰਾਂ ਆਏ ਸਭਨਾਂ ਦਾ ਧੰਨਵਾਦ ਕੀਤਾ ।

# ਕੈਨੇਡਾ-ਅਮਰੀਕਾ ਵਿਚਾਲੇ ਯਾਤਰਾ ਲਈ ਨੈਕਸਸ ਟਰੈਵਲ ਕਾਰਡ ਮੁੜ ਸ਼ੁਰੂ ਹੋਵੇਗਾ - ਜਸਟਿਨ ਟਰੂਡੋ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਉਨ੍ਹਾਂ ਦੀ ਬੀਤੇ ਦਿਨੀ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨਾਲ ਹੋਈ ਮੁਲਾਕਾਤ ਦੌਰਾਨ ਕਈ ਅਹਿਮ ਮੁੱਦੇ ਵਿਚਾਰੇ ਗਏ ਹਨ । ਪ੍ਰਧਾਨ ਮੰਤਰੀ ਨੇ ਆਖਿਆ ਕਿ ਦੋਹਾਂ ਦੇਸ਼ਾਂ ਵਿਚਾਲੇ ਯਾਤਰਾ ਨੂੰ ਸੁਖਾਲਾ ਬਣਾਉਣ ਅਤੇ ਬੈਕਲਾਗ ਖਤਮ ਕਰਨ ਦੇ ਮਕਸਦ ਨਾਲ ਫਿਰ ਤੋਂ ਨੈਕਸਸ ਟਰੈਵਲ ਕਾਰਡ ਸ਼ੁਰੂ ਕੀਤਾ ਜਾ ਰਿਹਾ ਹੈ । ਅਜਿਹਾ ਹੋਣ ਨਾਲ ਦੋਹਾਂ ਮੁਲਕਾਂ ਵਿਚਾਲੇ ਵਪਾਰ ਅਤੇ ਹੋਰ ਰਿਸਤੇ ਮਜਬੂਤ ਹੋਣਗੇ। ਮੈਕਸੀਕੋ ਸਿਟੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਸ ਮੀਟਿੰਗ ਦੌਰਾਨ ਵਿਸ਼ਵ ਸੁਰੱਖਿਆ ਸਬੰਧੀ ਵੀ ਚਰਚਾ ਕੀਤੀ ਗਈ। ਇਸ ਮੌਕੇ ਤੇ ਪ੍ਰਧਾਨ ਮੰਤਰੀ ਨੇ ਅਮਰੀਕਾ ਤੋਂ ਮਿਜ਼ਾਈਲ ਡਿਫੈਂਸ ਸਿਸਟਮ ਖਰੀਦ ਕੇ ਯੂਕਰੇਨ ਨੂੰ ਦੇਣ ਦਾ ਵੀ ਜ਼ਿਕਰ ਕੀਤਾ।






















# ਕੀ ਇਹ ਸੱਚ ਹੈ ਕਿ ਭਾਰਤੀ ਭਗੌੜੇ ਰਿਸ਼ਵਤ ਦੇਕੇ ਵਿਦੇਸ਼ਾਂ ਵਿੱਚ ਆਪਣਾ ਬਚਾਅ ਕਰ ਰਹੇ ਹਨ ?

ਕੈਲਗਰੀ ( ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਮੋਸਟ ਵਾਂਟੇਡ ਭਗੌੜੇ ਕਾਰੋਬਾਰੀਆਂ ਵਿੱਚੋਂ ਇੱਕ ਮੇਹੁਲ ਚੋਕਸੀ ਬਾਰੇ ਵੱਡਾ ਖ਼ੁਲਾਸਾ ਹੋਇਆ ਹੈ। ਐਂਟੀਗੁਆ ਦੇ ਵਿੱਤੀ ਅਪਰਾਧ ਅਧਿਕਾਰੀ ਕੇਨੇਥ ਰਿਜ਼ੌਕ ਨੇ ਆਪਣੀ ਜਾਂਚ ਦੌਰਾਨ ਪਤਾ ਲਗਾਇਆ ਹੈ ਕਿ ਮੇਹੁਲ ਨੇ ਆਪਣੀ ਸੁਰੱਖਿਆ ਲਈ ਐਂਟੀਗੁਆ ਦੇ ਕਈ ਸੀਨੀਅਰ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਹੈ। ਇਸ ਗੱਲ ਦਾ ਖ਼ੁਲਾਸਾ ਕੇਨੇਥ ਰਿਜ਼ੌਕ ਨੇ ਨਿਊਜ਼ ਮੈਗਜ਼ੀਨ ਦੇ ਇੱਕ ਲੇਖ ਵਿੱਚ ਕੀਤਾ ਹੈ। ਉਸ ਨੇ ਇਹ ਵੀ ਦੱਸਿਆ ਹੈ ਕਿ ਜਲਦੀ ਹੀ ਉਸ ਨੂੰ ਗ੍ਰਿਫ਼ਤਾਰ ਕਰਕੇ ਭਾਰਤ ਭੇਜਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਕੇਨੇਥ ਰਿਜ਼ੌਕ ਨੇ ਦੱਸਿਆ ਕਿ ਮੇਹੁਲ ਨੇ ਅਦਾਲਤੀ ਕਾਰਵਾਈ ਨੂੰ ਅੱਗੇ ਵਧਾਉਣ ਲਈ ਕਈ ਵੱਡੇ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਹੈ। ਇੱਥੋਂ ਤੱਕ ਕਿ ਮੇਹੁਲ ਨੇ




ਐਂਟੀਗੁਆ ਦੇ ਸੀਨੀਅਰ ਪੁਲਿਸ ਅਧਿਕਾਰੀ ਅਡੋਨਿਸ ਹੈਨਰੀ ਨੂੰ ਵੀ ਰਿਸ਼ਵਤ ਦਿੱਤੀ ਹੈ। ਕੈਨੇਥ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਕਈ ਚਸ਼ਮਦੀਦ ਗਵਾਹ ਹਨ ਜਿਨ੍ਹਾਂ ਨੇ ਕਿਹਾ ਕਿ ਮੇਹੁਲ ਅਤੇ ਪੁਲਿਸ ਅਧਿਕਾਰੀ ਹੈਨਰੀ ਇੱਕ ਦਿਨ ਵਿੱਚ ਤਿੰਨ ਵਾਰ ਐਲ ਪੋਰਟੋ ਵਿੱਚ ਮਿਲੇ ਸਨ ਜੋ ਮੇਹੁਲ ਚੋਕਸੀ ਦੀ ਮਲਕੀਅਤ ਵਾਲਾ ਜੌਲੀ ਹਾਰਬਰ ਰੈਸਟੋਰੈਂਟ ਹੈ।ਹਾਲਾਂਕਿ, ਐਂਟੀਗੁਆ ਦੀ ਇੱਕ ਅਦਾਲਤ ਨੇ ਚੋਕਸੀ ਨੂੰ ਉਸ ਦੇ ਜੱਦੀ ਦੇਸ਼ ਯਾਨੀ ਭਾਰਤ ਵਾਪਸ ਭੇਜਣ ਦਾ ਹੁਕਮ ਦਿੱਤਾ ਸੀ, ਪਰ ਮੇਹੁਲ ਨੇ ਰਿਸ਼ਵਤ ਦੇ ਕੇ ਲੰਬੇ ਸਮੇਂ ਤੱਕ ਫੈਸਲੇ ਨੂੰ ਰੋਕ ਦਿੱਤਾ। ਭਾਰਤ ਦੇ ਭਗੌੜੇ ਕਾਰੋਬਾਰੀ ਨੇ ਐਂਟੀਗੁਆ ਤੋਂ ਵਪਾਰਕ ਪਾਸਪੋਰਟ ਹਾਸਲ ਕਰਕੇ ਭਾਰਤੀ ਅਦਾਲਤਾਂ ਅਤੇ ਕਾਨੂੰਨ ਤੋਂ ਪੂਰੀ ਤਰ੍ਹਾਂ ਦੂਰੀ ਬਣਾ ਲਈ ਸੀ। ਪਰ ਇਸ ਦੇ ਬਾਵਜੂਦ ਉਸ ਦੀ ਗ੍ਰਿਫ਼ਤਾਰੀ ਲਈ ਇੰਟਰਪੋਲ ਵੱਲੋਂ ਰੈੱਡ ਨੋਟਿਸ ਜਾਰੀ ਕੀਤਾ ਗਿਆ ਹੈ।

# ਕੈਨੇਡਾ ਦੇ ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ 'ਚੋਂ ਇੱਕ ਅਮਰਦੀਪ ਰਾਏ ਸਰੀ 'ਚ ਪੁਲਿਸ ਅੜਿੱਕੇ ਚੜ੍ਹਿਆ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਸਰ੍ਹੀ ਆਰ ਸੀ ਐਮ ਪੀ ਵੱਲੋਂ ਅਮਰਦੀਪ ਰਾਏ ਦੀ ਗ੍ਰਿਫਤਾਰੀ ਦੀ ਜਾਣਕਾਰੀ ਦਿੱਤੀ ਗਈ ਹੈ। ਬੀਤੇ ਸਾਲ 20 ਜਨਵਰੀ ਨੂੰ ਪੁਲਿਸ ਨੇ ਇਸ ਵਿਅਕਤੀ ਦੀ ਗ੍ਰਿਫਤਾਰੀ 'ਚ ਪੁਲਿਸ ਦੀ ਮਦਦ ਦੀ ਅਪੀਲ ਕੀਤੀ ਸੀ। ਬੀਤੇ ਸਾਲ ਅਮਰਦੀਪ ਦੀਆਂ ਤਸਵੀਰਾਂ ਜਾਰੀ ਕਰਦੇ ਹੋਏ ਪੁਲਿਸ ਨੇ ਆਖਿਆ ਸੀ ਕਿ 42 ਸਾਲਾ ਵਿਅਕਤੀ ਦੀ 17 ਦੋਸ਼ਾਂ 'ਚ ਭਾਲ ਕੀਤੀ ਜਾ ਰਹੀ ਹੈ। ਅਗਸਤ 2019 'ਚ ਅਰੰਭੀ ਇੱਕ ਜਾਂਚ ਦੇ ਮਾਮਲੇ 'ਚ ਇਸ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਸੀ। 28 ਅਪ੍ਰੈਲ 2021 ਨੂੰ ਅਮਰਦੀਪ ਨੂੰ ਸਰੀ ਆਰ।ਸੀ।ਐਮ।ਪੀ। ਦੀ ਸਟ੍ਰਾਈਕ ਫੋਰਸ ਟਾਰਗੈਟ ਟੀਮ ਨੇ ਆਊਟਸਟੈਂਡਿੰਗ ਵਾਰੰਟ 'ਤੇ ਗ੍ਰਿਫਤਾਰ ਕੀਤਾ ਸੀ। ਉਸ ਨੂੰ ਕੁਝ ਸ਼ਰਤਾਂ 'ਤੇ 7 ਮਈ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪੁਲਿਸ ਦੀਆਂ ਕਈ ਕੋਸ਼ਿਸ਼ਾਂ ਦੇ ਬਾਵਜੂਦ ਅਮਰਦੀਪ ਰਾਏ ਦਾ ਕੁਝ ਪਤਾ ਨਹੀਂ ਲੱਗਿਆ ਸੀ। ਇਸ ਵਿਅਕਤੀ 'ਤੇ ਜਾਰੀ ਵਾਰੰਟ 'ਚ ਜਿਨਸੀ ਹਮਲਾ, ਗੈਰਕਨੂੰਨੀ ਢੰਗ ਨਾਲ ਕਿਸੇ ਵਿਅਕਤੀ ਨੂੰ ਬੰਦੀ ਬਣਾਉਣ, ਹਥਿਆਰ ਨਾਲ ਹਮਲਾ ਕਰਨ, ਕੰਟਰੋਲਡ ਸਬਸਟੈਂਸ ਨੂੰ ਰੱਖਣ ਅਤੇ ਫਾਇਰਆਰਮਸ ਸੰਬੰਧੀ 17 ਦੋਸ਼ ਸ਼ਾਮਿਲ ਸਨ। ਬੀਤੇ ਸਾਲ ਅਕਤੂਬਰ 'ਚ ਜਾਰੀ ਕੀਤੇ ਗਏ ਬੋਲੋ ਪ੍ਰੋਗਰਾਮ 'ਚ ਰੱਖੇ 25 ਮੋਸਟ ਵਾਂਟਿਡ ਕਨੇਡੀਅਨਸ ਦੀ ਸੂਚੀ 'ਚ ਵੀ ਇਸ ਵਿਅਕਤੀ ਦਾ ਨਾਮ ਸ਼ਾਮਿਲ ਸੀ। ਪੁਲਿਸ ਨੇ ਦੱਸਿਆ ਕਿ 8 ਜਨਵਰੀ ਨੂੰ ਇਹ ਵਿਅਕਤੀ 64 ਐਵੀਨਿਊ ਦੇ 17400 ਬਲੌਕ ਕੋਲ ਅਫਸਰਾਂ ਨੇ ਇੱਕ ਘਰ ਤੋਂ ਕਾਬੂ ਕਰ ਲਿਆ।



# ਕਨੇਡਾ 19 ਬਿਲੀਅਨ ਡਾਲਰ ਦੀ ਲਾਗਤ ਨਾਲ ਲੜਾਕੂ ਜਹਾਜ਼ ਖਰੀਦੇਗਾ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਹਵਾਈ ਫੌਜ ਵਿੱਚ ਲੰਬੇ ਸਮੇਂ ਤੋਂ ਸੇਵਾਵਾਂ ਦੇ ਰਹੇ ਫ਼ਾਇਟਰ ਜਹਾਜਾਂ ਜੋ ਕਿ ਕਾਫ਼ੀ ਪੁਰਾਣੇ ਹੋ ਚੁੱਕੇ ਹਨ ਦੀ ਜਗ੍ਹਾ ਨਵੇਂ ਫਾਈਟਰ ਜਹਾਜ਼ਾਂ ਲਈ ਕਈ ਸਾਲਾਂ ਦੇ ਇੰਤਜ਼ਾਰ ਤੋਂ ਬਾਅਦ ਆਖਰਕਾਰ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਵੱਲੋਂ ਐਫ 35 ਲੜਾਕੂ ਜਹਾਜ ਖਰੀਦੇ ਜਾ ਰਹੇ ਹਨ ਜਿਸ ਲਈ ਇਹ ਜਹਾਜ਼ ਬਣਾਉਣ ਵਾਲੀ ਅਮਰੀਕਾ ਦੀ ਕੰਪਨੀ ਨਾਲ ਸਮਝੌਤਾ ਸਿਰੇ ਚੜ ਗਿਆ ਹੈ। ਇਨ੍ਹਾਂ ਵਿੱਚੋਂ ਪਹਿਲੇ 4 ਜਹਾਜ਼ ਸਾਲ 2026 ਤੱਕ ਕੈਨੇਡਾ ਨੂੰ ਮਿਲ ਜਾਣਗੇ ਅਤੇ ਇਸ ਤੋਂ ਬਾਅਦ ਹੋਰ 84 ਜਹਾਜ਼ ਆਉਂਦੇ ਸਾਲਾਂ ਵਿਚ ਕੈਨੇਡਾ ਨੂੰ ਮਿਲ ਜਾਣਗੇ ਇਸ ਤਰਾਂ 88 ਲੜਾਕੂ ਜਹਾਜ਼ਾਂ ਦਾ ਫਲੀਟ ਮੁਕੰਮਲ ਹੋ ਜਾਵੇਗਾ ਅਤੇ ਸਾਲ 2032 ਤੱਕ ਇਹ ਜਹਾਜ਼ ਸੀ ਐਫ 18 ਜਹਾਜ਼ਾਂ ਦੀ ਜਗ੍ਹਾ ਲੈ ਲੈਣਗੇ। ਰੱਖਿਆ ਮੰਤਰੀ ਨੇ ਇਹ ਵੀ ਦੱਸਿਆ ਕਿ ਇਹ ਫੈਸਲਾ ਰੂਸ ਅਤੇ ਚੀਨ ਦੀਆਂ ਫੌਜਾਂ ਵੱਲੋਂ ਵੱਧ ਰਹੇ ਖਤਰੇ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪੂਰੇ ਫਲੀਟ ਉਪਰ 19 ਬਿਲੀਅਨ ਡਾਲਰ ਖ਼ਰਚ ਹੋਣਗੇ ਜੋ ਕਿ ਸਾਲ 2017 ਵਿੱਚ ਪੇਸ਼ ਕੀਤੇ ਗਏ ਬਜਟ ਦੇ ਅੰਦਰ ਹੀ ਹਨ।

# ਭਾਰਤ ਵਿੱਚ ਬਣੀ ਖੰਘ ਦੀ ਦਵਾਈ ਦੀ ਵਰਤੋਂ ਵਿਰੁੱਧ ਚੇਤਾਵਨੀ ਜਾਰੀ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਿਸ਼ਵ ਸਿਹਤ ਸੰਗਠਨ ਨੇ ਬੱਚਿਆਂ ਲਈ ਖਾਂਸੀ ਦੇ ਦੋ ਭਾਰਤੀ ਸੀਰਪ ਦੀ ਵਰਤੋਂ ਵਿਰੁੱਧ ਚੇਤਾਵਨੀ ਦਿੱਤੀ ਹੈ। ਇਨ੍ਹਾਂ ਨੂੰ ਪੀਣ ਕਾਰਨ ਉਜ਼ਬੇਕਿਸਤਾਨ ਵਿੱਚ ਮੌਤਾਂ ਹੋਈਆਂ ਹਨ। ਸੰਗਠਨ ਨੇ ਕਿਹਾ ਕਿ ਮੈਰੀਅਨ ਬਾਇ?ਟੈੱਕ ਦੁਆਰਾ ਨਿਰਮਿਤ ਉਤਪਾਦ ਘਟੀਆ ਸਨ। ਇਹ ਚਿਤਾਵਨੀ ਉਜ਼ਬੇਕਿਸਤਾਨ ਦੇ ਦੋਸ਼ਾਂ ਤੋਂ ਕੁੱਝ ਹਫ਼ਤਿਆਂ ਬਾਅਦ ਆਈ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਕੰਪਨੀ ਵੱਲੋਂ ਬਣਾਏ ਸੀਰਪ ਪੀਣ ਕਾਰਨ 18 ਬੱਚਿਆਂ ਦੀ ਮੌਤ ਹੋ ਗਈ ਸੀ। ਡਬਲਿਊਐੱਚ? ਨੇ ਕਿਹਾ ਕਿ ਉਜ਼ਬੇਕਿਸਤਾਨ ਦੇ ਸਿਹਤ ਮੰਤਰਾਲੇ ਦੀਆਂ ਗੁਣਵੱਤਾ ਨਿਯੰਤਰਣ ਪ੍ਰਯੋਗਸ਼ਾਲਾਵਾਂ ਵੱਲੋਂ ਖੰਘ ਦੇ ਸਿਰਪਾਂ ਐਂਬਰੋਨੋਲ ਅਤੇ ਡੌਕ -1 ਮੈਕਸ ਦੇ ਵਿਸ਼ਲੇਸ਼ਣ ਵਿੱਚ ਇਨ੍ਹਾਂ ਨੂੰ ਘਟੀਆ ਮੰਨਿਆ ਗਿਆ ਹੈ।




# ਹੁਣ 13 ਆਮ ਬਿਮਾਰੀਆਂ ਦਾ ਇਲਾਜ ਫਾਰਮਾਸਿਸਟ ਹੀ ਕਰ ਸਕਣਗੇ - ਪ੍ਰੀਮੀਅਰ ਡਗ ਫੋਰਡ



ਟੋਰਾਂਟੋ( ਪੰਜਾਬੀ ਅਖ਼ਬਾਰ ਬਿਊਰੋ) ਉਨਟਾਰੀ? ਦੇ ਪ੍ਰੀਮੀਅਰ ਡਗ ਫੋਰਡ ਨੇ ਐਲਾਨ ਕੀਤਾ ਹੈ ਕਿ ਸੂਬੇ ਦੀਆਂ ਫਾਰਮੇਸੀਆਂ ਤੇ ਹੁਣ ਫਾਰਮਾਸਿਸਟ 13 ਤਰਾਂ ਦੀਆਂ ਆਮ ਬਿਮਾਰੀਆਂ ਦਾ ਇਲਾਜ ਕਰ ਸਕਣਗੇ ਅਤੇ ਕਈ ਦਵਾਈਆਂ ਦੀ ਪ੍ਰਿਸਕ੍ਰਿਪਸ਼ਨ ਦੇ ਸਕਣਗੇ। ਉਹਨਾਂ ਨਾਲ ਹੀ ਆਖਿਆ ਕਿ ਫਾਰਮਾਸਿਸਟ ਹੁਣ ਜ਼ਿਆਦਾਤਰ ਪ੍ਰਿਸਕ੍ਰਿਪਸ਼ਨ ਨੂੰ ਰਿਨਿਊ ਵੀ ਕਰ ਸਕਣਗੇ। ਇਹ ਐਲਾਨ ਪ੍ਰੀਮੀਅਰ ਵੱਲੋਂ ਟੋਰਾਂਟੋ ਦੇ ਇਟੋਬੀਕੋ ਵਿੱਚ ਕੀਤਾ ਗਿਆ ਹੈ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਡਿਪਟੀ ਪ੍ਰੀਮੀਅਰ,ਸਿਹਤ ਮੰਤਰੀ ਜੈਫ ਲੇਗਰ ਅਤੇ ਸ਼ੌਪਰ ਡਰੱਗਮਾਰਟ ਦੇ ਪ੍ਰੇਜ਼ੀਡੈਂਟ ਵੀ ਮੌਜੂਦ ਸਨ

## ਕੈਲਗਰੀ ਦੇ ਉੱਘੇ ਬਿਜਨਿਸਮੈਨ ਬਰਮਾਲੀਪੁਰ ਵਾਲੇ ਰਣਦੇਵ ਭਰਾਵਾਂ ਨੂੰ ਸਦਮਾ

# ਵੱਡੇ ਭਰਾ ਰਛਪਾਲ ਸਿੰਘ ਰਣਦੇਵ ਦਾ 88 ਸਾਲ ਦੀ ਉਮਰ ਵਿੱਚ ਹੋਇਆ ਦੇਹਾਂਤ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਸੀ ਉੱਘੇ ਬਿਜਨਿਸਮੈਨ ਸ: ਹਰਵੀਰ ਸਿੰਘ ਰਣਦੇਵ (ਲਗਯੂਰੀਆ ਹੋਮਜ਼) ਅਤੇ ਮਾਈਕ ਰਣਦੇਵ (ਫਿਕਸ ਆਟੋ) ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਬੀਤੇ ਦਿਨੀ ਉਹਨਾਂ ਦੇ ਵੱਡੇ ਭਰਾ ਰਛਪਾਲ ਸਿੰਘ ਰਣਦੇਵ 88 ਸਾਲ ਦੀ ਉਮਰ ਵਿੱਚ ਕਨੇਡਾ ਦੇ ਹੀ ਸਹਿਰ ਟਰਾਂਟੋ ਵਿਖੇ ਅਕਾਲ ਚਲਾਣਾ ਕਰ ਗਏ। ਸਵ: ਰਛਪਾਲ ਸਿੰਘ ਰਣਦੇਵ 1960 ਵਿੱਚ ਕਨੇਡਾ ਆਏ ਸਨ । ਉਸ ਵੇਲੇ ਉਹਨਾਂ ਨੂੰ ਉਹਨਾਂ ਦੀ ਵੱਡੀ ਭੈਣ ਪੁਸ਼ਪਾ ਹੈਰੀ ਜੋ ਕਿ ਕੈਲਗਰੀ ਵਿਖੇ ਆਉਣ ਵਾਲੇ ਪਹਿਲੇ ਪੰਜਾਬੀਆਂ ਵਿੱਚੋਂ ਇੱਕ ਸਨ,ਉਹਨਾਂ ਨੇ ਬੁਲਾਇਆ ਸੀ। ਆਪਣੇ ਛੋਟੇ ਭਰਾਵਾਂ ਸ: ਹਰਵੀਰ ਸਿੰਘ ਰਣਦੇਵ, ਜਗਤਾਰ ਸਿੰਘ ਰਣਦੇਵ ਅਤੇ ਬਲਵੀਰ ਸਿੰਘ ਰਣਦੇਵ (ਮਾਈਕ ਰਣਦੇਵ) ਨੂੰ ਉਹਨਾਂ ਨੇ ਹੀ ਕਨੇਡਾ ਵਿੱਚ ਸੱਦਿਆ ਸੀ। ਰਣਦੇਵ ਭਰਾਵਾਂ ਵਿੱਚੋਂ ਜਗਤਾਰ ਸਿੰਘ ਰਣਦੇਵ ਜਿਹਨਾਂ ਨੂੰ ਆਮ ਤੌਰ ਤੇ ਜੱਗੇ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ, ਬੀਤੇ ਸਾਲ ਉਹਨਾਂ ਦੀ ਵੀ ਬੇਵਕਤੀ ਮੌਤ ਹੋ ਗਈ ਸੀ। ਰਣਦੇਵ ਭਰਾਵਾਂ ਦੀ ਇੱਕ ਭੈਣ ਕੁਲਵਿੰਦਰ ਕੌਰ ਗਰੇਵਾਲ ਜੋ ਸਰਾਭਾ ਵਿਖੇ ਵਿਆਹੀ ਹੈ। ਉਹ ਇਸ ਵੇਲੇ ਐਬਸਫੋਰਡ ਰਹਿੰਦੇ ਹਨ। ਸਵਰਗੀ ਰਛਪਾਲ ਸਿੰਘ ਰਣਦੇਵ ਦੀ ਮੌਤ ਉੱਪਰ ਰਣਦੇਵ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਕੈਲਗਰੀ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਦਵਿੰਦਰ ਸ਼ੋਰੀ, ਐਮ ਪੀ ਜੌਰਜ ਚਾਹਲ, ਐਮ ਪੀ ਜਸਰਾਜ ਸਿੰਘ ਹੱਲਣ, ਐਮ ਐਲ ਏ ਦਵਿੰਦਰ ਤੂਰ,ਐਮ ਐਲ ਏ ਇਰਫਾਨ ਸਾਬੀਰ, ਅਲਬਰਟਾ ਸਰਕਾਰ ਦੀ ਮੰਤਰੀ ਰਾਜਨ ਸਾਹਨੀ ,ਪੰਜਾਬ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ,ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਅਤੇ ਕੈਲਗਰੀ ਸਹਿਰ ਦੀਆਂ ਹੋਰ ਬਹੁਤ ਸਾਰੀਆਂ ਉੱਘੀਆਂ ਸ਼ਖਸੀਅਤਾਂ ਦੇ ਨਾਂ ਸਾਮਿਲ ਹਨ । ਅਦਾਰਾ ਪੰਜਾਬੀ ਅਖ਼ਬਾਰ ਵੀ ਇਸ ਦੂਖਦਾਈ ਘੜੀ ਵਿੱਚ ਰਣਦੇਵ ਭਰਾਵਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ।

















# ਕੈਲਗਰੀ ਵਿਖੇ ਮਹਿਫਿਲ-ਏ-ਮੰਗਲ ਹਠੂਰ,ਮੰਗਲਮਈ ਹੋ ਨਿੱਬੜੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 10 ਜਨਵਰੀ 2023 ਦੀ ਰਾਤ ਨੂੰ ਰਾਜਪਾਲ ਪਾਲ ਸਿੱਧੂ ਦੇ ਗਲਾਸੀ ਜੰਕਸ਼ਨ ਕੈਲਗਰੀ ਵਿਖੇ ਡੀਵਾਈਨ ਕਸਟਮ ਹੋਮਜ਼ ਵਾਲੇ ਰਾਮਪਾਲ ਸੋਹੀ ਅਤੇ ਵੀਰਪਾਲ ਸੋਹੀ ਭਰਾਵਾਂ ਦੇ ਸੱਦੇ ਉੱਪਰ ਮਹਿਫਿਲ-ਏ-ਮੰਗਲ ਹਠੂਰ,ਮੰਗਲਮਈ ਹੋ ਨਿੱਬੜੀ। ਰੇਡੀਓ ਰੈਡ ਐਫ ਐਮ ਕੈਲਗਰੀ ਦੇ ਹੋਸਟ ਰਿਸ਼ੀ ਨਾਗਰ ਨੇ ਮੰਚ ਸੰਚਾਲਨ ਕੀਤਾ। ਪੰਜਾਬੀ ਅਖ਼ਬਾਰ ਤੋਂ ਹਰਬੰਸ ਬੁੱਟਰ ਨੇ ਮੰਗਲ ਹਠੂਰ ਨੂੰ ਜੀ ਆਇਆਂ ਆਖਦਿਆਂ ਸੋਹੀ ਭਰਾਵਾਂ ਅਤੇ ਮੰਗਲ ਹਠੂਰ ਦੀ ਸਾਂਝ ਦੀ ਸਾਂਝ ਪਾਈ। ਬਲਜਿੰਦਰ ਢਿੱਲੋਂ ਨੇ ਬੋਲੀਆਂ ਪਾਕੇ ਰੰਗ ਬੰਨ ਦਿੱਤਾ। ਅਮਨਪ੍ਰੀਤ ਗੱਲ ਹੋਰਾਂ ਕੋਵਿਡ ਦੌਰਾਨ ਪੰਜਾਬੀ ਭਾਈਚਾਰੇ ਦੇ ਯੋਗਦਾਨ ਦਾ ਜ਼ਿਕਰ ਕੀਤਾ। ਮੰਗਲ ਹਠੁਰ ਨੇ ਮਾਂ ਦਾ ਰਿਸ਼ਤਾ, ਜਿਗਰੇ, ਕੰਡਿਆਂ ਦਾ ਕੀ ਦੋਸ਼,ਪਿੰਡ ਦਾ ਸੁਪਨਾ, ਵਰਗੇ ਨਵੇਂ ਪੁਰਾਣੇ ਗੀਤਾਂ ਨਾਲ ਹਾਜਰੀਨ ਨੂੰ ਦੋ ਘੰਟੇ ਕੀਲੀ ਰੱਖਿਆ। ਅੱਜ ਦੇ ਇਸ ਪ੍ਰੋਗਰਾਮ ਵਿੱਚ ਮੈਂਬਰਪਾਰਲੀਮੈਂਟ ਜੌਰਜ ਚਾਹਲ,ਨਵੀ ਸੰਧਾ,ਫਿਕਸ ਆਟੋ ਵਾਲੇ ਮਾਈਕ ਰਣਦੇਵ, ਚਾਰਲੀ ਸੰਘਾ, ਕੁਲਦੀਪ ਸਿੱਧੂ,ਬੱਬੀ ਬਰਾੜ, ਡਾਕਟਰ ਜਸਵੀਰ ਮੁੰਡੀ, ਰਣਬੀਰ ਗਿੱਲ, ਰਣਧੀਰ ਗਿੱਲ, ਜੁਗਰਾਜ ਸਿੰਘ ਮਾਹਲਾ,ਨਵੀ ਅੱਚਰਵਾਲ, ਰਣਧੀਰ ਬਾਸੀ,ਦੇਵ ਸੰਘਾ,ਗੁਰਜੀਤ ਸਿੱਧੂ,ਪੰਜਾਬੀ ਅਖ਼ਬਾਰ ਤੋਂ ਸੁਖਜਿੰਦਰ ਸਮਰਾ,ਪਰਾਈਮ ਏਸ਼ੀਆ ਟੀ ਵੀ ਤੋਂ ਅਵਨੀਤ ਸਿੰਘ ਤੇਜਾ, ਵੀਡੀਉ ਡਾਇਰੈਕਟਰ ਰਘਬੀਰ ਢੁੱਡੀਕੇ ਅਤੇ ਸ਼ਹਿਰ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।




ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat 18 Jan, 2023
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions • Makeup
• Eye brow/Eyelash Tinting • Hair styling
• Eyelash Lift up • Manicure/Pedicure
• Waxing • Facials • Microdermabrasion
• Threading • Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
'Your Local Insurance Advisor'
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਨਾ ਬਰਾਬਰੀ ਵਾਲੇ ਪ੍ਰਬੰਧ 'ਤੇ ਪ੍ਰਸ਼ਨ ਚਿੰਨ੍ਹ ਜ਼ਰੂਰ ਲੱਗਦਾ ਹੈ।

- ਡੇਵ ਰੈਚਰਟ

# ਪ੍ਰਵਾਸੀ ਭਾਰਤੀਆਂ ਦੇ ਸਨਮਾਨ ਵਿੱਚ

ਲੋਕਾਂ ਦਾ ਆਪਣੇ ਦੇਸ਼, ਆਪਣੀ ਧਰਤੀ ਨਾਲ ਕੁਦਰਤੀ ਲਗਾਓ ਹੁੰਦਾ ਹੈ, ਭਾਵੇਂ ਉਹ ਪੀੜ੍ਹੀਆਂ ਪਹਿਲਾਂ ਕਿਤੇ ਹੋਰ ਵਸ ਗਏ ਹੋਣ। ਹਰ ਦੇਸ਼ ਆਪਣੇ ਪ੍ਰਵਾਸੀਆਂ ਨਾਲ ਵੀ ਰਿਸ਼ਤਾ ਕਾਇਮ ਰੱਖਦਾ ਹੈ। ਇਸ ਕਾਰਨ ਭਾਰਤ ਵਿੱਚ ਪ੍ਰਵਾਸੀ ਦਿਵਸ ਦੀ ਸ਼ੁਰੂਆਤ ਹੋਈ, ਜਿਸ ਵਿੱਚ ਹਰ ਸਾਲ ਦੂਜੇ ਦੇਸ਼ਾਂ ਵਿੱਚ ਵਸਦੇ ਭਾਰਤੀ ਮੂਲ ਦੇ ਲੋਕ ਕੁੱਝ ਦਿਨਾਂ ਲਈ ਇੱਥੇ ਆਉਂਦੇ ਹਨ। ਇਹ ਸਿਰਫ਼ ਸੈਰ-ਸਪਾਟੇ ਦਾ ਮੌਕਾ ਨਹੀਂ ਹੈ, ਸਗੋਂ ਇਹ ਉਨ੍ਹਾਂ ਲਈ ਆਪਣੇ ਦੇਸ਼ ਲਈ ਕੁੱਝ ਕਰਨ ਦਾ ਮੌਕਾ ਵੀ ਹੈ। ਦਰਅਸਲ, ਪ੍ਰਵਾਸੀ ਸੰਮੇਲਨ ਇਸ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ ਕਿ ਦੂਜੇ ਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕ ਇੱਥੇ ਆ ਕੇ ਨਿਵੇਸ਼ ਦੇ ਮੌਕੇ ਲੱਭ ਸਕਣ। ਇੰਦੌਰ ਵਿੱਚ 17ਵੇਂ ਪ੍ਰਵਾਸੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਇੱਕ ਵਾਰ ਫਿਰ ਇਸ ਲੋੜ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਦੂਜੇ ਦੇਸ਼ਾਂ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਲੋਕਾਂ ਨੂੰ ਵਿਦੇਸ਼ੀ ਧਰਤੀ ਉੱਤੇ ਭਾਰਤ ਦੇ 'ਬ੍ਰਾਂਡ ਅੰਬੈਸਡਰ' ਕਿਹਾ। ਇਸ ਕਾਨਫਰੰਸ ਵਿੱਚ ਸੱਤਰ ਦੇਸ਼ਾਂ ਦੇ ਸਾਢੇ ਤਿੰਨ ਹਜ਼ਾਰ ਵਿਦੇਸ਼ੀ ਭਾਰਤੀ ਹਿੱਸਾ ਲੈ ਰਹੇ ਹਨ। ਪ੍ਰਧਾਨ ਮੰਤਰੀ ਦੇ ਸੰਬੋਧਨ ਤੋਂ ਪਹਿਲਾਂ, ਵਿਦੇਸ਼ ਮੰਤਰੀ ਨੇ ਸੰਮੇਲਨ ਨੂੰ ਭਾਰਤੀ ਡਾਇਸਪੋਰਾ ਲਈ ਆਪਣੇ ਸਬੰਧਾਂ ਨੂੰ ਨਵਿਆਉਣ, ਊਰਜਾਵਾਨ ਬਣਾਉਣ ਅਤੇ ਨਵੇਂ ਪਹਿਲੂ ਜੋੜਨ ਦੇ ਮੌਕੇ ਵੱਜੋਂ ਉਜਾਗਰ ਕੀਤਾ। ਇਸ ਸਾਲ ਦੇ ਪ੍ਰਵਾਸੀ ਭਾਰਤੀ ਸੰਮੇਲਨ ਦਾ ਮਹੱਤਵ ਇਸ ਲਈ ਵੀ ਹੈ ਕਿਉਂਕਿ ਭਾਰਤ ਇਸ ਸਾਲ ਜੀ-20 ਸਮੂਹ ਦੀ ਪ੍ਰਧਾਨਗੀ ਕਰ ਰਿਹਾ ਹੈ ਅਤੇ ਇੱਥੇ ਨਿਵੇਸ਼ ਦੇ ਕਈ ਨਵੇਂ ਮੌਕੇ ਖੁੱਲ੍ਹੇ ਹਨ। ਭਾਰਤ ਦੁਨੀਆ ਦੀ ਪੰਜਵੀਂ ਅਰਥਵਿਵਸਥਾ ਬਣ ਗਿਆ ਹੈ। ਪੂਰੀ ਦੁਨੀਆ ਹੁਣ ਭਾਰਤ ਵੱਲ ਦੇਖ ਰਹੀ ਹੈ। ਕਈ ਅਜਿਹੇ ਮੌਕੇ ਆਏ ਜਦੋਂ ਦੁਨੀਆ ਦੇ ਅਖੌਤੀ ਵਿਕਸਤ ਦੇਸ਼ਾਂ ਨੇ ਵੀ ਭਾਰਤ ਨੂੰ ਅਹਿਮੀਅਤ ਦਿੱਤੀ। ਕੋਰੋਨਾ ਦੇ ਸਮੇਂ ਭਾਰਤ ਨੇ ਨਾ ਸਿਰਫ ਆਪਣੇ ਦਮ 'ਤੇ ਟੀਕੇ ਬਣਾਏ, ਬਲਕਿ ਦੁਨੀਆ ਦੇ ਅਖੌਤੀ ਉੱਨਤ ਦੇਸ਼ਾਂ ਦੇ ਮੁਕਾਬਲੇ ਤੇਜ਼ੀ ਨਾਲ ਅਤੇ ਵੱਡੀ ਗਿਣਤੀ ਵਿੱਚ ਟੀਕੇ ਲਗਾਉਣ ਵਿੱਚ ਵੀ ਸਫਲਤਾ ਪ੍ਰਾਪਤ ਕੀਤੀ। ਅਰਿਹੰਤ ਵਰਗਾ ਸਵਦੇਸ਼ੀ ਜਹਾਜ਼ ਸੈਟੇਲਾਈਟ ਲਾਂਚ ਦੇ ਮਾਮਲੇ ਵਿੱਚ ਮੁਕਾਬਲੇਬਾਜ਼ੀ ਵਿੱਚ ਅੱਗੇ ਵਧ ਰਿਹਾ ਹੈ। ਇਸ ਤਰ੍ਹਾਂ ਭਾਰਤ ਤੋਂ ਦੂਜੇ ਦੇਸ਼ਾਂ ਵਿੱਚ ਕਾਰੋਬਾਰ ਕਰਨ ਵਾਲੇ ਲੋਕਾਂ ਲਈ ਭਾਰਤ ਪ੍ਰਤੀ ਖਿੱਚ ਦੇ ਕੁਦਰਤੀ ਕਾਰਨ ਹਨ। ਇਸ ਸਮੇਂ ਜਿਸ ਤਰ੍ਹਾਂ ਪੂਰੀ ਦੁਨੀਆ ਮੰਦੀ ਦੇ ਡਰ ਨਾਲ ਜੂਝ ਰਹੀ ਹੈ ਅਤੇ ਕਾਰੋਬਾਰ 'ਚ ਸੁਸਤੀ ਹੈ, ਕਈ ਦੇਸ਼ ਆਪਣੇ ਲਈ ਨਵੇਂ ਬਾਜ਼ਾਰ ਦੀ ਤਲਾਸ਼ 'ਚ ਹਨ। ਅਜਿਹੇ 'ਚ ਨਿਵੇਸ਼ ਦੇ ਨਜ਼ਰੀਏ ਤੋਂ ਭਾਰਤ ਬਿਹਤਰ ਸਥਾਨ ਸਾਬਤ ਹੋ ਸਕਦਾ ਹੈ। ਇਸ ਲਈ ਇਹ ਉਮੀਦ ਕਰਨੀ ਸੁਭਾਵਿਕ ਹੈ ਕਿ ਇਸ ਸਾਲ ਦਾ ਪ੍ਰਵਾਸੀ ਸੰਮੇਲਨ ਭਾਰਤੀ ਮੂਲ ਦੇ ਲੋਕਾਂ ਨੂੰ ਇੱਥੇ ਕਾਰੋਬਾਰ ਦੇ ਨਵੇਂ ਮੌਕਿਆਂ ਦੀ ਖੋਜ ਕਰਨ ਵਿੱਚ ਮੱਦਦ ਕਰੇਗਾ। ਕੇਂਦਰ ਸਰਕਾਰ ਨੇ ਸਟਾਰਟਅੱਪ ਅਤੇ ਮੇਕ ਇਨ ਇੰਡੀਆ ਸਕੀਮਾਂ ਤਹਿਤ ਲੱਖਾਂ ਨੌਜਵਾਨਾਂ ਲਈ ਨਵੀਆਂ ਕਾਢਾਂ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ। ਇਸ ਤਰ੍ਹਾਂ ਇੱਥੇ ਵਪਾਰਕ ਮਾਹੌਲ ਪੈਦਾ ਹੋ ਗਿਆ ਹੈ। ਵਿਦੇਸ਼ੀ ਕੰਪਨੀਆਂ ਲਈ ਨਿਯਮਾਂ ਅਤੇ ਸ਼ਰਤਾਂ ਨੂੰ ਕਾਫ਼ੀ ਲਚਕਦਾਰ ਬਣਾਇਆ ਗਿਆ ਹੈ। ਹੁਣ ਤਾਂ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਵੀ ਇੱਥੇ ਆਪਣਾ ਕੈਂਪਸ ਖੋਲ੍ਹਣ ਦਾ ਮਾਣ ਦਿੱਤਾ ਗਿਆ ਹੈ। ਅਜਿਹੀ ਸਥਿਤੀ ਵਿੱਚ ਵਿਦੇਸ਼ੀ ਭਾਰਤੀ ਕਾਰੋਬਾਰੀਆਂ ਲਈ ਇੱਕ ਅਨੁਕੂਲ ਵਪਾਰਕ ਮਾਹੌਲ ਉਪਲੱਬਧ ਹੈ। ਕਾਰੋਬਾਰ ਲਈ ਸਭ ਤੋਂ ਮਹੱਤਵਪੂਰਨ ਚੀਜ਼ ਵਪਾਰਕ ਮਾਹੌਲ ਅਤੇ ਮਾਰਕੀਟ ਹੈ। ਇਹ ਦੋਵੇਂ ਚੀਜ਼ਾਂ ਇਸ ਸਮੇਂ ਉਪਲੱਬਧ ਹਨ। ਜੇਕਰ ਪ੍ਰਵਾਸੀ ਭਾਰਤੀ ਭਾਰਤ ਵਿੱਚ ਨਿਵੇਸ਼ ਕਰਨ ਲਈ ਅੱਗੇ ਵਧਦੇ ਹਨ, ਤਾਂ ਨਾ ਸਿਰਫ਼ ਇੱਥੇ ਕੁੱਝ ਨਵੇਂ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ, ਸਗੋਂ ਨਿਰਯਾਤ ਵਿੱਚ ਵੀ ਤੇਜ਼ੀ ਆਉਣ ਦੀ ਉਮੀਦ ਕੀਤੀ ਜਾ ਸਕਦੀ ਹੈ। ਬਿਨਾਂ ਸ਼ੱਕ ਇਸ ਵਾਰ ਦੇ ਪ੍ਰਵਾਸੀ ਸੰਮੇਲਨ ਤੋਂ ਬਿਹਤਰ ਨਤੀਜਿਆਂ ਦੀ ਆਸ ਹੈ।

ਸੁਖਜਿੰਦਰ ਸਮਰਾ
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਅਰਾਜਕਤਾ ਵੱਲ ਵਧਦਾ ਜਾ ਰਿਹਾ ਹੈ ਰੰਗਲਾ ਪੰਜਾਬ

ਗੁਰਮੀਤ ਸਿੰਘ ਪਲਾਹੀ
-9815802070



ਪੰਜਾਬ ਦੀ ਮੌਜੂਦਾ ਸਰਕਾਰ ਚੁਫੇਰਿਓਂ ਘਿਰੀ ਨਜ਼ਰ ਆ ਰਹੀ ਹੈ। ਇਕ ਪਾਸੇ ਸਰਕਾਰ, ਸਰਕਾਰ ਨਾਲ ਭਿੜ ਰਹੀ ਹੈ, ਦੂਜੇ ਪਾਸੇ ਸੜਕਾਂ 'ਤੇ ਬੈਠੇ ਕਰਮਚਾਰੀ, ਬੇਰੁਜ਼ਗਾਰ ਨੌਜਵਾਨ, ਕਿਸਾਨ, ਮਜ਼ਦੂਰ ਸਰਕਾਰ ਨੂੰ ਆਪਣੇ ਵਾਇਦੇ ਯਾਦ ਕਰਾ ਰਹੇ ਹਨ। ਜਨਵਰੀ 2023 ਦੇ ਮਹੀਨੇ ਸ਼ਾਇਦ ਕੋਈ ਵੀ ਦਿਨ "ਮਾਨ ਸਰਕਾਰ" ਲਈ ਸੁੱਖ ਦਾ ਨਹੀਂ ਚੜ੍ਹਿਆ।

ਇਹਨਾ ਦਿਨਾਂ 'ਚ ਕੇਂਦਰ ਦੀ ਸਰਕਾਰ, ਹਰਿਆਣਾ ਨਾਲ ਰਲਕੇ ਪੰਜਾਬ ਦੇ ਪਾਣੀਆਂ ਉਤੇ ਡਾਕਾ ਮਾਰਨ ਦੇ ਰੌਅ 'ਚ ਦਿਸੀ। ਵਿਜੀਲੈਂਸ ਪੰਜਾਬ ਦੇ ਛਾਪਿਆਂ ਤੋਂ ਪ੍ਰੇਸ਼ਾਨ ਪੰਜਾਬ ਦੇ ਪੀ.ਸੀ.ਐਸ. ਅਫ਼ਸਰ ਹਫ਼ਤੇ ਦੀ ਛੁੱਟੀ 'ਤੇ ਚਲੇ ਗਏ। ਪੰਜਾਬ ਦੇ ਆਈ.ਏ.ਐਸ. ਅਫ਼ਸਰ ਆਪਣੀ ਇੱਕ ਸਾਥੀ ਉਤੇ ਵਿਜੀਲੈਂਸ ਸ਼ਿਕੰਜੇ ਤੋਂ ਗੁਸਾਏ "ਆਪ ਸਿਆਸੀ ਸਰਕਾਰ" ਨਾਲ ਟਕਰਾਅ 'ਚ ਆ ਗਏ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦਾ ਅਮਲਾ, ਪੀ.ਸੀ.ਐਸ., ਆਈ.ਏ.ਐਸ. ਅਫ਼ਸਰਾਂ ਦੀ ਹਮਾਇਤ 'ਤੇ ਤਾਂ ਆਇਆ ਹੀ, ਸੂਬੇ ਦੇ ਮਾਲ ਅਧਿਕਾਰੀਆਂ ਨੇ ਵੀ ਆਪਣੇ ਉਪਰਲੇ ਅਫ਼ਸਰਾਂ ਦੀ ਹਾਮੀ ਭਰ ਦਿੱਤੀ। ਪੰਜਾਬ ਦੇ ਦਫ਼ਤਰ ਬੰਦ ਹੋ ਗਏ। ਲੋਕ ਪ੍ਰੇਸ਼ਾਨ ਹੋ ਗਏ।

ਆਪ ਸਰਕਾਰ ਵਲੋਂ ਰੇਡੀਓ, ਟੀ.ਵੀ., ਅਖ਼ਬਾਰਾਂ 'ਚ ਆਪਣੇ ਵਲੋਂ ਕੀਤੇ ਜਾ ਰਹੇ ਕੰਮਾਂ ਦਾ ਵੇਰਵਾ ਲਗਾਤਾਰ ਪ੍ਰਸਾਰਿਤ ਕਰਵਾਇਆ ਜਾ ਰਿਹਾ ਹੈ। ਸਰਕਾਰ ਅਤੇ ਅਫ਼ਸਰਸ਼ਾਹੀ 'ਚ ਇਹ ਟਕਰਾਅ ਇੰਨਾ ਵੱਧ ਚੁੱਕਾ ਹੈ ਕਿ ਅੱਜ ਸੂਬੇ ਵਿੱਚ ਸਰਕਾਰ ਕੋਲ ਇੱਕ ਵੀ ਡਿਊਟੀ ਮੈਜਿਸਟ੍ਰੇਟ ਨਹੀਂ ਹੈ ਜੋ ਸੂਬੇ 'ਚ ਅਮਨ, ਕਾਨੂੰਨ ਦੀ ਸਥਿਤੀ ਨਾਲ ਨਿਪਟਣ ਲਈ ਡਿਊਟੀ 'ਤੇ ਰਹੇ ਜਦਕਿ ਪੰਜਾਬ 'ਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਦੀ ਸ਼ੁਰੂਆਤ ਹੋ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ 11 ਜਨਵਰੀ 2023 ਨੂੰ 2 ਵਜੇ ਤੱਕ ਛੁੱਟੀ 'ਤੇ ਗਏ ਪੀ.ਸੀ.ਐਸ. ਅਧਿਕਾਰੀਆਂ ਨੂੰ ਵਾਪਿਸ ਡਿਊਟੀ ਸੰਭਾਲਣ ਲਈ ਕਿਹਾ ਹੈ ਅਤੇ ਚਿਤਾਵਨੀ ਦਿੱਤੀ ਕਿ ਜਿਹੜੇ ਡਿਊਟੀ ਨਹੀਂ ਸੰਭਾਲਣਗੇ ਬਰਖ਼ਾਸਤ ਕਰ ਦਿੱਤੇ ਜਾਣਗੇ। ਪੀ.ਸੀ.ਐਸ. ਅਫ਼ਸਰਾਂ ਨੇ ਹੜਤਾਲ ਵਾਪਿਸ ਲੈ ਲਈ।

ਆਖ਼ਰ ਟਕਰਾਅ ਦਾ ਮੁੱਦਾ ਕੀ ਹੈ? ਸਰਕਾਰ ਤੇ ਅਫ਼ਸਰਸ਼ਾਹੀ ਦਰਮਿਆਨ ਵਿਜੀਲੈਂਸ ਕੇਸਾਂ ਨੂੰ ਲੈ ਕੇ ਟਕਰਾਅ ਹੈ। ਪੰਜਾਬ ਵਿੱਚ ਵਿਜੀਲੈਂਸ ਦੀ ਕਾਰਜ਼ਸ਼ੈਲੀ ਨੂੰ ਲੈਕੇ ਪੰਜਾਬ ਦੀ ਸਮੁੱਚੀ ਅਫ਼ਸਰਸ਼ਾਹੀ ਪ੍ਰੇਸ਼ਾਨ ਹੈ। ਅਫ਼ਸਰਸ਼ਾਹੀ ਦਾ ਕਹਿਣਾ ਹੈ ਜੇਕਰ ਕਿਸੇ ਅਫ਼ਸਰ ਵਿਰੁੱਧ ਭ੍ਰਿਸ਼ਟਾਚਾਰ ਵਿਰੋਧੀ ਕੋਈ ਕਾਰਵਾਈ ਕਰਨੀ ਹੈ ਤਾਂ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀ ਧਾਰਾ-17 ਏ ਅਨੁਸਾਰ ਸਰਕਾਰ ਦੀ ਮਨਜ਼ੂਰੀ ਵਿਜੀਲੈਂਸ ਨੂੰ ਮੁੱਖ ਮੰਤਰੀ ਤੋਂ ਲੈਣੀ ਚਾਹੀਦੀ ਹੈ ਜਦਕਿ ਵਿਜੀਲੈਂਸ ਦਾ ਕਹਿਣਾ ਹੈ ਕਿ ਭ੍ਰਿਸ਼ਾਟਚਾਰ ਅਤੇ ਧੋਖਾਧੜੀ ਦੇ ਮਾਮਲਿਆਂ 'ਚ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ-17 ਏ ਤਹਿਤ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ।

ਇਥੇ ਇਹ ਗੱਲ ਦਸਣੀ ਬਣਦੀ ਹੈ ਕਿ ਵਿਜੀਲੈਂਸ ਨੇ ਜੂਨ 20, 2022 'ਚ ਆਈ.ਏ.ਐਸ. ਅਧਿਕਾਰੀ ਸੰਜੇ ਪੋਪਲੀ ਨੂੰ ਗ੍ਰਿਫ਼ਤਾਰ ਕੀਤਾ ਸੀ। ਵਿਜੀਲੈਂਸ ਵਲੋਂ ਪੋਪਲੀ ਦੀ ਗ੍ਰਿਫ਼ਤਾਰੀ ਮੌਕੇ ਵੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ-17 ਏ ਤਹਿਤ ਸੀ.ਐਮ. ਤੋਂ ਮਨਜ਼ੂਰੀ ਨਹੀਂ ਮੰਗੀ ਗਈ ਸੀ ਹਾਲਾਂਕਿ ਸੀ.ਐਮ. ਕੋਲ ਗ੍ਰਹਿ ਵਿਭਾਗ ਹੈ ਅਤੇ ਚੀਫ਼ ਸੈਕਟਰੀ ਵਿਜੀਲੈਂਸ ਦਾ ਮੁੱਖੀ ਵੀ ਹੈ।

ਮੌਜੂਦਾ ਵਿਜੀਲੈਂਸ ਕੇਸ ਆਈ.ਏ.ਐਸ. ਅਧਿਕਾਰੀ ਨੀਲਿਮਾ ਖ਼ਿਲਾਫ਼ ਹੈ, ਜਿਹਨਾ ਦੇ ਪਤੀ ਅਮਿਤ ਕੁਮਾਰ ਵੀ ਆਈ.ਏ.ਐਸ.ਅਫ਼ਸਰ ਹਨ। ਇਹ ਕੇਸ ਸਾਬਕਾ ਕਾਂਗਰਸੀ ਮੰਤਰੀ ਤੇ ਮੌਜੂਦਾ ਭਾਜਪਾ ਨੇਤਾ ਸ਼ਾਮ ਸੁੰਦਰ ਅਰੋੜਾ ਨਾਲ ਸਬੰਧਤ ਹੈ, ਜੋ ਕਿ ਇਸ ਸਮੇਂ ਜੇਲ੍ਹ 'ਚ ਹੈ। ਦੂਜਾ ਕੇਸ ਪੀ.ਸੀ.ਐਸ. ਅਧਿਕਾਰੀ ਨਰਿੰਦਰ ਸਿੰਘ ਧਾਲੀਵਾਲ ਉਤੇ ਹੈ, ਜੋ ਕਿ ਰਿਜ਼ਨਲ ਟਰਾਂਸਪੋਰਟ ਅਧਿਕਾਰੀ ਲੁਧਿਆਣਾ ਹੈ। ਉਹਨਾ ਵਿਰੁੱਧ ਦੋਸ਼ ਹੈ ਕਿ ਉਹਨਾ ਨੇ ਆਮਦਨ ਤੋਂ ਵੱਧ ਵੱਡੀ ਜਾਇਦਾਦ ਬਣਾਈ ਹੋਈ ਹੈ।

ਆਪ ਸਰਕਾਰ ਅਤੇ ਅਫ਼ਸਰਸ਼ਾਹੀ ਦਾ ਆਪਸੀ ਟਕਰਾਅ ਨਵਾਂ ਨਹੀਂ ਹੈ। ਜਦੋਂ ਤੋਂ ਆਪ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਹੀ ਅਫ਼ਸਰਸ਼ਾਹੀ 'ਤੇ ਦੋਸ਼ ਲਗਦੇ ਰਹੇ ਹਨ ਕਿ ਉਹ ਨਵੇਂ ਹਾਕਮਾਂ ਦੀ ਗੱਲ ਨਹੀਂ ਸੁਣਦੇ ਅਤੇ ਆਪਣੇ ਪੁਰਾਣੇ ਆਕਾਵਾਂ ਕਾਂਗਰਸ , ਭਾਜਪਾ, ਅਕਾਲੀ ਦਲ ਵਿਚਲੇ ਸਿਆਸਤਦਾਨਾਂ ਦੀ ਵੱਧ ਮੰਨਦੇ ਹਨ। ਸਰਕਾਰ ਵਲੋਂ ਕੀਤੇ ਗਏ ਕਈ ਫ਼ੈਸਲੇ ਜਿਹੜੇ ਕਿ ਅਫ਼ਸਰਸ਼ਾਹੀ ਵਲੋਂ ਪੁਣ-ਛਾਣ ਕੇ ਕੀਤੇ ਜਾਣੇ ਹੁੰਦੇ ਹਨ ਅਤੇ ਸਮੇਂ ਸਿਰ ਕੀਤੇ ਜਾਣ ਦੀ ਲੋੜ ਹੁੰਦੀ ਹੈ, ਉਸ ਸਬੰਧੀ ਵੀ ਅਫ਼ਸਰਸ਼ਾਹੀ ਵਲੋਂ ਲੇਟ ਲਤੀਫ਼ ਕੀਤੇ ਜਾਣ ਦਾ ਸਰਕਾਰੀ ਧਿਰ ਵਲੋਂ ਦੋਸ਼ ਹੈ। ਪਰ ਦੂਜੇ ਪਾਸੇ ਪੰਜਾਬ ਦੀ ਅਫ਼ਸਰਸ਼ਾਹੀ ਇਹ ਗੱਲ ਲਗਾਤਾਰ ਕਹਿੰਦੀ ਹੈ, ਭਾਵੇਂ ਦੱਬੀ ਘੁੱਟੀ ਜਬਾਨ 'ਚ ਹੀ ਕਿ ਪੰਜਾਬ ਦੀ ਸਰਕਾਰ ਪੰਜਾਬ ਤੋਂ ਨਹੀਂ, ਕਿਧਰੇ ਬਾਹਰੋਂ ਚਲਦੀ ਹੈ ਅਤੇ ਉਹ ਦੋਸ਼ ਲਾਉਂਦੇ ਹਨ ਕਿ ਸਾਨੂੰ ਤਾਂ ਕੀਤੇ ਕਰਾਏ ਫ਼ੈਸਲੇ ਉਪਰੋਂ ਨੋਟੀਫੀਕੇਸ਼ਨ ਕਰਨ ਲਈ ਆਉਂਦੇ ਹਨ ਤੇ ਸਾਨੂੰ ਤਾਂ ਦਸਤਖ਼ਤ ਕਰਨ ਲਈ ਕਿਹਾ ਜਾਂਦਾ ਹੈ, ਜੋ ਜਾਇਜ਼ ਨਹੀਂ ਹੈ।

ਸੂਬੇ ਦੀ ਆਪ ਸਰਕਾਰ ਜਿਹੜੀ ਸਿੱਧੇ ਤੌਰ 'ਤੇ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਦੀ ਵਚਨ ਬੱਧਤਾ ਨਾਲ ਹੋਂਦ ਵਿੱਚ ਆਈ ਸੀ, ਉਸ ਦੇ ਦੋ ਮੰਤਰੀ ਇਸੇ ਦੋਸ਼ ਵਿਚ ਫਸੇ ਅਤੇ ਵਜ਼ਾਰਤੋਂ ਬਾਹਰ ਕਰਨੇ ਪਏ। ਇਹ ਦੋਵੇਂ ਮੰਤਰੀ ਪੰਜਾਬ ਦੇ ਅਤਿ ਅਹਿਮ ਸਿਹਤ ਮਹਿਕਮੇ ਨਾਲ ਸਬੰਧਤ ਸਨ। ਪਰ ਇਸਦੇ ਨਾਲ ਦੋਸ਼ ਇਹ ਵੀ ਲਗਦਾ ਹੈ ਕਿ 92 ਚੁਣੇ ਹੋਏ ਆਪ ਦੇ ਵਿਧਾਇਕ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਦੂਜੀਆਂ ਪਾਰਟੀਆਂ ਵਿਚੋਂ ਆਮ ਆਦਮੀ ਪਾਰਟੀ 'ਚ ਆਏ ਹਨ, ਬਹੁਤੇ ਇਮਾਨਦਾਰੀ ਦਿੱਖ ਵਾਲੇ ਨਹੀਂ ਹਨ, ਉਹਨਾ ਤੇ ਭ੍ਰਿਸ਼ਟਾਚਾਰ ਦੇ ਧੱਬੇ ਹਨ ਅਤੇ ਕਈਆਂ ਉਤੇ ਫੌਜਦਾਰੀ ਮੁਕੱਦਮੇ ਦਰਜ਼ ਹਨ। ਇਹੋ ਜਿਹੇ ਹਾਲਤਾਂ 'ਚ ਅਫ਼ਸਰਸ਼ਾਹੀ ਤੋਂ ਇਮਾਨਦਾਰੀ ਦੀ ਤਵੱਕੋ ਕਿਵੇਂ ਹੋ ਸਕਦੀ ਹੈ? ਉਹ ਪੰਜਾਬ ਦੀ ਅਫ਼ਸਰਸ਼ਾਹੀ ਜਿਹੜੀ ਕਿ ਤੜਕ-ਭੜਕ ਲਈ ਮਸ਼ਹੂਰ ਹੈ, ਜਿਸਦੇ ਕੁਝ ਅਫ਼ਸਰ ਭੂ-ਮਾਫੀਏ ਨਾਲ ਜੁੜੇ ਰਹੇ ਹਨ, ਜਿਹੜੇ ਸਿਆਸਤਦਾਨਾਂ ਦੀ ਭ੍ਰਿਸ਼ਟਾਚਾਰੀ ਤਿਕੜੀ ਦੇ ਮੈਂਬਰ ਰਹੇ ਹਨ, ਕਿਵੇਂ ਉਸੇ ਰਾਹ ਨਹੀਂ ਚੱਲਣਗੇ, ਜਿਹੜੇ ਰਾਹੀਂ ਉਹਨਾ ਦੇ ਆਕਾ ਤੁਰਦੇ ਹਨ ਜਾਂ ਉਹਨਾ ਨੂੰ ਤੁਰਨ ਲਈ ਮਜ਼ਬੂਰ ਕਰਦੇ ਹਨ।



ਇਸ ਵੇਲੇ ਆਪ ਸਰਕਾਰ ਦਾ ਅਕਸ ਦਾਅ 'ਤੇ ਲਗਿਆ ਹੈ। ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਲੋਕਾਂ 'ਚ ਉਸ ਵਲੋਂ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਉਹ ਕਦਾਚਿੱਤ ਵੀ ਭ੍ਰਿਸ਼ਟਾਚਾਰੀ ਅਫ਼ਸਰਾਂ, ਸਿਆਸਤਦਾਨਾਂ ਨੂੰ ਬਖ਼ਸ਼ਣਗੇ ਨਹੀਂ, ਸਗੋਂ ਲੋਕਾਂ ਦੇ ਗਲਤ ਵਰਤੇ ਪੈਸੇ-ਪੈਸੇ ਦਾ ਹਿਸਾਬ ਲੈਣਗੇ। ਪਰ ਸਵਾਲ ਉਠਾਏ ਜਾ ਰਹੇ ਹਨ ਕਿ ਗੁਜਰਾਤ, ਹਿਮਾਚਲ ਜਾਂ ਦਿੱਲੀ 'ਚ ਪੰਜਾਬ ਦੇ ਲੋਕਾਂ ਦੇ ਟੈਕਸਾਂ ਨਾਲ ਉਗਰਾਹੇ ਗਏ ਪੈਸਿਆਂ ਨਾਲ ਪੰਜਾਬ ਦੇ ਪ੍ਰਾਜੈਕਟਾਂ, ਕੀਤੇ ਕੰਮਾਂ, ਜਿਹਨਾ 'ਚ 25,000 ਨੌਕਰੀਆਂ ਦੇਣਾ, ਮੁਫ਼ਤ ਬਿਜਲੀ ਦੀ ਸਹੂਲਤ ਆਦਿ ਆਦਿ ਸ਼ਾਮਲ ਹਨ, ਦੇ ਇਸ਼ਤਿਹਾਰ ਚੋਣਾਂ ਦੌਰਾਨ ਬਾਹਰਲੇ ਸੂਬਿਆਂ 'ਚ ਕਿਉਂ ਛਪਵਾਏ ਗਏ? ਥੋੜ੍ਹੇ ਜਿਹੇ, ਮਾੜੇ ਮੋਟੇ ਕੀਤੇ ਜਾ ਰਹੇ ਕੰਮਾਂ ਉਦਾਹਰਨ ਵਜੋਂ ਸਕੂਲਾਂ 'ਚ ਮਾਪਿਆਂ 'ਤੇ ਟੀਚਰਾ ਦੀ ਮੀਟਿੰਗ ਨੂੰ ਰੇਡੀਓ, ਟੀ.ਵੀ., ਅਖ਼ਬਾਰਾਂ 'ਚ ਇਵੇਂ ਕਿਉਂ ਪ੍ਰਚਾਰਿਆ ਗਿਆ ਜਿਵੇਂ ਇਹ ਇੱਕ ਨਿਵੇਕਲਾ ਕੰਮ ਹੋਵੇ? ਹਰ ਮਹੀਨੇ ਲਗਾਤਾਰ ਸਕੂਲਾਂ 'ਚ ਟੀਚਰ ਰਿਟਾਇਰ ਹੋ ਰਹੇ ਹਨ, ਉਹਨਾ ਦੀ ਥਾਂ ਭਰਤੀ ਉਨੀ ਨਹੀਂ ਹੋ ਰਹੀ ਜਿੰਨੇ ਦੀ ਸਕੂਲਾਂ 'ਚ ਬੱਚਿਆਂ ਨੂੰ ਲੋੜ ਹੈ। ਮਹਿਕਮਿਆਂ 'ਚ ਕਰਮਚਾਰੀਆਂ ਦੀ ਕਮੀ ਹੈ। ਇਹਨਾ ਕੰਮਾਂ ਵੱਲ ਧਿਆਨ ਨਾ ਦੇ ਕੇ ਨਿਗੂਣੇ ਕੰਮਾਂ ਨੂੰ ਪ੍ਰਚਾਰਨਾ ਕਿਥੋਂ ਤੱਕ ਠੀਕ ਹੈ? ਪੰਚਾਇਤ ਅਤੇ ਪੇਂਡੂ ਵਿਕਾਸ ਮਹਿਕਮਾ ਲਉ, ਜਿਹੜਾ ਪੇਂਡੂ ਵਿਕਾਸ ਲਈ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਜੁੰਮੇਵਾਰ ਹੈ, ਵਿੱਚ ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ ਦੀ ਕਮੀ ਹੈ, ਇੱਕ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਕਪੂਰਥਲਾ ਜ਼ਿਲ੍ਹੇ 'ਚ ਇਹੋ ਜਿਹਾ ਹੈ, ਜਿਸ ਕੋਲ ਸੁਲਤਾਨਪੁਰ ਲੋਧੀ, ਫਗਵਾੜਾ ਅਤੇ ਜਲੰਧਰ ਜ਼ਿਲ੍ਹੇ ਦੇ ਇੱਕ ਹੋਰ ਬਲਾਕ ਦਾ ਚਾਰਜ ਹੈ ਅਤੇ ਫਗਵਾੜਾ ਜੋ ਮਹੱਤਵਪੂਰਨ ਬਲਾਕ ਹੈ, ਤੇ ਜਿਥੇ 91 ਪੰਚਾਇਤਾਂ ਲਈ ਸਿਰਫ਼ ਤਿੰਨ ਪੰਚਾਇਤ ਸਕੱਤਰ ਕੰਮ ਕਰਦੇ ਹਨ। ਉਹ ਸਰਕਾਰ ਜਿਹੜੀ ਵਿਕਾਸ ਦੀਆਂ ਅਤੇ ਨਵੇਂ ਰੰਗਲੇ ਪੰਜਾਬ ਦੀ ਉਸਾਰੀ ਦੀ ਗੱਲ ਕਰਦੀ ਆਪਣੇ ਟੀਚੇ ਸਿਰਫ਼ ਬੜਕਾਂ ਮਾਰਕੇ ਪੂਰੇ ਕਿਵੇਂ ਕਰੇਗੀ?

ਸਰਕਾਰ ਦੇ ਜੁੰਮੇ ਬਹੁਤ ਵੱਡੇ ਕੰਮ ਸਨ ਜਾਂ ਹਨ। ਇਹਨਾ ਕੰਮਾਂ ਦੀ ਪੂਰਤੀ ਲਈ ਖਾਕਾ ਤਿਆਰ ਕਰਨਾ ਸਮੇਂ ਦੀ ਲੋੜ ਸੀ, ਕਿਉਂਕਿ ਪੰਜਾਬ ਹਰ ਖੇਤਰ 'ਚ ਪਛੜਦਾ ਜਾ ਰਿਹਾ ਹੈ, ਇਸ ਨੂੰ ਥਾਂ ਸਿਰ ਕਰਨ ਲਈ ਅਤੇ ਇਸਦੇ ਵਿੱਤੀ ਹਾਲਾਤ ਸੁਧਾਰਨ ਲਈ ਇੱਕ ਵਿਸ਼ਵਾਸ਼ਯੋਗ ਸ਼ਾਸ਼ਨ ਅਤੇ ਪ੍ਰਸਾਸ਼ਨ ਦੇਣਾ ਸਰਕਾਰ ਦਾ ਫ਼ਰਜ਼ ਸੀ ਤੇ ਹੈ। ਸਾਸ਼ਨ, ਪ੍ਰਸਾਸ਼ਨ ਲਈ ਸੁਯੋਗ ਅਫ਼ਸਰਾਂ ਦੀ ਯੋਗ ਟੀਮ ਦੀ ਚੋਣ ਜ਼ਰੂਰੀ ਹੁੰਦੀ ਹੈ। ਕੰਮਕਾਰ ਚਲਾਉਣ ਲਈ ਇਮਾਨਦਾਰ ਅਫ਼ਸਰੀ ਜੁੱਟ ਹੀ ਕੇਂਦਰ ਨਾਲ ਰਾਬਤਾ ਰੱਖ ਸਕਦਾ ਹੈ, ਨਵੀਆਂ ਸਕੀਮਾਂ ਤੋਂ ਗ੍ਰਾਂਟ ਲਿਆ ਸਕਦਾ ਹੈ, ਚੁਸਤ ਫੁਰਤ ਸਰਕਾਰੀ ਮਸ਼ੀਨਰੀ ਹੀ ਰਾਜ ਪ੍ਰਸਾਸ਼ਨ ਚਲਾ ਸਕਦੀ ਹੈ। ਪਰ ਇਵੇਂ ਲੱਗਦਾ ਹੈ ਕਿ ਸਰਕਾਰ ਉਕਾਈ ਕਰ ਬੈਠੀ, ਰੋਹਬ-ਦਾਅਬ ਨਾਲ ਅਫ਼ਸਰਸ਼ਾਹੀ ਤੋਂ ਕੰਮ ਲੈਣ ਦੇ ਰਾਹ ਤੁਰ ਪਈ ਅਤੇ ਪੰਜਾਬ ਦੀ ਬਹੁਤੀ ਅਫ਼ਸਰਸ਼ਾਹੀ ਨੂੰ ਇਹ ਗਬਾਰਾ ਨਾ ਹੋਇਆ। ਇੱਕ ਸ਼ੰਕਾ ਸਰਕਾਰ 'ਤੇ ਅਫ਼ਸਰਸ਼ਾਹੀ 'ਚ ਪੈਦਾ ਹੋ ਗਿਆ। ਪਾੜਾ ਪੈ ਗਿਆ। ਇਸ ਨਾਲ ਸਮੁੱਚੇ ਤੌਰ 'ਤੇ ਪੰਜਾਬ ਦਾ ਨੁਕਸਾਨ ਹੋਏਗਾ। ਮੌਜੂਦਾ ਸਰਕਾਰ ਘਾਟੇ 'ਚ ਰਹੇਗੀ, ਲੋਕਾਂ ਦਾ ਨੁਕਸਾਨ ਹੋਏਗਾ।

ਹਰ ਪੰਜਾਬੀ ਇਹ ਚਾਹੁੰਦਾ ਹੈ, ਕਿ ਪੰਜਾਬ 'ਚੋਂ ਭ੍ਰਿਸ਼ਟਾਚਾਰ ਦੂਰ ਹੋਵੇ। ਪੰਜਾਬ ਉਤੇ ਲੱਗਾ ਨਸ਼ਿਆਂ ਦਾ ਟਿੱਕਾ ਖ਼ਤਮ ਹੋਵੇ। ਪੰਜਾਬ 'ਚ ਬੇਰੁਜ਼ਗਾਰੀ ਨੂੰ ਨੱਥ ਪਵੇ। ਪਰ ਜੜ੍ਹਾਂ 'ਚ ਬੈਠੀਆਂ ਇਹ ਤਿੰਨੇ ਅਲਾਮਤਾਂ -ਭ੍ਰਿਸ਼ਟਾਚਾਰ, ਨਸ਼ਾ, ਬੇਰੁਜ਼ਗਾਰੀ ਕੀ ਇਕੋ ਦਿਨ ਅਤੇ ਇਕੋ ਤਰੀਕੇ "ਸਖ਼ਤੀ" ਨਾਲ ਖ਼ਤਮ ਹੋ ਸਕਦੀਆਂ ਹਨ?

ਭ੍ਰਿਸ਼ਟਾਚਾਰ ਮੁਕਤੀ ਲਈ ਜਵਾਬਦੇਹੀ, ਸਰਕਾਰ ਦੇ ਥੱਲਿਓਂ ਉਪਰ ਤੱਕ ਅਤੇ ਸਮਾਜ ਦੇ ਜ਼ਮੀਨੀ ਪੱਧਰ ਤੱਕ ਜ਼ਰੂਰੀ ਹੈ। ਟੈਕਨੌਲੋਜੀ ਦੀ ਵਰਤੋਂ ਅਤੇ ਸਮੇਂ ਸਿਰ ਵਰਤੋਂ ਚੰਗੇ ਨਤੀਜੇ ਦੇ ਸਕਦੀ ਹੈ। ਭ੍ਰਿਸ਼ਟਾਚਾਰ ਮੁਕਤੀ ਦਾ ਖਾਕਾ ਲਾਗੂ ਕਰਨ ਲਈ ਮਹੀਨੇ ਦਾ ਸਮਾਂ ਘੱਟ ਨਹੀਂ ਹੁੰਦਾ। ਪਰ ਸਰਕਾਰ ਨੇ ਸਿਰਫ਼ ਸਖ਼ਤੀ ਦਾ ਰਾਹ ਫੜਿਆ ਹੈ। ਬਿਨ੍ਹਾਂ ਸ਼ੱਕ ਭ੍ਰਿਸ਼ਟਾਚਾਰ ਮੁਕਤੀ ਲਈ ਸਖ਼ਤ ਕਾਨੂੰਨ ਠੀਕ ਹੋ ਸਕਦੇ ਹਨ, ਪਰ ਭ੍ਰਿਸ਼ਟਾਚਾਰ ਦੇ ਕਿੰਨੇ ਕੇਸ ਸਫ਼ਲ ਹੋਣਗੇ? ਕਿੰਨੇ ਕਥਿਤ ਦੋਸ਼ੀ ਸਜ਼ਾ ਪਾਉਣਗੇ? ਕਾਨੂੰਨੀ ਪਚੀਦਗੀਆਂ ਦੋਸ਼ੀਆਂ ਨੂੰ ਮੁਕਤ ਕਰ ਦਿੰਦੀਆਂ ਹਨ। ਉਂਜ ਵੀ ਵਰ੍ਹਿਆਂ ਬਧੀ ਚਲਦੇ ਕੇਸ ਸਮਾਂ ਰਹਿੰਦਿਆਂ ਖ਼ਤਮ ਹੀ ਹੋ ਜਾਂਦੇ ਹਨ, ਗਵਾਹ ਮੁੱਕਰ ਜਾਂਦੇ ਹਨ। ਨਿਆਪਾਲਿਕਾ ਦਾ ਤਰੀਕ 'ਤੇ ਤਰੀਕ ਪਾਉਣ ਵਾਲਾ ਅਕਸ ਕਿਸੇ ਤੋਂ ਗੁੱਝਾ ਨਹੀਂ।

ਪਿਛਲੇ ਲਗਭਗ 10 ਮਹੀਨਿਆਂ ਦਾ ਸਮਾਂ ਪੰਜਾਬ ਲਈ ਸੁਖਾਵਾਂ ਨਹੀਂ ਗਿਣਿਆ ਜਾ ਸਕਦਾ। ਅਕਾਲੀ-ਭਾਜਪਾ, ਕਾਂਗਰਸ ਦੇ ਭੈੜੇ ਸਾਸ਼ਨ, ਭੈੜੇ ਰਾਜ ਪ੍ਰਬੰਧ ਅਤੇ ਕੁਨਬਾਪਰਵਰੀ ਤੋਂ ਦੁੱਖੀ ਪੰਜਾਬ ਦੀ ਜਨਤਾ ਨੂੰ ਜੋ ਆਸ ਦੀ ਕਿਰਨ ਦਿਸੀ ਸੀ, ਆਪ ਸਰਕਾਰ ਬਨਣ 'ਤੇ ਉਹ ਫਿੱਕੀ ਪੈਂਦੀ ਜਾਪਦੀ ਹੈ। ਕੁਝ ਕੇਂਦਰੀ ਸਰਕਾਰ ਦੇ ਪੰਜਾਬ ਅਤੇ ਪੰਜਾਬ ਸਰਕਾਰ ਵਿਰੋਧੀ ਰਵੱਈਏ ਨੇ ਆਰਥਿਕ ਤੌਰ 'ਤੇ ਪੰਜਾਬ ਦਾ ਲੱਕ ਤੋੜਨ ਦਾ ਯਤਨ ਕੀਤਾ ਅਤੇ ਸੂਬੇ ਦੇ ਅਧਿਕਾਰ ਹੜੱਪਣ ਲਈ ਸਮੇਂ-ਸਮੇਂ ਗਵਰਨਰ ਪੰਜਾਬ ਰਾਹੀਂ "ਅਨੋਖੀਆਂ" ਕਾਰਵਾਈਆਂ ਕੀਤੀਆਂ ਅਤੇ ਕੁਝ ਪੰਜਾਬ 'ਚ ਸਿਆਸੀ ਅਸਥਿਰਤਾ ਲਿਆਉਣ ਲਈ ਆਇਆ ਰਾਮ, ਗਿਆ ਰਾਮ ਦੀ ਸਿਆਸਤ ਗਰਮਾਈ।

ਪੰਜਾਬ ਦੀ 'ਆਪ' ਸਰਕਾਰ ਵਲੋਂ ਡੰਗ ਟਪਾਊ ਨੀਤੀਆਂ ਨੇ ਵੀ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਕੀਤੇ ਵਾਇਦਿਆਂ ਨੂੰ ਪੂਰਾ ਕਰਨ ਤੋਂ ਲਟਕਾਇਆ। ਕਿਸਾਨ ਧਰਨੇ 'ਤੇ ਬੈਠੇ, ਜ਼ੀਰਾ ਫੈਕਟਰੀ ਦੀ ਸਮੱਸਿਆ ਨੂੰ ਹੱਲ ਨ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ 'ਤੇ ਕਾਰਵਾਈਆਂ ਲਟਕਾ ਕੇ, ਉਸ ਵਲੋਂ ਵੀ ਲੋਕਾਂ ਪੱਖੋਂ ਮੁੱਖ ਮੋੜ ਲਿਆ 'ਤੇ ਦੂਜੀਆਂ ਸਰਕਾਰਾਂ ਵਰਗਾ ਆਪਣਾ ਅਕਸ ਬਣਾਉਣ ਦੇ ਰਾਹ ਪੈ ਤੁਰੇ।

ਗੈਂਗਸਟਰਾਂ ਨੂੰ ਕਿਸ ਦੀ ਸ਼ਹਿ ਹੈ? ਨਸ਼ਿਆਂ ਦੇ ਵੱਡੇ ਤਸਕਰਾਂ ਨੂੰ ਕੌਣ ਹੱਥ ਨਹੀਂ ਪਾ ਰਿਹਾ ? ਸਮੇਂ-ਸਮੇਂ ਸ਼ਰ੍ਹੇਆਮ ਕਤਲ ਦੀਆਂ ਵਾਰਦਾਤਾਂ ਕਿਉਂ ਹੋ ਰਹੀਆਂ ਹਨ? ਉਹਨਾ ਨੂੰ ਠੱਲ ਕਿਉਂ ਨਹੀਂ ਪੈ ਰਹੀ? ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਜੋ ਤਾਣਾ-ਬਾਣਾ ਬੁਣਿਆ ਜਾ ਰਿਹਾ ਹੈ, ਕੀ ਇਹ ਪੰਜਾਬ ਨੂੰ ਅਰਾਜਕਤਾ ਵੱਲ ਨਹੀਂ ਲੈ ਕੇ ਜਾਏਗਾ? ਕੀ ਇਕੋ ਸਰਕਾਰ 'ਚ ਦੋ ਸਰਕਾਰਾਂ ਕੰਮ ਕਰ ਸਕਣਗੀਆਂ? ਕੀ ਟਕਰਾਅ ਦੀ ਇਹ ਸਥਿਤੀ ਪੰਜਾਬ ਦਾ ਕੁਝ ਸੁਆਰ ਸਕੇਗੀ?

# ਉੱਥੇ ਅਮਲਾਂ ਦੇ ਹੋਣੇ ਨੇ ਨਬੇੜੇ




ਕੈਨੇਡਾ ਅਤੇ ਉੱਤਰੀ ਅਮੇਰਿਕਾ ਦੇ ਕਈ ਖਿੱਤਿਆਂ ਦਾ ਠੰਡਾ-ਠਾਰ ਵਾਤਾਵਰਣ, ਕਈ ਵਾਰ ਮਨੁੱਖੀ ਵਰਤਾਰਿਆਂ ਦੇ ਠੰਡੇ-ਯੱਖ਼ ਦਾ ਰੂਪ ਬਣ ਜਾਂਦਾ ਜਾਪਦਾ ਹੈ ਤੇ ਇਸ ਵਿੱਚ ਕਿਸੇ ਵੀ ਸੰਵੇਦਨਾ ਜਾਂ ਸੰਵੇਦਨਸ਼ੀਲਤਾ ਦਾ ਪਤਾ ਹੀ ਨਹੀਂ ਲੱਗਦਾ। 'ਕੋਈ ਮਰੇ, ਕੋਈ ਜੀਵੇ; ਸੁਥਰਾ ਘੋਲ ਪਤਾਲੇ ਪੀਵੇ' ਦੀ ਤਰਜ਼ 'ਤੇ ਅਸੀਂ ਬਹੁਤੀ ਵਾਰ ਅਜਿਹਾ ਰੂਪ ਵਿਖਾ ਦਿੰਦੇ ਹਾਂ ਜਿੱਥੇ ਸਾਫ਼ ਲੱਗਦਾ ਹੈ ਕਿ 'ਸਾਨੂੰ ਕੀ', 'ਅਸੀਂ ਕੀ ਲੈਣਾ', 'ਕਿਹੜਾ ਸਾਡੇ ਨਾਲ ਇਹ ਵਾਪਰਿਆ ਹੈ'!

ਪਿਛਲੇ ਵਰ੍ਹੇ ਜਨਵਰੀ ਮਹੀਨੇ ਖ਼ਬਰ ਆਈ ਕਿ 39 ਸਾਲਾ ਭਾਰਤੀ (ਗੁਜਰਾਤੀ) ਮੂਲ ਦਾ ਜਗਦੀਸ਼ ਪਟੇਲ, ਉਸ ਦੀ ਪਤਨੀ ਵੈਸ਼ਾਲੀ ਅਤੇ 11 ਅਤੇ 3 ਸਾਲ ਦੇ ਉਸ ਦੇ ਦੋ ਬੱਚੇ, ਚਾਰੇ ਜਣੇ, ਕੈਨੇਡਾ ਤੋਂ ਅਮੈਰਿਕਾ ਵੱਲ ਨੂੰ ਗ਼ੈਰਕਾਨੂੰਨੀ ਢੰਗ ਨਾਲ ਜਾਂਦਿਆਂ, ਬਰਫ਼ੀਲੇ ਤੂਫਾਨ ਦਾ ਸ਼ਿਕਾਰ ਹੋ ਗਏ ਤੇ ਉਹਨਾਂ ਚਾਰਾਂ ਦੀਆਂ ਲਾਸ਼ਾਂ, ਬਰਫ਼ ਨਾਲ ਬਰਫ਼ ਹੋਈਆਂ ਮਿਲੀਆਂ ਸਨ। ਕੁੱਝ ਦਿਨ ਅਖ਼ਬਾਰਾਂ ਤੇ ਮੀਡੀਏ ਦੇ ਕੁਝ ਹੋਰ ਸਾਧਨਾਂ ਦਾ ਉਹ ਵਿਸ਼ਾ ਬਣੀਆਂ ਰਹੀਆਂ ਪਰ ਅੰਤ ਨੂੰ ਜੋ ਲਾਸ਼ਾਂ ਨਾਲ ਹੁੰਦਾ ਹੈ, ਉਹੀ ਹੋਇਆ...ਉਹ ਦਫ਼ਨ ਹੋ ਗਈਆਂ ਜਾਂ ਸੜ ਗਈਆਂ ਤੇ 'ਪਵਨੈ ਮਹਿ ਪਵਨੁ' ਸਮਾ ਗਈ। ਕਹਾਣੀ ਖ਼ਤਮ।

ਪਿਛਲੇ ਸਾਲ 14 ਦਸੰਬਰ ਨੂੰ ਇਕ ਹੋਰ ਘਟਨਾ ਵਾਪਰੀ। ਇਸ ਵਾਰ ਵੀ ਭਾਰਤੀ (ਗੁਜਰਾਤੀ) ਮੂਲ ਦੇ ਬ੍ਰਿਜ ਕੁਮਾਰ ਯਾਦਵ ਨੇ ਗ਼ੈਰ-ਕਾਨੂੰਨੀ ਢੰਗ ਨਾਲ ਮੈਕਸਿਕੋ ਦੇ ਟੀਹਵਾਨਾ (Tijuana) ਤੋਂ ਅਮੈਰਿਕਾ ਬਾਰਡਰ ਟੱਪਣ ਦਾ ਫੈਸਲਾ ਕੀਤਾ। ਉੱਥੇ ਬਣੀ 30 ਫੁਟ ਉੱਚੀ 'ਟਰੰਪ ਕੰਧ' ਨੂੰ ਪਾਰ ਕਰਨਾ ਪੈਣਾ ਸੀ। ਆਪਣੇ ਪਿੰਡੇ ਨਾਲ ਆਪਣਾ 3 ਸਾਲ ਦਾ ਪੁੱਤਰ ਬੰਨ੍ਹ ਕੇ ਉਹ ਕੰਧ ਉੱਪਰ ਚੜ੍ਹ ਗਿਆ। ਉਸ ਦੀ ਪਤਨੀ ਪੂਜਾ ਯਾਦਵ ਵੀ ਉਸ ਦੇ ਨਾਲ ਸੀ। ਕੰਧ ਉੱਪਰ ਚੜ੍ਹਨ ਮਗਰੋਂ ਬ੍ਰਿਜ ਕੁਮਾਰ ਯਾਦਵ ਮੈਕਸਿਕੋ ਵਾਲੇ ਪਾਸੇ ਅਤੇ ਉਸ ਦੀ ਪਤਨੀ ਪੂਜਾ, ਅਮੈਰਿਕਾ ਵਾਲੇ ਪਾਸੇ ਜਾ ਡਿੱਗੇ। ਬ੍ਰਿਜ ਕੁਮਾਰ ਦੀ ਡਿੱਗਣ ਸਾਰ ਮੌਤ ਹੋ ਗਈ ਜਦੋਂ ਕਿ ਉਸ ਦਾ ਬੱਚਾ ਅਤੇ ਅਮੈਰਿਕਾ ਵਾਲੇ ਪਾਸੇ ਡਿੱਗੀ ਉਸ ਦੀ ਪਤਨੀ – ਦੋਵੇਂ ਜ਼ਖ਼ਮੀ ਹੋ ਗਏ। ਬੱਚਾ ਹੁਣ ਅਮੈਰਿਕਨ ਰੈਫਿਊਜੀ ਸੈਟਲਮੈਂਟ ਅਧਿਕਾਰੀਆਂ ਕੋਲ ਹੈ ਤੇ ਔਰਤ ਦਾ ਇਲਾਜ ਚੱਲ ਰਿਹਾ ਹੈ ਤੇ ਉਹ ਅਮੈਰਿਕਨ ਕਸਟਮਜ਼ ਐਂਡ ਬੌਰਡਰ ਪ੍ਰੋਟੈਕਸ਼ਨ ਵਾਲਿਆਂ ਦੀ ਦੇਖਰੇਖ ਹੇਠ ਹੈ।

ਸਾਲ 1914 ਦੇ ਕੌਮਾਗਾਟਾ-ਮਰੂ ਤੋਂ 1996 ਦੇ ਮਾਲਟਾ ਕਿਸ਼ਤੀ ਦੁਖਾਂਤ ਤੱਕ ਅਤੇ ਉਸ ਤੋਂ ਬਾਦ ਹੁਣ ਤੱਕ ਗ਼ੈਰ-ਕਾਨੂੰਨੀ ਇਮਿਗ੍ਰੇਸ਼ਨ ਦੀਆਂਇਹ ਕਹਾਣੀਆਂ ਵੱਡੇ ਉੱਥਲ-ਪੁੱਥਲ ਨਾਲ ਭਰੀਆਂ ਹੋਈਆਂ ਹਨ। ਮੇਰਾ ਇਕ ਵਿਦਿਆਰਥੀ ਵੀ ਮਾਲਟਾ ਕਿਸ਼ਤੀ ਕਾਂਡ ਵਿੱਚ ਮਾਰਿਆ ਗਿਆ ਸੀ ਤੇ ਉਸ ਦੇ ਘਰ ਦੀ ਉਸ ਦਿਨ ਦੀ ਹਾਲਤ ਅੱਜ ਵੀ ਮੇਰੇ ਚੇਤਿਆਂ ਵਿੱਚ ਵਸੀ ਹੋਈ ਹੈ।



ਅਜਿਹੀ ਹਰੇਕ ਦੁਖਾਂਤਕ ਘਟਨਾ ਮਗਰੋਂ ਘਟਨਾ ਦੀ ਜਾਂਚ ਦਾ ਐਲਾਨ ਹੁੰਦਾ ਹੈ ਪਰ ਉਸ ਜਾਂਚ ਦਾ ਕੀ ਬਣਿਆ ਹੈ, ਅੱਜ ਤੱਕ ਕਿਸੇ ਨੂੰ ਵੀ ਨਹੀਂ ਪਤਾ। ਇਹੀ ਸਮੱਸਿਆ ਹੈ ਤੇ ਇੱਥੇ ਹੀ ਸਮੱਸਿਆ ਦੀ ਜੜ੍ਹ ਵੀ ਲੁਕੀ ਹੋਈ ਹੈ। ਨੇਤਾਵਾਂ ਨੂੰ ਇਸ ਦੀ ਕੋਈ ਲੋੜ ਨਹੀਂ। ਦੂਜਿਆਂ ਨੂੰ ਇਸ ਦੀ ਪਰਵਾਹ ਨਹੀਂ। ਪੀੜਤ ਤੇ ਪ੍ਰਭਾਵਿਤ ਪਰਵਾਰਾਂ ਦੀ ਕੋਈ ਸੁਣਦਾ ਨਹੀਂ। ਨਤੀਜਾ – ਸਿਫ਼ਰ, ਜ਼ੀਰੋ, ਆਂਡਾ! ਫਿਰ ਕੋਈ ਨਵੀਂ ਘਟਨਾ ਵਾਪਰਦੀ ਹੈ, ਕੁਝ ਦਿਨ ਸ਼ੋਰ ਪੈਂਦਾ ਹੈ, ਕੁਝ ਦਿਨ ਲੋਕ ਗੱਲ ਕਰਦੇ ਹਨ ਤੇ ਮੁੜ ਕੇ ਜ਼ਿੰਦਗੀ ਆਪਣੀ ਤੋਰ ਤੁਰ ਪੈਂਦੀ ਹੈ। ਜ਼ਖ਼ਮ ਭਰ ਜਾਂਦੇ ਹਨ ਕਿਉਂਕਿ ਉਹ ਜ਼ਖ਼ਮ ਸਾਡੇ ਨਹੀਂ ਹੁੰਦੇ।

ਮਨੁੱਖੀ ਸਮਗਲਿੰਗ ਜਾਂ ਤਸਕਰੀ ਨਵੀਂ ਨਹੀਂ ਤੇ ਪਹਿਲੀ ਵਾਰ ਨਹੀਂ ਸੁਣਨ ਨੂੰ ਮਿਲਦੀ। ਪਰ ਇਸ ਦਾ ਹੱਲ ਕੀ ਹੈ ਅੱਜ ਤੱਕ ਇਸ ਬਾਰੇ ਨਾ ਗੰਭੀਰਤਾ ਦਿਖਾਈ ਗਈ ਤੇ ਨਾ ਹੀ ਇਸ ਦੀ ਲੋੜ ਸਮਝੀ ਗਈ। '

> **ਸਾਡੇ ਮੁਲਕ ਵਿੱਚ ਐੱਲ.ਐੱਮ.ਆਈ.ਏ. ਸ਼ਰੇ-ਆਮ ਵਿਕਦੀ ਹੈ ਤੇ ਹਰ ਇਕ ਨੂੰ ਇਸ ਦਾ ਪਤਾ ਹੈ ਪਰ ਇਸ ਦੀ ਰੋਕਥਾਮ ਲਈ ਕੀ ਕਦਮ ਚੁੱਕਿਆ ਗਿਆ ਹੈ, ਕਿਸੇ ਨੂੰ ਕੁੱਝ ਪਤਾ ਨਹੀਂ। ਜਦ ਸਮਾਜ ਦੇ ਹਰੇਕ ਵਿਅਕਤੀ ਨੂੰ ਇਸ ਬਾਰੇ ਪਤਾ ਹੈ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਸਰਕਾਰਾਂ ਨੂੰ ਇਸ ਦਾ ਪਤਾ ਨਾ ਹੋਵੇ? ਸੁੱਤੇ ਹੋਏ ਨੂੰ ਜਗਾਇਆ ਜਾ ਸਕਦਾ ਹੈ ਪਰ ਸੌਣ ਦਾ ਮਚਲ ਮਾਰਨ ਵਾਲੇ ਨੂੰ ਜਗਾਇਆ ਨਹੀਂ ਜਾ ਸਕਦਾ। ਸਰਕਾਰਾਂ ਮਚਲ ਮਾਰ ਕੇ ਬੈਠੀਆਂ ਹਨ।**

ਸਾਡੇ ਮੁਲਕ ਵਿੱਚ ਐੱਲ.ਐੱਮ.ਆਈ.ਏ. ਸ਼ਰੇ-ਆਮ ਵਿਕਦੀ ਹੈ ਤੇ ਹਰ ਇਕ ਨੂੰ ਇਸ ਦਾ ਪਤਾ ਹੈ ਪਰ ਇਸ ਦੀ ਰੋਕਥਾਮ ਲਈ ਕੀ ਕਦਮ ਚੁੱਕਿਆ ਗਿਆ ਹੈ, ਕਿਸੇ ਨੂੰ ਕੁੱਝ ਪਤਾ ਨਹੀਂ। ਜਦ ਸਮਾਜ ਦੇ ਹਰੇਕ ਵਿਅਕਤੀ ਨੂੰ ਇਸ ਬਾਰੇ ਪਤਾ ਹੈ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਸਰਕਾਰਾਂ ਨੂੰ ਇਸ ਦਾ ਪਤਾ ਨਾ ਹੋਵੇ? ਸੁੱਤੇ ਹੋਏ ਨੂੰ ਜਗਾਇਆ ਜਾ ਸਕਦਾ ਹੈ ਪਰ ਸੌਣ ਦਾ ਮਚਲ ਮਾਰਨ ਵਾਲੇ ਨੂੰ ਜਗਾਇਆ ਨਹੀਂ ਜਾ ਸਕਦਾ। ਸਰਕਾਰਾਂ ਮਚਲ ਮਾਰ ਕੇ ਬੈਠੀਆਂ ਹਨ।

ਸਾਲ 2018 ਦੀ ਇਕ ਰਿਪੋਰਟ ਦੱਸਦੀ ਹੈ ਕਿ ਕੈਨੇਡਾ ਵਿੱਚ ਮਿਡਲ ਕਲਾਸ ਵਰਗ ਵਿੱਚ ਇਕ ਲੱਖ ਸੱਤਰ ਹਜ਼ਾਰ ਨੌਕਰੀਆਂ ਕਰਕੇ ਇੰਟਰਨੈਸ਼ਨਲ ਸਟੂਡੈਂਟਾਂ ਨੇ 21.6 ਬਿਲੀਅਨ ਡਾਲਰਾਂ ਦਾ ਯੋਗਦਾਨ ਕੈਨੇਡਾ ਦੀ ਆਮਦਨੀ ਵਿੱਚ ਪਾਇਆ ਸੀ। ਜਦ ਸਰਕਾਰਾਂ ਨੂੰ ਇੰਨੀ ਵੱਡੀ ਆਮਦਨੀ ਹੁੰਦੀ ਹੋਵੇ ਤਾਂ ਉਹਨਾਂ ਨੂੰ ਕੀ ਲੋੜ ਹੈ ਅਜਿਹੇ ਕਮਾਊ ਯੰਤਰ ਨੂੰ ਬੰਦ ਕਰਨ ਦੀ!

ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਹੋ ਰਹੀ ਲੁੱਟ-ਖਸੁੱਟ 'ਤੇ ਕੋਈ ਕਿਉਂ ਨਹੀਂ ਬੋਲਦਾ? ਕਿਉਂਕਿ ਆਪਾਂ ਇਹ ਲੁੱਟ ਖਸੁੱਟ ਕਰਨ ਵਾਲੀਆਂ ਵਿੱਚ ਸ਼ਾਮਿਲ ਹਾਂ। ਉੱਧਰ ਬੈਠੇ ਮਾਪਿਆਂ ਨੂੰ ਇਧਰ ਦੀ ਕਿਸੇ ਸੱਚਾਈ ਦਾ ਪਤਾ ਨਹੀਂ ਤੇ ਨਾ ਹੀ ਉਹ ਜਾਣਨਾ ਚਾਹੁੰਦੇ ਹਨ। ਨੌਜਵਾਨਾਂ ਨੂੰ ਭਾਰਤ ਤੋਂ ਭੱਜ-ਨਿੱਕਲਣ ਦੀ ਕਾਹਲੀ ਹੈ। ਉੱਥੇ ਉਹਨਾਂ ਨੂੰ ਕੰਮ ਕਰਨ ਦੀ ਆਦਤ ਨਹੀਂ ਤੇ ਨਸ਼ਾ ਆਮ ਘਰਾਂ ਵਿੱਚ ਦਾਖ਼ਲ ਹੋ ਚੁੱਕਿਆ ਹੈ।

ਕੈਨੇਡਾ ਆ ਕੇ ਕੰਮ ਕਰਨਾ ਪੈਂਦਾ ਹੈ – ਇਹ ਵੀ ਥੋੜ੍ਹਾ ਨਹੀਂ, ਬਹੁਤ ਜ਼ਿਆਦਾ। ਪੜ੍ਹਾਈ ਦਾ ਬੋਝ, ਫੀਸਾਂ ਦਾ ਬੋਝ, ਰਹਿਣ-ਸਹਿਣ ਦਾ ਬੋਝ, ਮਾਪਿਆਂ ਵੱਲੋਂ ਚੁੱਕੇ ਕਰਜ਼ੇ ਨੂੰ ਲਾਹੁਣ ਦਾ ਬੋਝ, ਇਥੇ ਹੋ ਰਹੀ ਲੁੱਟ-ਖਸੁੱਟ ਦਾ ਬੋਝ...ਇਹਨਾਂ ਬੋਝਾਂ ਥੱਲੇ ਆਏ ਨੌਜਵਾਨਾਂ ਦੀ ਜੋ ਦੁਰਗਤ ਹੋ ਰਹੀ ਹੈ, ਉਸ ਦੀਆਂ ਤਸਵੀਰਾਂ ਹਰ ਰੋਜ਼ ਮਿਲ ਰਹੀਆਂ ਹਨ। ਨਾ ਭਾਰਤ ਸਰਕਾਰ, ਨਾ ਪੰਜਾਬ ਸਰਕਾਰ ਅਤੇ ਨਾ ਹੀ ਕੈਨੇਡਾ ਦੀਆਂ ਸਰਕਾਰਾਂ ਨੂੰ ਇਸ ਦੀ ਕੋਈ ਪਰਵਾਹ ਹੈ ਤੇ ਨਾ ਸਧਾਰਨ ਲੋਕਾਂ ਨੂੰ। 'ਖਾਣ ਜਿਹੜੇ ਗਾਜਰਾਂ, ਢਿੱਡ ਉਹਨਾਂ ਦੇ ਪੀੜ' ਕਹਿ ਕੇ ਆਪਣਾ ਕੰਮ ਮੁਕਾ ਲਿਆ ਜਾਂਦਾ ਹੈ। ਸਾਡੀ ਸੋਚ ਸਿਰਫ਼ ਸਾਡੇ ਆਪਣੇ ਤੱਕ ਸੀਮਿਤ ਰਹਿ ਗਈ ਹੈ ਤੇ ਸਾਨੂੰ ਆਪਣੇ ਤੋਂ ਅੱਗੇ ਕੁੱਝ ਵੀ ਦਿਖਾਈ ਨਹੀਂ ਦਿੰਦਾ। ਆਪਾਂ ਤਾਂ ਆਪਣਾ ਲਾਗ ਲੈਣਾ ਹੈ ਤੇ ਅਗਲੀ ਭਾਵੇਂ ਜਾਂਦੀ ਓ....'' ਇਕ ਗੱਲ ਚੇਤੇ ਜ਼ਰੂਰ ਰੱਖ ਲੈਣੀ ਚਾਹੀਦੀ ਹੈ...ਉੱਥੇ ਅਮਲਾਂ ਦੇ ਹੋਣੇ ਨੇ ਨਬੇੜੇ ਤੇ ਜ਼ਾਤ ਕਿਸੇ ਪੁੱਛਣੀ ਨਹੀਂ!

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
780-258-5800
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਅਲਬਰਟਾ ਸੌਵੇਰਨਿਟੀ ਕਾਨੂੰਨ -ਕੈਨੇਡਾ ਦੇ ਫੈਡਰਲ ਢਾਂਚੇ ਨੂੰ ਚੁਣੌਤੀ



ਗੁਰਬਚਨ ਬਰਾੜ
ਫ਼ੋਨ (403)470-2628



ਅਲਬਰਟਾ ਦੀ ਸੱਤਾਧਾਰੀ ਯੂ ਸੀ ਪੀ ਪਾਰਟੀ ਦੀ ਪ੍ਰੀਮੀਅਰ ਡੇਨੀਅਲ ਸਮਿੱਥ ਵੱਲੋਂ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਇਸ ਕਾਨੂੰਨ ਸੰਬੰਧੀ ਵਿਧਾਨ ਸਭਾ ਵਿੱਚ 29 ਨਵੰਬਰ 2022 ਨੂੰ ਇਹ ਬਿਲ ਪੇਸ਼ ਕੀਤਾ ਗਿਆ ।ਇਸ ਬਿੱਲ ਨੂੰ " Alberta Sovereignty With In a United Canada Act" ਭਾਵ "ਸਯੁੰਕਤ ਕੈਨੇਡਾ ਅੰਦਰ ਅਲਬਰਟਾ ਪ੍ਰਭੂਸੱਤਾ ਐਕਟ " ਦਾ ਨਾਮ ਦਿੱਤਾ ਗਿਆ ਅਤੇ ਇਹ ਬਿੱਲ 8 ਦਸੰਬਰ 2022 ਨੂੰ ਸ਼ਾਹੀ ਪ੍ਰਵਾਨਗੀ ਹਾਸਲ ਕਰਕੇ ਕਾਨੂੰਨ ਦਾ ਰੂਪ ਧਾਰਨ ਕਰ ਗਿਆ । ਬਿੱਲ ਪੇਸ਼ ਕਰਨ ਸਮੇਂ ਸਰਕਾਰ ਦਾ ਤਰਕ ਸੀ ਕਿ ਇਹ ਕਾਨੂੰਨ ਅਲਬਰਟਾ ਦੇ ਹਿੱਤਾਂ ਦੀ ਰਾਖੀ ਲਈ ਬਹੁਤ ਜ਼ਰੂਰੀ ਹੈ । ਇਸ ਕਾਨੂੰਨ ਦੇ ਲਾਗੂ ਹੋ ਜਾਣ ਨਾਲ ਅਲਬਰਟਾ ਨੂੰ ਆਪਣੇ ਕੁਦਰਤੀ ਸੋਮਿਆਂ ,ਗੰਨ ਕੰਟਰੋਲ ,ਖੇਤੀਬਾੜੀ , ਮਹਾਂਮਾਰੀ ਫੈਲਣ ਤੇ ਪਾਬੰਦੀਆਂ ਲਗਾਉਣ ਅਤੇ ਸਿੱਖਿਆ ਆਦਿ ਵੱਖ-ਵੱਖ ਖੇਤਰਾਂ ਵਿਚ ਫੈਡਰਲ ਸਰਕਾਰ ਵੱਲੋਂ ਬਣਾਏ ਗਏ , ਸੂਬੇ ਨੂੰ ਨੁਕਸਾਨ ਪਹੁੰਚਾਉਣ ਅਤੇ ਗੈਰ-ਸੰਵਿਧਾਨਿਕ ਲੱਗਣ ਵਾਲੇ ਕਾਨੂੰਨਾਂ ਅਤੇ ਪਾਲਸੀਆਂ ਕਾਰਨ ਆਰਥਿਕ ਉਨਤੀ ਵਿਚ ਰੁਕਾਵਟ ਪਾਉਣ ਤੋਂ ਸੁਰੱਖਿਅਤ ਕਰੇਗਾ । ਪ੍ਰੀਮੀਅਰ ਸਮੇਤ ਸਾਰੇ ਮੰਤਰੀਆਂ ਕੋਲ ਇਹ ਅਖਤਿਆਰ ਹਾਸਲ ਨੇ ਕਿ ਉਹ ਸੁਬਾਈ ਅਧਿਕਾਰ ਖੇਤਰ ਦੀਆਂ ਸੰਸਥਾਵਾਂ / ਸੰਗਠਨਾਂ ਨੂੰ ਫੈਡਰਲ ਕਾਨੂੰਨ ਲਾਗੂ ਨਾਂ ਕਰਨ ਸੰਬੰਧੀ ਹੁਕਮ ਜਾਰੀ ਕਰ ਸਕਣਗੇ ।

ਜ਼ਿਕਰਯੋਗ ਹੈ ਕਿ Alberta Sovereignty Act ਡੇਨੀਅਲ ਸਮਿੱਥ ਦੀ ਲੀਡਰਸ਼ਿਪ ਚੋਣ ਮੁਹਿੰਮ ਪਲੇਟਫਾਰਮ ਦਾ ਅਹਿਮ ਅਤੇ ਪ੍ਰਮੁੱਖ ਨੁਕਤਾ ਸੀ । ਲੀਡਰਸ਼ਿਪ ਚੋਣ ਲੜਨ ਵਾਲੇ ਬਾਕੀ ਛੇ ਵਿੱਚੋਂ ਪੰਜ ਉਮੀਦਵਾਰਾਂ ਨੇ ਇਸ ਕਾਨੂੰਨ ਦੀ ਕਰੜੀ ਅਲੋਚਨਾ ਕੀਤੀ ਸੀ , ਇੱਥੋਂ ਤੱਕ ਕਿ ਇਨ੍ਹਾਂ ਵਿੱਚੋਂ ਚਾਰ ਉਮੀਦਵਾਰਾਂ ਜਿਨ੍ਹਾਂ ਵਿਚ ਬਰਾਇਨ ਜੀਨ ,ਰਾਜਨ ਸਾਹਨੀ ,ਟਰੇਵਸ ਟੇਵਜ ਅਤੇ ਲੀਲਾ ਅਹੀਰ ਵੱਲੋਂ ਤਾਂ ਇੱਕ ਵਿਸ਼ੇਸ਼ ਪ੍ਰੈੱਸ ਕਾਨਫਰੰਸ ਦਾ ਆਯੋਜਨ ਕਰਕੇ ਇਸ ਕਾਨੂੰਨ ਨੂੰ ਬਹੁਤ ਹੀ ਖ਼ਤਰਨਾਕ ਕਿਹਾ ਗਿਆ ਸੀ । ਜਿੰਨੇ ਦਿਨ ਵਿਧਾਨ ਸਭਾ ਅੰਦਰ ਇਸ ਬਿੱਲ ਉੱਪਰ ਚਰਚਾ ਹੁੰਦੀ ਰਹੀ ਤੇ ਉਸ ਤੋਂ ਬਾਅਦ ਵਿਚ ਵੀ ਸਿਆਸੀ ਮਾਹਰਾਂ ,ਸੰਵਿਧਾਨ ਦੇ ਵਿਦਵਾਨਾਂ ਅਤੇ ਮੀਡੀਏ ਵੱਲੋਂ ਇਸ ਬਿੱਲ ਨੂੰ ਗੈਰ ਸੰਵਿਧਾਨਕ ਅਤੇ ਸਰਕਾਰ ਨੂੰ ਤਾਨਾਸ਼ਾਹੀ ਸ਼ਕਤੀਆਂ ਪ੍ਰਦਾਨ ਕਰਨ ਵਾਲਾ ਕਾਨੂੰਨ ਕਿਹਾ ਜਾ ਰਿਹਾ ਹੈ ।ਵੱਖ ਵੱਖ ਮੂਲ ਨਿਵਾਸੀ ਸੰਗਠਨਾਂ ਵੱਲੋਂ ਵੀ ਇਸ ਐਕਟ ਦਾ ਵਿਰੋਧ ਕੀਤਾ ਜਾ ਰਿਹਾ ਹੈ ਤੇ ਇਥੋਂ ਤੱਕ ਕੇ ਟਰੀਟੀ 6 ਦੇ ਮੈਂਬਰਾਂ ਨੇ ਇਸ ਕਾਨੂੰਨ ਨੂੰ ਅਦਾਲਤ ਵਿੱਚ ਚੁਣੌਤੀ ਵੀ ਦੇ ਦਿੱਤੀ ਹੈ ।ਵਿਰੋਧੀ ਧਿਰ ਐਨ ਡੀ ਪੀ ਨੇ ਵਿਧਾਨ ਸਭਾ ਦੇ ਅੰਦਰ ਤੇ ਬਾਹਰ ਪੂਰੇ ਜ਼ੋਰ ਸ਼ੋਰ ਨਾਲ ਇਸ ਬਿੱਲ ਦਾ ਵਿਰੋਧ ਕੀਤਾ ਤੇ ਇਥੋਂ ਤੱਕ ਕਿ ਇਸ ਬਿੱਲ ਨੂੰ ਨੌਕਰੀਆਂ ਖ਼ਤਮ ਕਰਨ ਵਾਲਾ ਕਾਨੂੰਨ ਤੱਕ ਕਰਾਰ ਦੇ ਦਿੱਤਾ ।

ਹੁਣ ਗੱਲ ਕਰਦੇ ਹਾਂ ਕਿ ਇਸ ਅਲਬਰਟਾ ਸੋਵੇਰਨਿਟੀ ਐਕਟ ਦੀ ਪਿੱਠ ਭੂਮੀ ਕੀ ਹੈ ।ਇਸ ਵਿਚਾਰਧਾਰਾ ਦੇ ਪਿੱਛੇ "ਆਜ਼ਾਦ ਅਲਬਰਟਾ ਰਣਨੀਤੀ ਗਰੁਪ " (Free Alberta Strategy )ਵੱਲੋਂ 28 ਸਤੰਬਰ 2021 ਨੂੰ ਜਾਰੀ ਕੀਤਾ ਗਿਆ ਇੱਕ ਵਿਸਤਾਰਤ ਦਸਤਾਵੇਜ਼ ਹੈ , ਜਿਸ ਦੇ ਤਹਿਤ ਅਲਬਰਟਾ ਦੀ ਮੌਜੂਦਾ ਯੂ ਸੀ ਪੀ ਸਰਕਾਰ ਨੂੰ ਇਕ ਤਰ੍ਹਾਂ ਨਾਲ ਸਿਆਸੀ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ।ਦਸਤਾਵੇਜ਼ ਨੂੰ ਜਾਰੀ ਕਰਨ ਦਾ ਮੰਤਵ ਇਹ ਸੀ ਕਿ ਮੌਜੂਦਾ ਸਰਕਾਰ ਨੂੰ ਇਸ ਸਬੰਧੀ ਕੁਝ ਨਵੇਂ ਕਾਨੂੰਨ ਬਣਾਉਣ ਲਈ ਮਸੌਦਾ ਪੇਸ਼ ਕੀਤਾ ਜਾਵੇ , ਜਿਸ ਦੇ ਅਧਾਰ ਤੇ ਕੈਨੇਡਾ ਦੇ ਅੰਦਰ ਰਹਿ ਕੇ ਅਲਬਰਟਾ ਲਈ ਪ੍ਰਭੂਸੱਤਾ ਸੰਪੰਨ ਖ਼ਿੱਤਾ ਨਿਰਧਾਰਤ ਕੀਤਾ ਜਾ ਸਕੇ । ਕਿਸ ਕਾਨੂੰਨ ਤੋਂ ਬਿਨਾਂ ਅਲਬਰਟਾ ਪੁਲਿਸ ਫੋਰਸ ,ਅਲਬਰਟਾ ਪੈਨਸ਼ਨ ਪਲੈਨ ,ਅਲਬਰਟਾ ਰੈਵੀਨਿਊ ਏਜੰਸੀ ਆਦਿ ਦੇ ਗਠਨ ਬਾਰੇ ਚੱਲ ਰਹੀਆਂ ਚਰਚਾਵਾਂ ਸਭ ਕੁਝ ਇਸੇ ਰਣਨੀਤੀ ਦੀ ਹੀ ਉਪਜ ਹਨ ।

ਆਜ਼ਾਦ ਅਲਬਰਟਾ ਰਣਨੀਤੀ ਦੇ ਦੋ ਮੁੱਖ ਮੰਤਵ ਦੱਸੇ ਗਏ ਹਨ ; ਪਹਿਲਾ ਇਹ ਕਿ ਸੂਬੇ ਲਈ ਕੈਨੇਡਾ ਅੰਦਰ ਮੁਕੰਮਲ ਸੁਬਾਈ ਪ੍ਰਭੂਸੱਤਾ ਕਾਇਮ ਕਰਨਾ ਤੇ ਦੂਜਾ Equalization ਦੇ ਫਾਰਮੂਲੇ ਨੂੰ ਖਤਮ ਕਰਕੇ ਅਲਬਰਟਾ ਵਿੱਚੋਂ ਫੈਡਰਲ ਸਰਕਾਰ ਨੂੰ ਟਰਾਂਸਫ਼ਰ ਕੀਤੀਆਂ ਜਾਂਦੀਆ ਰਕਮਾਂ ਬੰਦ ਕਰਨਾ ।ਇਹਨਾਂ ਦੋ ਮੰਤਵਾਂ ਦੀ ਪੂਰਤੀ ਲਈ ਐਲਬਰਟਾ ਸਰਕਾਰ ਨੂੰ ਹੇਠਾਂ ਦਿੱਤੇ ਕਈ ਵਿਧਾਨਕ ਅਤੇ ਹੋਰ ਪਾਲਸੀ ਸੁਧਾਰ ਲਾਗੂ ਕਰਨ ਲਈ ਕਿਹਾ ਗਿਆ ਹੈ ;

1 ਅਲਬਰਟਾ ਸੋਵੇਰਨਿਟੀ ਐਕਟ
2.ਅਲਬਰਟਾ ਪੁਲੀਸ ਫ਼ੋਰਸ ਦਾ ਗਠਨ
3.ਅਲਬਰਟਾ ਸੁਤੰਤਰ ਬੈਂਕਿੰਗ ਐਕਟ
4 . Equalization Termination and Tax Collection Act
5.Alberta Pension Plan &AlbertaUnemployment Insurance
6.The Alberta Judicial Act
7.Independent International Relations and Trade

ਹੁਣ ਅੱਗੋਂ ਇਸ ਪ੍ਰਕਿਰਿਆ ਨੂੰ ਇਹ ਸਰਕਾਰ ਕਿਵੇਂ ਅੱਗੇ ਜਾਰੀ ਰੱਖਦੀ ਹੈ , ਇਹ ਆਉਣ ਵਾਲਾ ਸਮਾਂ ਹੀ ਦੱਸੇਗਾ । ਪਰ ਅਲਬਰਟਾ ਵਾਸੀਆਂ , ਕਾਨੂੰਨੀ ਮਾਹਿਰਾਂ ਤੇ ਮੀਡੀਏ ਵੱਲੋਂ ਹੁਣ ਤੱਕ ਦੀ ਜੋ ਵੀ ਪ੍ਰਤੀਕ੍ਰਿਆ ਦਿੱਤੀ ਗਈ ਹੈ , ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਰਣਨੀਤੀ ਨਾਲ ਆਮ ਲੋਕਾਂ ਦੀ ਸਹਿਮਤੀ ਨਾ-ਮਾਤਰ ਹੈ ਤੇ ਇਸ ਤਰ੍ਹਾਂ ਮੌਜੂਦਾ ਸਰਕਾਰ ਤੇ ਸੱਤਾਧਾਰੀ ਪਾਰਟੀ ਦੀ ਸਾਖ਼ ਨੂੰ ਕਾਫੀ ਨੁਕਸਾਨ ਹੋ ਸਕਦਾ ਹੈ ।

ਆਜ਼ਾਦ ਅਲਬਰਟਾ ਰਣਨੀਤੀ ਦਾ ਪੂਰਾ ਏਜੰਡਾ ਅਤੇ ਵਿਸਥਾਰਤ ਤਜਵੀਜ਼ ਸੁਝਾਉਣ ਤੋਂ ਬਾਅਦ ਇਸਦੇ ਪੇਸ਼ਕਾਰਾਂ ਵੱਲੋਂ ਇਹ ਵੀ ਪ੍ਰਵਾਨ ਕੀਤਾ ਗਿਆ ਹੈ ਕਿ ਫੈਡਰਲ ਸਰਕਾਰ ਇਸ ਰਣਨੀਤੀ ਉਪਰ ਕਾਫ਼ੀ ਸਖ਼ਤ ਪ੍ਰਤੀਕ੍ਰਿਆ ਦੇਵੇਗੀ ।ਉਨ੍ਹਾਂ ਨੇ ਇਹ ਵੀ ਮੰਨਿਆ ਹੈ ਕਿ ਇਨ੍ਹਾਂ ਸੁਝਾਵਾਂ ਨਾਲ ਸੰਵਿਧਾਨਕ ਸੰਕਟ ਵੀ ਪੈਦਾ ਹੋਵੇਗਾ ਅਤੇ ਫੈਡਰਲ ਪੱਧਰ ਉੱਪਰ ਕਾਬਜ਼ ਸਿਆਸੀ ਧਿਰਾਂ , ਪ੍ਰਮੁੱਖ ਮੀਡੀਆ ਤੇ ਅਦਾਲਤਾਂ ਵੱਲੋਂ ਇਸ ਰਣਨੀਤੀ ਦੀਆਂ ਜ਼ਿਆਦਾਤਰ ਤਜਵੀਜ਼ਾਂ ਨੂੰ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਿਕ ਐਲਾਨਿਆ ਜਾਵੇਗਾ । ਅਲਬਰਟਾ ਸਰਕਾਰ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਆਜ਼ਾਦ ਅਲਬਰਟਾ ਰਣਨੀਤੀ ਨੂੰ ਆਪਣੀ ਅਧਿਕਾਰਤ ਪਾਲਸੀ ਵਜੋਂ ਪ੍ਰਵਾਨ ਕਰੇ ਅਤੇ ਇਸ ਰਣਨੀਤੀ ਨੂੰ ਲਾਗੂ ਕਰਨ ਲਈ ਦਲੇਰ ਸਿਆਸੀ ਲੀਡਰਸ਼ਿਪ ਦੀਜ਼ਰੂਰਤਹੋਵੇਗੀ।

ਇਸ ਦਸਤਾਵੇਜ਼ ਦੇ ਅੰਤ ਵਿੱਚ ਬਹੁਤ ਕਠੋਰ ਫੈਸਲਾ ਲੈਣ ਦੀ ਗੱਲ ਕਹੀ ਗਈ ਹੈ ਕਿ ਜੇਕਰ ਫੈਡਰਲ ਸਰਕਾਰ ਅਲਬਰਟਾ ਲਈ ਸੂਬਾਈ ਪ੍ਰਭੂਸੱਤਾ ਦੇ ਹੱਕ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੰਦੀ ਹੈ ਤਾਂ ਅਲਬਰਟਾ ਕੋਲ ਕੈਨੇਡਾ ਦੇ ਸੰਘੀ ਢਾਂਚੇ ਵਿੱਚੋਂ ਬਾਹਰ ਹੋਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ ।ਇਸ ਕਦਮ ਤੋਂ ਵੀ ਹੋਰ ਅੱਗੇ ਵਧਦਿਆਂ ਅਲਬਰਟਾ , ਸਸਕੈਚਵਨ , ਮੈਨੀਟੋਬਾ ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਨੂੰ ਮਿਲਾ ਕੇ "ਰਿਪਬਲਿਕ ਔਫ ਵੈਸਟਰਨ ਕੈਨੇਡਾ " ਦਾ ਸੰਕਲਪ ਵੀ ਇਸ ਰਣਨੀਤੀ ਰਾਹੀਂ ਪੇਸ਼ ਕੀਤਾ ਗਿਆ ਹੈ ।ਅਲਬਰਟਾ ਲਈ ਇਕ ਆਜ਼ਾਦ ਖ਼ਿੱਤੇ ਦੀ ਹੋਂਦ ਕਾਇਮ ਕਰਨ ਵਾਸਤੇ ਇੱਕ ਤਰਤੀਬਵਾਰ ਪ੍ਰਕਿਰਿਆ ਵੀ ਇਸ ਰਣਨੀਤੀ ਵਿੱਚ ਸੁਝਾਈ ਗਈ ਹੈ

ਸੋ ਇਹ ਰਣਨੀਤੀ ਦੇ ਆਖ਼ਰੀ ਨਿਸ਼ਾਨੇ ਬਾਰੇ ਕਿਸੇ ਸਪਸ਼ਟੀਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ । ਆਜ਼ਾਦ ਅਲਬਰਟਾ ਰਣਨੀਤੀ ਦਾ ਮੰਤਵ ਫੈਡਰਲ ਸਰਕਾਰ ਨੂੰ ਦਿੱਤੀ ਜਾਣ ਵਾਲੀ ਇੱਕ ਧਮਕੀ ਵੀ ਮੰਨਿਆ ਜਾ ਸਕਦਾ ਹੈ , ਪਰ ਕੁਝ ਵੀ ਹੋਵੇ ਏਸ ਰਣਨੀਤੀ ਨੂੰ ਡੇਨੀਅਲ ਸਮਿੱਥ ਦੀ ਸਰਕਾਰ ਵੱਲੋਂ ਪ੍ਰਵਾਨ ਕੀਤੇ ਜਾਣ ਵੱਲ ਪਹਿਲਾ ਕਦਮ ਵਧਾਉਂਦਿਆਂ ਹੋਇਆ "ਅਲਬਰਟਾ ਸੋਵੇਰਨਿਟੀ ਐਕਟ " ਪਾਸ ਕਰਵਾ ਲਿਆ ਗਿਆ ਹੈ । ਹੁਣ ਅੱਗੋਂ ਇਸ ਪ੍ਰਕਿਰਿਆ ਨੂੰ ਇਹ ਸਰਕਾਰ ਕਿਵੇਂ ਅੱਗੇ ਜਾਰੀ ਰੱਖਦੀ ਹੈ , ਇਹ ਆਉਣ ਵਾਲਾ ਸਮਾਂ ਹੀ ਦੱਸੇਗਾ । ਪਰ ਅਲਬਰਟਾ ਵਾਸੀਆਂ , ਕਾਨੂੰਨੀ ਮਾਹਿਰਾਂ ਤੇ ਮੀਡੀਏ ਵੱਲੋਂ ਹੁਣ ਤੱਕ ਦੀ ਜੋ ਵੀ ਪ੍ਰਤੀਕ੍ਰਿਆ ਦਿੱਤੀ ਗਈ ਹੈ , ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਰਣਨੀਤੀ ਨਾਲ ਆਮ ਲੋਕਾਂ ਦੀ ਸਹਿਮਤੀ ਨਾ-ਮਾਤਰ ਹੈ ਤੇ ਇਸ ਤਰ੍ਹਾਂ ਮੌਜੂਦਾ ਸਰਕਾਰ ਤੇ ਸੱਤਾਧਾਰੀ ਪਾਰਟੀ ਦੀ ਸਾਖ਼ ਨੂੰ ਕਾਫੀ ਨੁਕਸਾਨ ਹੋ ਸਕਦਾ ਹੈ ।

ਹੁਣ ਤੱਕ ਦੇ ਤਾਜ਼ਾ ਚੋਣ ਸਰਵੇਖਣ ਵੀ ਅਜਿਹੇ ਨਤੀਜੇ ਹੀ ਪੇਸ਼ ਕਰ ਰਹੇ ਨੇ । ਸਿਆਸੀ ਮਾਹਰਾਂ ਦੇ ਗਣਿਤ ਮੁਤਾਬਕ 29 ਮਈ 2023 ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਅਲਬਰਟਾ ਐਨ ਡੀ ਪੀ ਨੂੰ ਸਪਸ਼ਟ ਬਹੁਮਤ ਹਾਸਲ ਹੋ ਜਾਵੇਗਾ ਤੇ ਰੇਚਲ ਨੋਟਲੀ ਦੀ ਅਗਵਾਈ ਵਾਲੀ ਸਰਕਾਰ ਪੂਰੀ ਮਜ਼ਬੂਤੀ ਨਾਲ ਕਾਇਮ ਹੋਵੇਗੀ ।

**Reference: Free Alberta Strategy**

## ਹੈਲਮਟ ਦਾ ਹੁਕਮ-ਰੁਕੋ ਜ਼ਰਾ

# ਭਾਰਤੀ ਸਿੱਖ ਫੌਜੀਆਂ ਦਾ ਆਧੁਨਿਕ ਵਿਸ਼ੇਸ਼ ਹੈਲਮਟ ਦਸਤਾਰਾਂ ਉਪਰ ਸਜੇਗਾ ਕਿ ਨਹੀਂ ? ਮਾਮਲਾ ਚਰਚਾ 'ਚ

-ਹਰਜਿੰਦਰ ਸਿੰਘ ਬਸਿਆਲਾ-

: 100 ਸਾਲਾਂ ਬਾਅਦ ਭਾਰਤੀ ਫੌਜ 'ਚ ਫਿਰ ਦਸਤਾਰ-ਹੈਲਮੇਟ ਵਿਵਾਦ ਛਿੜਿਆ ਹੈ। ਇਹ ਨਵੇਂ ਆਧੁਨਿਕ ਹੈਲਮਟ ਸਿੱਖਾਂ ਲਈ ਭਾਰਤ ਸਰਕਾਰ ਖਰੀਦ ਰਹੀ ਹੈ।

ਵਿਸ਼ੇਸ਼ਤਾ ਅਤੇ ਸਮੱਸਿਆ ਕੀ ਹੈ ?

9 ਜਨਵਰੀ 2023 ਨੂੰ ਰੱਖਿਆ ਮੰਤਰਾਲੇ ਨੇ ਸਿੱਖ ਸੈਨਿਕਾਂ ਲਈ ਐਮਰਜੈਂਸੀ ਵਸਤੂਆਂ ਵਜੋਂ 12,730 'ਬੈਲਿਸਟਿਕ ਹੈਲਮੇਟ' ਖਰੀਦਣ ਦਾ ਹੁਕਮ ਦਿੱਤਾ ਹੈ। ਇਹ ਵਿਸ਼ੇਸ਼ ਹੈਲਮੇਟ MQ ਕੰਪਨੀ ਨੇ ਸਿੱਖ ਫੌਜੀਆਂ ਲਈ ਬਣਾਇਆ ਹੈ। ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਸਿੱਖਾਂ ਦੀ ਸਭ ਤੋਂ ਵੱਡੀ ਸੰਸਥਾ ਸ਼੍ਰੋਮਣੀ ਕਮੇਟੀ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਹੈ।

**ਸਭ ਤੋਂ ਪਹਿਲਾਂ ਇਹ ਜਾਣ ਲਓ ਕਿ ਕੀ ਹੈ ਪੂਰਾ ਮਾਮਲਾ ?**

ਰਿਪੋਰਟਾਂ ਅਨੁਸਾਰ, ਰੱਖਿਆ ਮੰਤਰਾਲਾ ਫਾਸਟ ਟਰੈਕ ਮੋਡ ਵਿੱਚ ਸਿੱਖ ਸੈਨਿਕਾਂ ਲਈ 12,730 'ਬੈਲਿਸਟਿਕ ਹੈਲਮੇਟ' ਖਰੀਦਣ ਦੀ ਯੋਜਨਾ ਬਣਾ ਰਿਹਾ ਹੈ। ਮੰਤਰਾਲੇ ਨੇ ਸਿੱਖਾਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਇਸ ਹੈਲਮੇਟ ਲਈ ਟੈਂਡਰ ਵੀ ਜਾਰੀ ਕੀਤਾ ਹੈ। ਇਨ੍ਹਾਂ ਵਿੱਚੋਂ 8911 ਵੱਡੇ ਆਕਾਰ ਦੇ ਅਤੇ 3819 ਵਾਧੂ ਵੱਡੇ ਆਕਾਰ ਦੇ ਹੈਲਮੇਟ ਹਨ। ਸਿੱਖ ਫੌਜੀਆਂ ਲਈ ਬਣਿਆ ਪਹਿਲਾ ਆਰਾਮਦਾਇਕ ਹੈਲਮੇਟ ਹੈ ਅਤੇ ਇਸ ਨੂੰ 'ਵੀਰ' ਦਾ ਨਾਂਅ ਵੀ ਦਿੱਤਾ ਗਿਆ ਹੈ।

ਇਸ ਹੈਲਮੇਟ ਨੂੰ ਬਣਾਉਣ ਵਾਲੀ ਕੰਪਨੀ ਐਮ. ਕਿਊ. ਦਾ ਕਹਿਣਾ ਹੈ ਕਿ ਇਹ ਹੈਲਮੇਟ ਸਿੱਖਾਂ ਦੀ ਧਾਰਮਿਕ ਆਸਥਾ ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਹੈ। ਸਿੱਖ ਸਿਪਾਹੀ ਇਸਨੂੰ ਆਸਾਨੀ ਨਾਲ ਆਪਣੀ ਦਸਤਾਰ ਉੱਤੇ ਪਹਿਨ ਸਕਦੇ ਹਨ। ਇਸ ਤੋਂ ਪਹਿਲਾਂ ਸਿੱਖ ਸੈਨਿਕਾਂ ਲਈ ਪਹਿਨਣ ਲਈ ਆਰਾਮਦਾਇਕ ਹੈਲਮੇਟ ਨਹੀਂ ਸੀ। ਇਸ ਨੂੰ ਪਹਿਨ ਕੇ ਫ਼ੌਜੀ ਜੰਗ ਵੀ ਲੜ ਸਕਦੇ ਹਨ। ਇਹ ਐਂਟੀ ਫੰਗਲ, ਐਂਟੀ ਐਲਰਜੀ ਅਤੇ ਬੁਲੇਟ ਪਰੂਫ ਹੈ।

ਇਸ ਤੋਂ ਇਲਾਵਾ ਵੀਰ ਮਲਟੀ ਐਕਸੈਸਰੀ ਕਨੈਕਟਰ ਸਿਸਟਮ ਭਾਵ MACS ਨਾਲ ਲੈਸ ਹੈ। ਇਸ ਨਾਲ ਐਮਰਜੈਂਸੀ 'ਚ ਜਵਾਨ ਦੀ ਲੋਕੇਸ਼ਨ ਆਸਾਨੀ ਨਾਲ ਟਰੇਸ ਕੀਤੀ ਜਾ ਸਕਦੀ ਹੈ। ਇਹ ਹੈਲਮੇਟ ਹੈੱਡ-ਮਾਉਂਟਡ ਸੈਂਸਰ, ਕੈਮਰਾ, ਟਾਰਚ, ਸੰਚਾਰ ਯੰਤਰ ਅਤੇ ਨਾਈਟ ਵਿਜ਼ਨ ਡਿਵਾਈਸ ਨਾਲ ਲੈਸ ਹੈ।

**ਸਿੱਖਾਂ ਲਈ ਦਸਤਾਰ ਸਿਰਫ਼ ਇੱਕ ਕੱਪੜਾ ਨਹੀਂ ਹੈ, ਇਹ ਸਿਰ ਦਾ ਤਾਜ ਹੈ**

ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੈਲਮੇਟ ਦੇ ਫ਼ੈਸਲੇ ਨੂੰ 'ਸਿੱਖ ਪਛਾਣ 'ਤੇ ਹਮਲਾ' ਕਰਾਰ ਦਿੱਤਾ ਹੈ। ਉਨ੍ਹਾਂ ਕੇਂਦਰ ਸਰਕਾਰ ਅਤੇ ਫੌਜ ਨੂੰ ਇਸ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਦਸਤਾਰ ਦੀ ਥਾਂ ਹੈਲਮੇਟ ਪਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ 'ਸਿੱਖ ਪਛਾਣ ਨੂੰ ਦਬਾਉਣ ਦੀ ਕੋਸ਼ਿਸ਼' ਵਜੋਂ ਦੇਖਿਆ ਜਾਵੇਗਾ। ਜਥੇਦਾਰ ਨੇ ਕਿਹਾ ਕਿ ਸਿੱਖ ਦੇ ਸਿਰ 'ਤੇ ਬੰਨ੍ਹੀ ਦਸਤਾਰ ਕੋਈ 5 ਜਾਂ 7 ਮੀਟਰ ਦਾ ਕੱਪੜਾ ਨਹੀਂ ਹੈ, ਇਹ ਸਾਡੀ ਪਛਾਣ ਅਤੇ ਸਿਰ ਦਾ ਤਾਜ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਹਰਜੀਤ ਗਰੇਵਾਲ ਨੇ ਕਿਹਾ ਹੈ ਕਿ ਸਿੱਖਾਂ ਨੂੰ ਹੈਲਮੇਟ ਦੇਣ ਨਾਲ ਉਨ੍ਹਾਂ ਦੀ ਵੱਖਰੀ ਪਛਾਣ ਖ਼ਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਦੂਜੇ ਵਿਸ਼ਵ ਯੁੱਧ ਦੌਰਾਨ ਵੀ ਸਿੱਖ ਫੌਜੀਆਂ ਨੇ ਹੈਲਮਟ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ, ਇਸ ਲਈ ਕੇਂਦਰ ਨੂੰ ਇਸ ਮੁੱਦੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਸੋ ਭਾਰਤ ਸਰਕਾਰ ਨੂੰ ਅਜੇ ਰੁਕਣ ਦੀ ਗੱਲ ਹੋ ਰਹੀ ਹੈ।

**ਪਹਿਲੇ ਵਿਸ਼ਵ ਯੁੱਧ ਵਿੱਚ ਹੀ ਹੈਲਮੇਟ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ**

ਹੈਲਮੇਟ ਦੀ ਵਰਤੋਂ ਬਾਰੇ ਬਹਿਸ ਸਿੱਖ ਕੌਮ ਲਈ ਕੋਈ ਨਵੀਂ ਗੱਲ ਨਹੀਂ ਹੈ। ਅਕਤੂਬਰ 1914 ਵਿਚ, ਬ੍ਰਿਟਿਸ਼ ਫੌਜ ਵੱਲੋਂ 15 ਲੁਧਿਆਣੇ ਸਿੱਖ ਪਲਟੂਨ ਜਰਮਨੀ ਵਿਰੁੱਧ ਲੜਨ ਲਈ ਮੋਰਚੇ 'ਤੇ ਪਹੁੰਚੇ ਸਨ। ਇਸ ਦੌਰਾਨ ਬ੍ਰਿਟਿਸ਼ ਅਧਿਕਾਰੀਆਂ ਨੇ ਉਸ ਨੂੰ ਹੈਲਮੇਟ ਪਹਿਨਣ ਦਾ ਹੁਕਮ ਦਿੱਤਾ। ਇਹ ਪਹਿਲੀ ਵਾਰ ਸੀ ਜਦੋਂ ਸਿੱਖ ਫੌਜੀਆਂ ਨੇ ਹੈਲਮਟ ਪਾਉਣ ਤੋਂ ਇਨਕਾਰ ਕੀਤਾ ਸੀ। ਅੰਗਰੇਜ਼ ਅਫ਼ਸਰਾਂ ਤੋਂ ਇਲਾਵਾ ਪੰਜਾਬ ਦੀਆਂ ਸਿੰਘ ਸਭਾਵਾਂ ਦੀ ਕੇਂਦਰੀ ਸੰਸਥਾ ਚੀਫ਼ ਖ਼ਾਲਸਾ ਦੀਵਾਨ ਨੇ ਵੀ ਉਸ ਸਮੇਂ ਦੌਰਾਨ ਸਿੱਖ ਫ਼ੌਜੀਆਂ ਨੂੰ ਹੈਲਮਟ ਪਾਉਣ ਦੀ ਸਿਫ਼ਾਰਸ਼ ਕੀਤੀ ਸੀ। ਪਰ ਸਿੱਖ ਸਿਪਾਹੀਆਂ ਨੇ ਇਹ ਗੱਲ ਨਹੀਂ ਸੁਣੀ ਅਤੇ ਪੱਗਾਂ ਬੰਨ੍ਹ ਕੇ ਹੀ ਜੰਗ ਲੜੀ। ਬ੍ਰਿਗੇਡੀਅਰ ਇੰਦਰਜੀਤ ਸਿੰਘ ਗਾਖਲ ਦਾ ਕਹਿਣਾ ਹੈ ਕਿ ਅਜਿਹੀਆਂ ਕੁਝ ਹੋਰ ਘਟਨਾਵਾਂ ਵੀ ਵਾਪਰੀਆਂ ਹਨ। ਹਾਲਾਂਕਿ, ਉਦੋਂ ਤੱਕ ਬ੍ਰਿਟਿਸ਼ ਫੌਜ ਨੇ ਇੱਕ ਆਦੇਸ਼ ਪਾਸ ਕਰ ਦਿੱਤਾ ਸੀ ਕਿ ਸਿੱਖ ਸੈਨਿਕਾਂ ਨੂੰ ਹੈਲਮਟ ਪਾਉਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਹੈ।

ਹੈਲਮੇਟ ਦੀ ਵਰਤੋਂ ਬਾਰੇ ਬਹਿਸ ਸਿੱਖ ਕੌਮ ਲਈ ਕੋਈ ਨਵੀਂ ਗੱਲ ਨਹੀਂ ਹੈ। ਅਕਤੂਬਰ 1914 ਵਿਚ, ਬ੍ਰਿਟਿਸ਼ ਫੌਜ ਵੱਲੋਂ 15 ਲੁਧਿਆਣੇ ਸਿੱਖ ਪਲਟੂਨ ਜਰਮਨੀ ਵਿਰੁੱਧ ਲੜਨ ਲਈ ਮੋਰਚੇ 'ਤੇ ਪਹੁੰਚੇ ਸਨ। ਇਸ ਦੌਰਾਨ ਬ੍ਰਿਟਿਸ਼ ਅਧਿਕਾਰੀਆਂ ਨੇ ਉਸ ਨੂੰ ਹੈਲਮੇਟ ਪਹਿਨਣ ਦਾ ਹੁਕਮ ਦਿੱਤਾ। ਇਹ ਪਹਿਲੀ ਵਾਰ ਸੀ ਜਦੋਂ ਸਿੱਖ ਫੌਜੀਆਂ ਨੇ ਹੈਲਮਟ ਪਾਉਣ ਤੋਂ ਇਨਕਾਰ ਕੀਤਾ ਸੀ।




ਇਸ ਦੇ ਬਾਵਜੂਦ ਅੰਗਰੇਜ਼ ਸਿੱਖ ਫੌਜੀਆਂ ਨੂੰ ਹੈਲਮਟ ਪਾਉਣ ਲਈ ਲਗਾਤਾਰ ਦਬਾਅ ਪਾ ਰਹੇ ਸਨ। ਅੰਗਰੇਜ਼ਾਂ ਨੇ ਇਸ ਮੁੱਦੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਨੂੰ ਮਨਾਉਣ ਵਿਚ ਵੀ ਕਾਮਯਾਬੀ ਹਾਸਲ ਕਰ ਲਈ ਸੀ। ਇਸ ਦੇ ਬਾਵਜੂਦ ਸਿੱਖ ਫੌਜੀਆਂ ਨੇ ਹੈਲਮਟ ਨਹੀਂ ਪਾਇਆ। ਇਸ ਤੋਂ ਬਾਅਦ ਦੂਜਾ ਵਿਸ਼ਵ ਯੁੱਧ (1939-1945) ਦਸਤਾਰ ਵਿੱਚ ਹੀ ਲੜਿਆ ਗਿਆ। ਮਤਲਬ ਇੱਕ ਵਾਰ ਫਿਰ ਹੈਲਮਟ ਨਹੀਂ ਪਹਿਨਿਆ ਗਿਆ।

ਨਵੰਬਰ 1976 ਵਿੱਚ, ਬ੍ਰਿਟਿਸ਼ ਮਹਾਰਾਣੀ ਐਲਿਜ਼ਾਬੈਥ-2 ਨੇ ਦਸਤਾਰਧਾਰੀ ਸਿੱਖ ਭਾਈਚਾਰੇ ਨੂੰ ਦੋਪਹੀਆ ਵਾਹਨਾਂ ਦੀ ਸਵਾਰੀ ਕਰਦੇ ਸਮੇਂ ਹੈਲਮਟ ਪਹਿਨਣ ਤੋਂ ਛੋਟ ਦੇਣ ਲਈ ਇੱਕ ਬਿੱਲ ਨੂੰ ਆਪਣੀ ਸ਼ਾਹੀ ਮਨਜ਼ੂਰੀ ਦੇ ਦਿੱਤੀ ਸੀ।

ਹਾਲਾਂਕਿ ਇਸ ਬਿੱਲ 'ਤੇ ਲੰਬੀ ਬਹਿਸ ਹੋਈ। ਇਸ ਦੌਰਾਨ ਸੁਰੱਖਿਆ, ਦੂਜੇ ਵਿਸ਼ਵ ਯੁੱਧ ਵਿੱਚ ਸਿੱਖ ਸੈਨਿਕਾਂ ਦੇ ਬਹਾਦਰੀ ਭਰੇ ਕਾਰਨਾਮਿਆਂ, ਸਿੱਖਾਂ ਲਈ ਰੁਜ਼ਗਾਰ ਦੇ ਮੌਕਿਆਂ 'ਤੇ ਹੈਲਮੇਟ ਦਾ ਪ੍ਰਭਾਵ ਅਤੇ ਬ੍ਰਿਟਿਸ਼ ਸਮਾਜ ਵਿੱਚ ਸਹਿਣਸ਼ੀਲਤਾ ਸਮੇਤ ਕਈ ਪਹਿਲੂਆਂ ਬਾਰੇ ਗੱਲ ਕੀਤੀ ਗਈ। ਬ੍ਰਿਟਿਸ਼ ਸਿੱਖ ਸੰਸਦ ਮੈਂਬਰ ਸਿਡਨੀ ਸਿੰਘ ਬਿਡਵੇਲ ਨੇ ਇਸ ਬਿੱਲ ਨੂੰ ਪਾਸ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਬ੍ਰਿਟਿਸ਼ ਸੰਸਦ ਮੈਂਬਰ ਅਰਲ ਗ੍ਰੇ ਨੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਕਿਹਾ ਕਿ ਜਦੋਂ ਦੂਜੇ ਵਿਸ਼ਵ ਯੁੱਧ ਦਾ ਐਲਾਨ ਕੀਤਾ ਗਿਆ ਸੀ, ਇੱਕ ਫੌਜੀ ਆਦੇਸ਼ ਜਾਰੀ ਕੀਤਾ ਗਿਆ ਸੀ। ਇਸ ਆਦੇਸ਼ ਵਿੱਚ ਕਿਹਾ ਗਿਆ ਸੀ ਕਿ ਭਾਰਤੀ ਫੌਜ ਦੇ ਸਾਰੇ ਜਵਾਨਾਂ ਨੂੰ ਸਟੀਲ ਹੈਲਮੇਟ ਪਹਿਨਣਾ ਹੋਵੇਗਾ। ਇਸ 'ਤੇ ਸਿੱਖ ਫੌਜੀਆਂ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਹੈਲਮੇਟ ਪਾਉਣ ਲਈ ਮਜ਼ਬੂਰ ਕੀਤਾ ਗਿਆ ਤਾਂ ਉਹ ਜੰਗ 'ਚ ਹਿੱਸਾ ਨਹੀਂ ਲੈਣਗੇ। ਇਸ ਤੋਂ ਬਾਅਦ ਇਹ ਹੁਕਮ ਵਾਪਸ ਲੈ ਲਿਆ ਗਿਆ।

ਅਰਲ ਗ੍ਰੇ ਨੇ ਦੱਸਿਆ ਕਿ ਕਮਾਂਡਿੰਗ ਅਫਸਰਾਂ ਵੱਲੋਂ ਜੰਗ ਵਿੱਚ ਸਿੱਖਾਂ ਦੀ ਸ਼ਲਾਘਾ ਕਰਨ ਵਾਲੇ ਬਹੁਤ ਸਾਰੇ ਪੱਤਰ ਹਨ। ਉਨ੍ਹਾਂ ਦੱਸਿਆ ਕਿ ਸਿੱਖ ਜੋ ਦਸਤਾਰ ਪਹਿਨਦੇ ਹਨ ਉਸ ਦੀਆਂ ਕਈ ਪਰਤਾਂ ਹੁੰਦੀਆਂ ਹਨ ਜੋ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਦੂਜੇ ਵਿਸ਼ਵ ਯੁੱਧ ਵਿੱਚ ਪੰਜਾਬ ਰੈਜੀਮੈਂਟ ਦੀ ਕਮਾਨ ਸੰਭਾਲਣ ਵਾਲੇ ਕਰਨਲ ਹਿਊਜ਼ ਇੱਕ ਅਜਿਹੇ ਪੱਤਰ ਵਿੱਚ ਲਿਖਦੇ ਹਨ ਕਿ ਸਿੱਖ ਫੌਜੀਆਂ ਨੇ ਜੰਗ ਵਿੱਚ ਪੱਗਾਂ ਬੰਨ੍ਹੀਆਂ ਸਨ। ਇਸ ਦੇ ਬਾਵਜੂਦ, ਹਾਲਾਂਕਿ, ਉਨ੍ਹਾਂ ਨੂੰ ਸਟੀਲ ਹੈਲਮੇਟ ਪਹਿਨਣ ਵਾਲੀ ਕਿਸੇ ਵੀ ਹੋਰ ਬਟਾਲੀਅਨ ਨਾਲੋਂ ਘੱਟ ਸਿਰ ਦੀਆਂ ਸੱਟਾਂ ਲੱਗੀਆਂ।

# ਪਾਣੀ ਪਤਾਲ ਨੂੰ ਇਮਾਰਤਾਂ ਆਕਾਸ਼ ਨੂੰ


ਪ੍ਰਿੰ: ਸਰਵਣ ਸਿੰਘ

**ਆਪਣੇ ਪਿੰਡ ਚਕਰੋਂ ਨਿੱਤ ਵੀਹ ਕਿਲੋਮੀਟਰ ਆਉਣ ਜਾਣ ਦੀ ਥਾਂ ਅਸੀਂ ਢੁੱਡੀਕੇ ਦੇ ਕੈਨੇਡਾ/ਅਮਰੀਕਾ ਰਹਿੰਦੇ ਮਾਲਕਾਂ ਦੀਆਂ ਬਣਾਈਆਂ ਖੁੱਲ੍ਹੀਆਂ ਡੁੱਲ੍ਹੀਆਂ ਕੋਠੀਆਂ ਵਿਚ ਰਹੇ। ਕੋਈ ਕਿਰਾਇਆ ਨਹੀਂ, ਭਾੜਾ ਨਹੀਂ ਅਤੇ ਮਕਾਨ ਦੀ ਮੁਰੰਮਤ ਤੇ ਰੰਗ ਰੋਗਨ ਦਾ ਵੀ ਕੋਈ ਫਿਕਰ ਨਹੀਂ। ਕੋਠੀਆਂ ਪਾਉਣ ਵਾਲਿਆਂ ਨੂੰ ਇਸ ਕਰਕੇ ਕੋਈ ਫਿਕਰ ਨਹੀਂ ਸੀ ਕਿ ਉਨ੍ਹਾਂ ਦੀਆਂ ਕੋਠੀਆਂ ਅਸੀਂ ਮੁਫ਼ਤ ਵਿਚ 'ਸੰਭਾਲੀਆਂ' ਹੋਈਆਂ ਸਨ। ਭਈਆਂ ਨੂੰ ਸੰਭਾਲਦੇ ਤਾਂ ਪੈਸੇ ਦੇਣੇ ਪੈਂਦੇ। ਵਿਚੋਂ ਮੈਂ ਤੇ ਮੇਰੀ ਪਤਨੀ ਅਮਰੀਕਾ ਗਏ ਤਾਂ ਅਮਰੀਕਾ ਵਾਲਿਆਂ ਨੇ ਜ਼ੋਰ ਪਾ ਕੇ ਕਿਹਾ, "ਕੈਨੇਡਾ ਵਾਲਿਆਂ ਦਾ ਮਕਾਨ ਤਾਂ ਤੁਸੀਂ ਬਹੁਤ ਚਿਰ ਸੰਭਾਲ ਲਿਐ, ਹੁਣ ਸਾਡਾ ਵੀ ਸਾਂਭੋ!" ਬਰਨਾਰਡ ਸਾਅ ਦੀ ਗੱਲ ਸੱਚੀ ਸਾਬਤ ਹੋਈ ਕਿ 'ਮੂਰਖ' ਮਕਾਨ ਬਣਾਉਂਦੇ ਹਨ, 'ਸਿਆਣੇ' ਉਨ੍ਹਾਂ 'ਚ ਰਹਿੰਦੇ ਹਨ।**

ਕਾਰਪੋਰੇਟੀ ਸਿਸਟਮ ਦੀ ਕਾਰਸਤਾਨੀ ਵੇਖੋ ਕਿ ਪੰਜਾਬ ਦਾ ਪਾਣੀ ਪਤਾਲ ਵੱਲ ਨੂੰ ਨਿੱਘਰੀ ਜਾ ਰਿਹੈ ਤੇ ਇਮਾਰਤਾਂ ਆਕਾਸ ਵੱਲ ਨੂੰ ਉੱਸਰੀ ਜਾ ਰਹੀਐਂ! ਕਦੇ ਕਹਾਵਤ ਸੀ, "ਪੱਤੋ ਦੇ ਸੁਕੀਨ ਬੋਝੇ 'ਚ ਗਾਜਰਾਂ।" ਉਹ ਕਹੌਤ ਹੁਣ ਪੂਰੇ ਪੰਜਾਬ 'ਤੇ ਢੁੱਕਦੀ ਲੱਗਦੀ ਹੈ। ਹੁਣ ਤਾਂ ਸਾਡੇ ਸਾਧਾਰਨ ਪੇਂਡੂ ਭਰਾ ਵੀ ਫੋਕੀਆਂ ਟੌਅਰਾਂ ਨੇ ਪੱਟ ਛੱਡੇ ਨੇ। ਨਿੱਤ ਨਵੀਂ ਰੀਸ ਦੀ ਘੜੀਸ ਹੋ ਰਹੀ ਹੈ। ਸਿੱਟੇ ਵਜੋਂ ਹਾਲਤ ਉਸ ਅਖੌਤ ਵਾਲੀ ਹੋਈ ਪਈ ਹੈ, "ਵੇਖੋ ਜੱਟ ਦੀ ਅਕਲ ਗਈ, ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋ ਗਿਆ ਲਿੱਦ ਚੱਕਣੀ ਪਈ।" ਕਈ ਸੁਕੀਨ 'ਕਿਸੇ ਤੋਂ ਘੱਟ ਨਾ ਰਹਿਣ' ਦੀ ਭੇਡ ਚਾਲ ਵਿਚ ਈ ਜਮੀਨਾਂ ਵੇਚ ਕੇ ਕੋਠੀਆਂ ਬਣਾਈ ਜਾਂਦੇ ਹਨ। ਕਹਿੰਦੇ ਹਨ, "ਜਮੀਨ ਤਾਂ ਕੋਈ ਮਗਰੋਂ ਦੇਖੂ, ਕੋਠੀ ਪਹਿਲਾਂ ਦਿਸੂ!" ਕੋਈ ਕਹਿੰਦਾ ਹੈ, "ਪੈਸਾ ਕਿਹੜਾ ਕਿਸੇ ਨੂੰ ਦਿਸਦੈ? ਕੋਠੀ ਤਾਂ ਅੰਨ੍ਹਿਆਂ ਨੂੰ ਵੀ ਦੀਂਹਦੀ ਐ!"

ਹਜਾਰਾ ਸਿੰਘ ਰਮਤਾ ਜਟਕਾ ਕਵੀ ਸੀ। ਉਸ ਨੇ ਇਕ ਵਾਰ ਜਟਕੀ ਗੱਲ ਸੁਣਾਈ। ਅਖੇ ਬਾਣੀਏਂ ਦੀ ਲਾਟਰੀ ਨਿਕਲ ਆਵੇ ਤਾਂ ਉਹ ਇਕ ਦੁਕਾਨ ਹੋਰ ਖੋਲ੍ਹ ਲੈਂਦੈ। ਅੰਗਰੇਜ ਨੂੰ ਚੈੱਕ ਮਿਲ ਜਾਵੇ ਤਾਂ ਉਹ ਸੈਰਸਪਾਟੇ ਦਾ ਇਕ ਟੂਰ ਹੋਰ ਬਣਾ ਲੈਂਦੈ। ਮੁਸਲਮਾਨ ਨੂੰ ਕਿਤੋਂ ਪੈਸੇ ਮਿਲ ਜਾਣ ਤਾਂ ਉਹ ਇਕ ਵਿਆਹ ਹੋਰ ਕਰਾ ਲੈਂਦੈ। ਜੱਟ ਨੂੰ ਭਾਵੇਂ ਕਰਜਾ ਚੁੱਕ ਕੇ ਈ ਪੈਸੇ ਮਿਲੇ ਹੋਣ ਉਹ ਇਕ ਕਤਲ ਹੋਰ ਕਰ ਦਿੰਦੈ! ਰਮਤੇ ਦੀ ਗੱਲ 'ਚ ਬੱਸ ਏਨਾ ਵਾਧਾ ਕਰਨ ਦੀ ਲੋੜ ਹੈ ਕਿ ਜੱਟ ਜਦੋਂ ਦੇ 'ਬਾਹਰ' ਦੇ 'ਐਨਆਈਆਰ' ਬਣੇ ਹਨ ਉਦੋਂ ਤੋਂ ਉਹ ਕਾਫੀ 'ਸੁਧਰ' ਗਏ ਹਨ। ਹੁਣ ਉਹ ਕਮਾਏ ਪੌਂਡਾਂ ਤੇ ਡਾਲਰਾਂ ਨਾਲ ਕਿਸੇ ਦਾ ਕਤਲ ਕਰ ਕੇ 'ਸੂਰਮੇ' ਵੱਜਣ ਦੀ ਥਾਂ ਆਪਣੇ ਪਿੰਡਾਂ ਵਿਚ ਚੜ੍ਹਦੇ ਤੋਂ ਚੜ੍ਹਦੀਆਂ ਕੋਠੀਆਂ ਪਾ ਕੇ 'ਫੰਨੇ ਖਾਂ' ਕਹਾਉਣ ਲੱਗ ਪਏ ਹਨ। ਉਂਜ ਡਰ ਇਹੀ ਹੈ, ਕਿਤੇ ਵੱਟਾਂ ਬੰਨਿਆਂ ਦੇ ਕਤਲਾਂ ਵਾਂਗ ਭਵਿੱਖ 'ਚ ਕੋਠੀਆਂ ਪਿੱਛੇ ਕਤਲ ਨਾ ਹੋਣ ਲੱਗ ਪੈਣ!

ਪੰਜਾਬ ਦੇ ਪਿੰਡਾਂ ਨੂੰ ਉਤੋਂ ਉਤੋਂ ਵੇਖੀਏ ਤਾਂ ਬੜੇ ਰੱਜੇ ਪੁੱਜੇ ਦਿਸਦੇ ਹਨ ਪਰ ਅੰਦਰੋਂ ਕਰਜੇ ਦੇ ਖਾਧੇ ਪੀਤੇ ਪਏ ਹਨ। ਕੋਠੀਆਂ 'ਚ ਸੰਗ ਮਰਮਰ ਲੱਗੀ ਜਾਂਦਾ ਹੈ ਬਾਹਰ ਬਰਬਰ ਉੱਡੀ ਜਾਂਦੀ ਹੈ। ਜਿਨ੍ਹਾਂ ਬੱਚਿਆਂ ਲਈ ਦੁਹਾਸਵੇਂ ਤਿਹਾਸਵੇਂ ਛੱਤੇ ਜਾ ਰਹੇ ਹਨ ਉਨ੍ਹਾਂ ਨੇ ਉਹਨਾਂ ਵਿਚ ਰਹਿਣਾ ਨਹੀਂ ਤੇ ਜਿਹੜੇ ਉਮਰ ਭਰ ਦੀ ਕਮਾਈ ਲਾ ਰਹੇ ਹਨ ਉਹ ਆਪਣੀ ਹੋਂਦ ਜਤਲਾਉਣ ਤੇ ਹਉਂ ਵਿਖਾਉਣ ਲਈ ਹੀ ਹੂਲੇ ਫੱਕ ਰਹੇ ਹਨ। ਹਾਂ ਇਹ ਗੱਲ ਜ਼ਰੂਰ ਹੈ, ਜਿਹੜੇ ਭਈਏ ਮਜਦੂਰ ਬਣ ਕੇ ਪੰਜਾਬ ਦੀਆਂ ਕੋਠੀਆਂ ਉਸਾਰ ਰਹੇ ਹਨ ਆਖਰ ਉਹਨਾਂ ਨੇ ਹੀ ਉਹ 'ਸਾਂਭਣੀਆਂ' ਹਨ। ਬਹੁਤ ਸਾਰੀਆਂ ਕੋਠੀਆਂ ਉਹ 'ਸਾਂਭ' ਵੀ ਰਹੇ ਹਨ। ਉਹ ਕੋਠੀਆਂ ਉਤੇ ਪੱਕੇ ਕਬਜੇ ਕਰ ਲੈਣ ਤਾਂ ਕੋਈ ਅਲੋਕਾਰ ਗੱਲ ਨਹੀਂ ਹੋਵੇਗੀ। ਉਸਾਰੀਆਂ ਜੁ ਉਨ੍ਹਾਂ ਨੇ ਹਨ। ਜੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਵਿਦੇਸਾਂ 'ਚ ਈ ਵਸ ਜਾਣਾ ਹੈ ਤਾਂ ਭਈਆਂ ਦਾ ਦਾਅ ਲੱਗ ਈ ਜਾਣੈ। ਉਹ ਉਨ੍ਹਾਂ ਦੇ ਉਸਾਰੇ ਮਹਿਲ ਸੁੰਨੇ ਕਿਉਂ ਰਹਿਣ ਛੱਡਣਗੇ?

ਮੈਂ ਢੁੱਡੀਕੇ ਕਾਲਜ ਵਿਚ ਤੀਹ ਕੁ ਸਾਲ ਪੜ੍ਹਾਇਆ। ਆਪਣੇ ਪਿੰਡ ਚਕਰੋਂ ਨਿੱਤ ਵੀਹ ਕਿਲੋਮੀਟਰ ਆਉਣ ਜਾਣ ਦੀ ਥਾਂ ਅਸੀਂ ਢੁੱਡੀਕੇ ਦੇ ਕੈਨੇਡਾ/ਅਮਰੀਕਾ ਰਹਿੰਦੇ ਮਾਲਕਾਂ ਦੀਆਂ ਬਣਾਈਆਂ ਖੁੱਲ੍ਹੀਆਂ ਡੁੱਲ੍ਹੀਆਂ ਕੋਠੀਆਂ ਵਿਚ ਰਹੇ। ਕੋਈ ਕਿਰਾਇਆ ਨਹੀਂ, ਭਾੜਾ ਨਹੀਂ ਅਤੇ ਮਕਾਨ ਦੀ ਮੁਰੰਮਤ ਤੇ ਰੰਗ ਰੋਗਨ ਦਾ ਵੀ ਕੋਈ ਫਿਕਰ ਨਹੀਂ। ਕੋਠੀਆਂ ਪਾਉਣ ਵਾਲਿਆਂ ਨੂੰ ਇਸ ਕਰਕੇ ਕੋਈ ਫਿਕਰ ਨਹੀਂ ਸੀ ਕਿ ਉਨ੍ਹਾਂ ਦੀਆਂ ਕੋਠੀਆਂ ਅਸੀਂ ਮੁਫਤ ਵਿਚ 'ਸੰਭਾਲੀਆਂ' ਹੋਈਆਂ ਸਨ। ਭਈਆਂ ਨੂੰ ਸੰਭਾਲਦੇ ਤਾਂ ਪੈਸੇ ਦੇਣੇ ਪੈਂਦੇ। ਵਿਚੋਂ ਮੈਂ ਤੇ ਮੇਰੀ ਪਤਨੀ ਅਮਰੀਕਾ ਗਏ ਤਾਂ ਅਮਰੀਕਾ ਵਾਲਿਆਂ ਨੇ ਜੋਰ ਪਾ ਕੇ ਕਿਹਾ, "ਕੈਨੇਡਾ ਵਾਲਿਆਂ ਦਾ ਮਕਾਨ ਤਾਂ ਤੁਸੀਂ ਬਹੁਤ ਚਿਰ ਸੰਭਾਲ ਲਿਐ, ਹੁਣ ਸਾਡਾ ਵੀ ਸਾਂਭੋ!" ਬਰਨਾਰਡ ਸਾਅ ਦੀ ਗੱਲ ਸੱਚੀ ਸਾਬਤ ਹੋਈ ਕਿ 'ਮੂਰਖ' ਮਕਾਨ ਬਣਾਉਂਦੇ ਹਨ, 'ਸਿਆਣੇ' ਉਨ੍ਹਾਂ 'ਚ ਰਹਿੰਦੇ ਹਨ।

ਪਿਛਲੇ ਪੰਜਾਹ ਸੱਠ ਸਾਲਾਂ ਵਿਚ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਹੁਤ ਬਦਲੀ ਹੈ। ਮੈਂ ਕੱਚੇ ਕੋਠਿਆਂ, ਛੱਪਰਾਂ ਤੇ ਛੱਤੜਿਆਂ ਵਾਲੇ ਪਿੰਡ ਵੇਖੇ ਹਨ। ਅੱਜ ਪੰਜਾਬ ਦੇ ਪਿੰਡਾਂ ਦਾ ਮੁਹਾਂਦਰਾ ਹੀ ਹੋਰ ਹੈ। ਪਿੰਡਾਂ ਵਿਚ ਕੋਠੀਆਂ ਉਸਾਰਨ ਦੀ ਦੌੜ ਲੱਗੀ ਹੋਈ ਹੈ ਜਿਨ੍ਹਾਂ 'ਚ ਬਹੁਤੀਆਂ ਵਿਦੇਸ ਗਏ ਵਿਅਕਤੀਆਂ ਦੀਆਂ ਹਨ। ਕਿਸੇ ਕੋਠੀ ਉਤੇ ਬਣਾਈ ਪਾਣੀ ਦੀ ਟੈਂਕੀ ਨੂੰ ਹਵਾਈ ਜਹਾਜ ਦਾ ਰੂਪ ਦੇ ਦਿੱਤਾ ਗਿਐ, ਕਿਸੇ 'ਤੇ ਟ੍ਰੈਕਟਰ ਤੇ ਕਿਸੇ ਉਤੇ ਕਾਰ ਚੜ੍ਹਾ ਦਿੱਤੀ ਗਈ ਹੈ। ਕਿਸੇ ਨੇ ਬਾਜ ਬਣਾਇਆ ਹੈ, ਕਿਸੇ ਨੇ ਸੇਰ। ਕੋਈ ਫੁੱਟਬਾਲ ਬਣਾਈ ਬੈਠਾ ਹੈ, ਕੋਈ ਭਾਰ ਚੁੱਕਦਾ ਹੋਇਆ ਵੇਟਲਿਫਟਰ। ਕਿਸੇ ਨੇ ਕਬੂਤਰ ਤੇ ਕਿਸੇ ਨੇ ਮੁਰਗਾ ਬਣਾਉਣ ਦਾ ਸੌਕ ਪਾਲਿਆ ਹੈ। ਸਾਡੇ ਪਿੰਡ ਦੀ ਇਕ ਕੋਠੀ ਉਤੇ ਗੈਸ ਸਿਲੰਡਰ ਦੇ ਵੱਡੇ ਆਕਾਰ ਦੀ ਟੈਂਕੀ ਬਣਾਈ ਗਈ ਹੈ। ਇਕ ਟੈਂਕੀ ਮੈਂ ਬੰਦੂਕ ਫੜੀ ਖੜ੍ਹੇ ਫੌਜੀ ਦੀ ਵੇਖੀ ਤੇ ਇਕ ਤੀਰ ਕਮਾਨ ਚਲਾਉਂਦੇ ਜੋਧੇ ਦੀ। ਹੋ ਸਕਦੈ ਕਿਸੇ ਕੋਠੀ ਦੀ ਟੈਂਕੀ ਤਾਜ ਮਹੱਲ ਵਰਗੀ ਵੀ ਹੋਵੇ। ਕੋਠੀ ਬਣਾਉਣ ਵਾਲੇ ਦੀ ਦਿਲੀ ਰੀਝ ਇਹੋ ਹੁੰਦੀ ਹੈ ਕਿ ਦੇਖਣ ਵਾਲੇ ਦੰਗ ਰਹਿ ਜਾਣ ਤੇ ਕੋਠੀ ਦੀ ਸਿਫਤ ਸਲਾਹ ਕਰਨ। 'ਗਾਹਾਂ ਨੂੰ ਕੋਠੀ 'ਚ ਰਹਿਣ ਰੂਹਣ ਦੀਆਂ ਗੱਲਾਂ ਕੌਣ ਪੁੱਛਦੈ?

ਕਦੇ ਜਲੰਧਰੋਂ ਰੋਪੜ ਵੱਲ ਚੱਲੋ। ਪਿੰਡਾਂ 'ਚ ਚੜ੍ਹਦੀਆਂ ਤੋਂ ਚੜ੍ਹਦੀਆਂ ਕੋਠੀਆਂ ਦੇ ਨਜਾਰੇ ਦਿਸਣਗੇ। ਨਵਾਂਸਹਿਰ ਵੱਲ ਵਧੋਗੇ ਤਾਂ ਪੰਜਾਹ ਸੱਠ ਲੱਖ ਤੋਂ ਲੈ ਕੇ ਕਰੋੜ ਦੋ ਕਰੋੜ ਦੀਆਂ ਕੋਠੀਆਂ ਦੇ ਝਲਕਾਰੇ ਪੈਣਗੇ। ਕੋਠੀਆਂ ਪਾਉਣ 'ਚ ਤਾਂ ਹੁਣ ਮਾਝਾ ਮਾਲਵਾ ਵੀ ਦੁਆਬਾ ਬਣ ਚੱਲਿਆ ਹੈ। ਹਿਸਾਬੀ ਕਿਤਾਬੀ ਬੰਦੇ ਦੱਸਦੇ ਹਨ ਕਿ ਪੰਜਾਬੀ ਹਰ ਸਾਲ ਕਰੋੜਾਂ ਦੀ ਸਰਾਬ ਪੀਦੇ ਤੇ ਅਰਬਾਂ ਖਰਬਾਂ ਦੇ ਹੋਰ ਨਸੇ ਕਰਦੇ ਹਨ। ਏਨੇ ਕੁ ਹੋਰ ਖਰਚੇ ਰੀਸੋ-ਰੀਸੀ ਕੇਵਲ ਵਿਖਾਵੇ ਦੀਆਂ ਕੋਠੀਆਂ, ਕਾਰਾਂ, ਮੈਰਿਜ ਪੈਲਸਾਂ, ਗਹਿਣੇ ਗੱਟੇ, ਡੇਰੇਦਾਰਾਂ ਤੇ ਸਿਆਸੀ ਰੈਲੀਆਂ 'ਤੇ ਹੁੰਦੇ ਵੀ ਜੋੜ ਲਓ। ਪੰਜਾਬ ਸਿਰ ਚੜ੍ਹੇ ਤਿੰਨ ਲੱਖ ਦੇ ਕਰਜੇ ਤੋਂ ਕਿਤੇ ਵੱਧ ਬਣਨਗੇ। ਏਨੇ ਧਨ ਦਾ ਕੋਈ ਉਤਪਾਦਨ ਵੀ ਹੋਇਆ ਹੋਵੇਗਾ ਜਾਂ ਸਾਰਾ ਖਪਤ ਖਾਤੇ ਚਲਾ ਗਿਆ ਹੋਵੇਗਾ? ਅਰਥ ਸਾਸਤ੍ਰੀ ਹਿਸਾਬ ਲਾ ਕੇ ਦੱਸਣ। ਏਨਾ ਧਨ ਪੰਜਾਬੀਆਂ ਦੇ ਉਤਪਾਦਕ ਰੁਜਗਾਰ ਉਤੇ ਲੱਗੇ ਤਾਂ ਪੰਜਾਬੀ ਬਾਹਰ ਨੂੰ ਕਿਉਂ ਭੱਜਣ? ਰੰਗਲਾ ਪੰਜਾਬ ਕੰਗਲਾ ਕਿਉਂ ਬਣੇ?

ਟੋਰਾਂਟੋ ਵਿਚ ਇਕ ਬੰਦੇ ਨੇ ਹੋਰ ਈ ਗੱਲ ਦੱਸੀ ਅਖੇ ਉਹਦੇ ਨਾਲ ਕੰਮ ਕਰਦੀ ਇਕ ਦੇਸੀ ਸੁਆਣੀ ਆਖੀ ਜਾਵੇ, "ਮੈਂ ਏਧਰੋਂ ਓਧਰੋਂ ਡਾਲਰ' ਕੱਠੇ ਕਰ ਕੇ ਪਿੰਡ ਕੋਠੀ ਪਾ ਆਈ ਆਂ ਤੇ ਸਰੀਕਾਂ ਦੀ ਪੂਛ ਨੂੰ ਅੱਗ ਲਾ ਆਈ ਆਂ। ਨੱਕ ਰੱਖਣ ਲਈ ਹੁਣ ਦੇਖਿਓ ਸਰੀਕ ਜਮੀਨਾਂ ਜਾਇਦਾਦਾਂ ਵੇਚ ਕੇ ਤੀਹ ਤੀਹ ਚਾਲੀ ਚਾਲੀ ਲੱਖ ਦਿੰਦੇ ਤੇ ਮੁੰਡੇ ਕੁੜੀਆਂ ਨੂੰ ਬਾਹਰ ਭੇਜਦੇ!"

ਪੂਛ ਨੂੰ ਅੱਗ ਲਾਉਣੀ ਸਰੀਕੇ 'ਚ ਬੜੀ ਕੁੱਤੀ ਸੈਅ ਹੈ। ਪਿੰਡਾਂ 'ਚ ਜਿਹੜੀਆਂ ਲੱਖਾਂ ਕਰੋੜਾਂ ਦੀਆਂ ਕੋਠੀਆਂ ਵੇਖ ਰਹੇ ਹਾਂ ਇਨ੍ਹਾਂ ਦੇ ਬਹੁਤੇ ਮਾਲਕ ਕਈ ਸਾਲ ਪਹਿਲਾਂ ਤੰਗੀ ਤੁਰਸੀ ਦੇ ਮਾਰੇ ਪਰਦੇਸਾਂ 'ਚ ਖੱਟਣ ਕਮਾਉਣ ਗਏ ਸਨ। ਉਥੇ ਉਨ੍ਹਾਂ ਨੇ ਹਿੱਕ ਡਾਹ ਕੇ ਕਰੜੇ ਤੋਂ ਕਰੜਾ ਕੰਮ ਕੀਤਾ। ਸੰਡੇ ਵੀ ਲਾਏ ਤੇ ਦੋ ਦੋ ਸਿਫਟਾਂ ਵੀ ਲਾਈਆਂ। ਤਾਪ ਚੜ੍ਹੇ ਤੋਂ ਵੀ ਦਿਹਾੜੀ ਨਾ ਭੰਨੀ। ਛੋਟੇ ਵੱਡੇ ਬਿਜਨਸ ਕੀਤੇ ਤੇ ਜਿੰਨਾ ਕੁ ਟੈਕਸ ਚੋਰੀ ਹੋ ਸਕਿਆ ਉਹ ਵੀ ਕੀਤਾ। ਟਰੱਕਾਂ ਉਤੇ ਨਸਾ ਪੱਤਾ ਲੰਘਾਉਣ ਦਾ ਰਿਸਕ ਵੀ ਲਿਆ। ਕਮਾਈਆਂ ਕਰਦਿਆਂ ਜੁਆਕਾਂ ਨਾਲ ਲਾਡ ਬਾਡੀਆਂ ਤਾਂ ਕੀ, ਕਈਆਂ ਤੋਂ ਜੁਆਕਾਂ ਦੇ ਮੂੰਹ ਵੀ ਨਹੀਂ ਵੇਖ ਹੋਏ। ਕਮਾਈਆਂ ਦਾ ਬਹੁਤਾ ਧਨ ਕੋਠੀਆਂ 'ਤੇ ਹੀ ਥੱਪਿਆ।

ਹੁਣ ਰਿਸਤੇਦਾਰਾਂ ਤੇ ਸਰੀਕਾਂ ਵੱਲੋਂ ਦੱਬੀਆਂ ਜਾ ਰਹੀਆਂ ਕੋਠੀਆਂ ਦੀ ਚਰਚਾ ਵੀ ਸੁਣਨ ਵਿਚ ਆ ਰਹੀ ਹੈ। ਪੁਲਿਸ ਨੇ ਦੱਬੀਆਂ ਹੋਈਆਂ ਕੋਠੀਆਂ ਛੁਡਾਉਣੀਆਂ ਹੁੰਦੀਆਂ ਹਨ ਪਰ ਸੁਣਨ ਵਿਚ ਆਇਐ ਕਈ ਪੁਲਸੀਆਂ ਨੇ ਹੀ ਦੱਬ ਰੱਖੀਆਂ ਹਨ। ਇਹ ਜਿਹੜਾ ਕਰੋੜਾਂ ਅਰਬਾਂ ਰੁਪਈਆ 'ਆਲੀਸਾਨ' ਤੇ 'ਸਾਨਦਾਰ' ਕੋਠੀਆਂ ਉਤੇ ਥੱਪਿਆ ਜਾ ਰਿਹੈ, ਕੀ ਇਸ ਧਨ ਦਾ ਮੂੰਹ ਕਦੇ ਉਤਪਾਦਨ ਕਾਰਜਾਂ ਵੱਲ ਵੀ ਹੋਵੇਗਾ? ਜਾਂ ਮੱਝ ਵੇਚ ਕੇ ਘੋੜੀ ਲੈਣ ਦੀ ਥਾਂ ਘੋੜੀ ਵੇਚ ਕੇ ਮੱਝ ਲੈਣ ਦਾ ਤੋਰਾ ਵੀ ਤੁਰੇਗਾ?

# ਕੀ ਦੁਨੀਆ ਬੁੱਢੀ ਹੁੰਦੀ ਜਾ ਰਹੀ ਹੈ?


ਜੀ. ਐੱਸ. ਗੁਰਦਿੱਤ
(94171-93193)

ਅੱਜ ਦੁਨੀਆ ਦੀ ਕੁੱਲ ਆਬਾਦੀ 8 ਅਰਬ (8 ਬਿਲੀਅਨ) ਹੋ ਚੁੱਕੀ ਹੈ ਅਤੇ ਅਨੁਮਾਨ ਹੈ ਕਿ 2060 ਤੱਕ ਇਹ 10 ਅਰਬ ਹੋ ਜਾਏਗੀ। ਪ੍ਰੰਤੂ ਇਸਦੇ ਨਾਲ ਹੀ ਇਹ ਵੀ ਵੇਖਣ ਦੀ ਲੋੜ ਹੈ ਕਿ ਕਿਹੜੇ ਮੁਲਕ ਵਿੱਚ ਕਿੰਨੇ ਫ਼ੀਸਦੀ ਬੱਚੇ, ਕਿੰਨੇ ਨੌਜਵਾਨ ਅਤੇ ਕਿੰਨੇ ਬਜ਼ੁਰਗ ਹਨ। 15 ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ 64 ਸਾਲ ਤੋਂ ਉੱਪਰ ਦੇ ਬਜ਼ੁਰਗ ਆਸ਼ਰਿਤ ਨਾਗਰਿਕ ਮੰਨੇ ਜਾਂਦੇ ਹਨ ਜੋ ਕਿ ਆਮ ਕਰਕੇ 15 ਸਾਲ ਤੋਂ 64 ਸਾਲ ਤੱਕ ਦੇ ਕੰਮ ਕਰਨ ਵਾਲੇ ਨਾਗਰਿਕਾਂ ਉੱਤੇ ਹੀ ਨਿਰਭਰ ਹੁੰਦੇ ਹਨ। ਇਸ ਹਿਸਾਬ ਨਾਲ ਜਿਹੜੇ ਮੁਲਕਾਂ ਵਿੱਚ 15 ਸਾਲ ਤੋਂ 64 ਸਾਲ ਵਾਲੇ ਨਾਗਰਿਕਾਂ ਦੀ ਗਿਣਤੀ ਵੱਧ ਹੋਏਗੀ ਉਹਨਾਂ ਵਿੱਚ ਤਰੱਕੀ ਦੀ ਰਫ਼ਤਾਰ ਵੱਧ ਹੋਏਗੀ ਪਰ ਸ਼ਰਤ ਇਹ ਹੈ ਕਿ ਮੁਲਕ ਵਿੱਚ ਬੇਰੁਜ਼ਗਾਰੀ ਘੱਟ ਤੋਂ ਘੱਟ ਹੋਵੇ। ਉਦਾਹਰਨ ਵਜੋਂ ਭਾਰਤ ਵਿੱਚ ਅੱਜ ਦੇ ਸਮੇਂ ਅਨੁਮਾਨਤ 26 ਫ਼ੀਸਦੀ ਬੱਚੇ, 7 ਫ਼ੀਸਦੀ ਬਜ਼ੁਰਗ ਅਤੇ 67 ਫ਼ੀਸਦੀ ਕੰਮ ਕਰਨ ਵਾਲੀ ਆਬਾਦੀ ਹੈ। ਪਰ ਜਾਪਾਨ ਵਿੱਚ ਅੱਜ ਦੇ ਸਮੇਂ ਅਨੁਮਾਨਤ 12 ਫ਼ੀਸਦੀ ਬੱਚੇ, 29 ਫ਼ੀਸਦੀ ਬਜ਼ੁਰਗ ਅਤੇ 58 ਫ਼ੀਸਦੀ ਕੰਮ ਕਰਨ ਵਾਲੀ ਆਬਾਦੀ ਹੈ। ਇਸੇ ਤਰ੍ਹਾਂ ਇਟਲੀ, ਜਰਮਨੀ, ਯੂਨਾਨ, ਲਾਤਵੀਆ, ਲਿਥੁਆਨੀਆ ਅਤੇ ਪੋਲੈਂਡ ਵਰਗੇ ਮੁਲਕਾਂ ਵਿੱਚ ਵੀ ਬਜ਼ੁਰਗਾਂ ਦੀ ਪ੍ਰਤੀਸ਼ਤ ਆਬਾਦੀ ਵਧਦੀ ਜਾ ਰਹੀ ਹੈ ਅਤੇ ਨੌਜਵਾਨ ਘਟਦੇ ਜਾ ਰਹੇ ਹਨ।

ਜਾਪਾਨ, ਇਟਲੀ ਅਤੇ ਜਰਮਨੀ ਵਰਗੇ ਮੁਲਕਾਂ ਵਿੱਚ ਤਾਂ ਅੱਜ ਹੀ ਬਜ਼ੁਰਗਾਂ ਨੂੰ ਸੰਭਾਲਣ ਵਾਲੇ ਲੋਕਾਂ ਦੀ ਬਹੁਤ ਹੀ ਘਾਟ ਹੈ। ਇਸਦੇ ਲਈ ਉਹਨਾਂ ਨੂੰ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਇਲਾਕਿਆਂ ਤੋਂ ਨੈਨੀ ਦੇ ਰੂਪ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਜ਼ਰੂਰਤ ਪੈ ਰਹੀ ਹੈ। ਉਹਨਾਂ ਦੀਆਂ ਫੈਕਟਰੀਆਂ ਅਤੇ ਹੋਰ ਜਨਤਕ ਸੇਵਾਵਾਂ ਵਿੱਚ ਕੰਮ ਕਰਨ ਲਈ ਘੱਟ ਵਿਕਸਿਤ ਮੁਲਕਾਂ ਤੋਂ ਕਿੰਨੇ ਹੀ ਲੋਕ ਵੀਜ਼ਾ ਲਗਵਾਉਣ ਲਈ ਕਤਾਰਾਂ ਵਿੱਚ ਖੜ੍ਹੇ ਰਹਿੰਦੇ ਹਨ। ਉਦਾਹਰਨ ਦੇ ਤੌਰ @ਤੇ ਪੰਜਾਬ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਯੂਰਪ ਨੂੰ ਨੌਜਵਾਨਾਂ ਦੀਆਂ ਵਹੀਰਾਂ ਦੀਆਂ ਵਹੀਰਾਂ ਤੁਰੀਆਂ ਜਾ ਰਹੀਆਂ ਹਨ। ਇਸ ਦਾ ਵੱਡਾ ਕਾਰਨ ਇਹੀ ਹੈ ਕਿ ਉਹ ਮੁਲਕ ਬੁੱਢੇ ਹੁੰਦੇ ਜਾ ਰਹੇ ਹਨ ਅਤੇ ਅਸੀਂ ਉਹਨਾਂ ਨੂੰ ਜਵਾਨ ਕਰਨ ਲਈ ਜਾ ਰਹੇ ਹਾਂ। ਅਰਥਾਤ ਉੱਥੇ ਬਜ਼ੁਰਗਾਂ ਦੀ ਆਬਾਦੀ ਵਧ ਰਹੀ ਹੈ ਅਤੇ ਸਾਡੇ ਨੌਜਵਾਨ ਉੱਥੇ ਜਾ ਕੇ ਨੌਜਵਾਨਾਂ ਦੀ ਕਮੀ ਪੂਰੀ ਕਰ ਰਹੇ ਹਨ। ਪ੍ਰੰਤੂ ਕੀ ਇਸ ਨਾਲ ਸਾਡੇ ਮੁਲਕ ਨੂੰ ਨੌਜਵਾਨਾਂ ਦਾ ਘਾਟਾ ਨਹੀਂ ਸਹਿਣਾ ਪਏਗਾ? ਅੱਜ ਤਾਂ ਹੋ ਸਕਦਾ ਹੈ ਕਿ ਅਸੀਂ ਉਸ ਘਾਟੇ ਨੂੰ ਮਹਿਸੂਸ ਨਾ ਕਰੀਏ ਪ੍ਰੰਤੂ ਅਗਲੇ 20-30 ਸਾਲਾਂ ਵਿੱਚ ਸਾਨੂੰ ਪੰਜਾਬ ਵਾਲਿਆਂ ਨੂੰ ਤਾਂ ਇਹ ਘਾਟਾ ਸਾਫ਼ ਨਜ਼ਰ ਆਉਣ ਲੱਗ ਪਏਗਾ।

ਅੱਜ ਦੁਨੀਆ ਦੀ ਕੁੱਲ ਆਬਾਦੀ ਵਿੱਚ 64 ਸਾਲ ਤੋਂ ਉੱਪਰ ਵਾਲੇ ਬਜ਼ੁਰਗਾਂ ਦੀ ਆਬਾਦੀ 15 ਫ਼ੀਸਦੀ ਦੇ ਨੇੜੇ-ਤੇੜੇ ਹੈ ਜਿਹੜੀ ਕਿ 1950 ਵਿੱਚ ਕੇਵਲ 5 ਫ਼ੀਸਦੀ ਹੀ ਸੀ। 2020 ਵਿੱਚ ਦੁਨੀਆ ਵਿੱਚ 64 ਸਾਲ ਤੋਂ ਉੱਪਰ ਵਾਲੀ ਕੁੱਲ ਬਜ਼ੁਰਗ ਆਬਾਦੀ 73 ਕਰੋੜ ਸੀ ਜੋ ਕਿ 2050 ਵਿੱਚ ਦੁੱਗਣੀ ਹੋ ਕੇ 150 ਕਰੋੜ ਦੇ ਨੇੜੇ ਪੁੱਜ ਜਾਏਗੀ। ਇਸ ਵਿੱਚ ਵੀ ਵੱਧ ਗਿਣਤੀ ਔਰਤਾਂ ਦੀ ਹੀ ਹੋਏਗੀ ਕਿਉਂਕਿ ਔਰਤਾਂ ਮਰਦਾਂ ਨਾਲੋਂ ਵੱਧ ਉਮਰ ਭੋਗਦੀਆਂ ਹਨ। ਇਸ ਦੇ ਮੁੱਖ ਕਾਰਨ ਇਹੀ ਹਨ ਕਿ ਦੁਨੀਆ ਵਿੱਚ ਡਾਕਟਰੀ ਸਹੂਲਤਾਂ ਵਧਣ ਕਰਕੇ ਉਮਰਾਂ ਲੰਬੀਆਂ ਹੁੰਦੀਆਂ ਜਾ ਰਹੀਆਂ ਹਨ। ਮੌਤ ਦਰ ਦਿਨੋ-ਦਿਨ ਘਟ ਰਹੀ ਹੈ ਕਿਉਂਕਿ ਬਹੁਤ ਸਾਰੇ ਅਸਾਧ ਰੋਗਾਂ ਦਾ ਇਲਾਜ ਵੀ ਸੰਭਵ ਹੋ ਗਿਆ ਹੈ। ਪਰ ਸਮੱਸਿਆ ਇਹ ਹੈ ਕਿ ਉਮਰਾਂ ਭਾਵੇਂ ਵਧ ਰਹੀਆਂ ਹਨ ਪਰ ਤੰਦਰੁਸਤੀ ਵਧ ਨਹੀਂ ਰਹੀ? ਬਹੁਤ ਸਾਰੇ ਬਜ਼ੁਰਗ ਬਿਸਤਰੇ ਉੱਪਰ ਜ਼ਿੰਦਗੀ ਕੱਟ ਤਾਂ ਜ਼ਰੂਰ ਰਹੇ ਹਨ ਪ੍ਰੰਤੂ ਜ਼ਿੰਦਗੀ ਮਾਣ ਨਹੀਂ ਰਹੇ। ਕਿਉਂਕਿ 64 ਸਾਲ ਤੋਂ ਵੱਧ ਉਮਰ ਵਾਲੇ ਤਕਰੀਬਨ ਬਹੁਤੇ ਬਜ਼ੁਰਗ, ਆਮ ਹੀ ਕਿਸੇ ਨਾ ਕਿਸੇ ਲਾਇਲਾਜ਼ ਬਿਮਾਰੀ ਨਾਲ ਜੂਝ ਰਹੇ ਹੁੰਦੇ ਹਨ। ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ 2050 ਵਿੱਚ ਦੁਨੀਆ ਦੀ ਕੁੱਲ ਬਜ਼ੁਰਗ ਆਬਾਦੀ ਦਾ 80 ਫ਼ੀਸਦੀ ਹਿੱਸਾ ਗ਼ਰੀਬ ਅਤੇ ਮੱਧਵਰਗੀ ਆਮਦਨ ਵਾਲੇ ਮੁਲਕਾਂ ਵਿੱਚ ਰਹਿ ਰਿਹਾ ਹੋਵੇਗਾ। ਇਹ ਵੀ ਇੱਕ ਸਮੱਸਿਆ ਹੋਏਗੀ ਕਿ ਉਦੋਂ ਤੱਕ ਸਾਂਝੇ ਪਰਿਵਾਰਾਂ ਦੀ ਗਿਣਤੀ ਤਕਰੀਬਨ ਨਾਂਹ ਦੇ ਬਰਾਬਰ ਹੀ ਰਹਿ ਸਕਦੀ ਹੈ। ਇਸਦਾ ਮਤਲਬ ਹੈ ਕਿ ਬਜ਼ੁਰਗ ਜਾਂ ਤਾਂ ਇਕੱਲੇ ਹੋਣਗੇ ਅਤੇ ਜਾਂ ਫਿਰ ਆਪਣੀ ਕੁਆਰੀ ਔਲਾਦ ਨਾਲ ਹੀ ਰਹਿ ਰਹੇ ਹੋਣਗੇ। ਬਹੁਤੇ ਪੱਛਮੀ ਮੁਲਕਾਂ ਵਿੱਚ ਤਾਂ ਅੱਜ ਵੀ ਇਹੀ ਹਾਲਾਤ ਹਨ। ਭਾਰਤ ਅਤੇ ਇਜ਼ਰਾਈਲ ਵਰਗੇ ਮੁਲਕਾਂ ਵਿੱਚ ਅੱਜ ਲਗਭਗ 65-70 ਫ਼ੀਸਦੀ ਆਬਾਦੀ ਨੌਜਵਾਨਾਂ ਦੀ ਹੈ। ਇੱਥੋਂ ਅਸੀਂ ਇਹ ਅੰਦਾਜ਼ਾ ਸਹਿਜੇ ਹੀ ਲਗਾ ਸਕਦੇ ਹਾਂ ਕਿ ਇਹਨਾਂ ਮੁਲਕਾਂ ਵਿੱਚ ਅੱਜ ਤੋਂ 30-40 ਸਾਲ ਬਾਅਦ ਕੀ ਹਾਲਾਤ ਹੋਣਗੇ। ਕਿਉਂਕਿ ਅੱਜ ਜਿੰਨੇ ਵੱਧ ਨੌਜਵਾਨ ਹਨ ਉਂਨੇ ਹੀ ਵੱਧ ਕੱਲ੍ਹ ਨੂੰ ਬਜ਼ੁਰਗ ਹੋਣਗੇ ਅਤੇ ਨੌਜਵਾਨ ਘਟਦੇ ਜਾਣਗੇ ਕਿਉਂਕਿ ਹੁਣ ਸਾਡੀ ਜਨਮ ਦਰ ਪਹਿਲਾਂ ਨਾਲੋਂ ਘਟਦੀ ਜਾ ਰਹੀ ਹੈ। ਭਾਵੇਂ ਕਿ ਭਾਰਤ ਵਿੱਚ ਅੱਜ 26 ਫ਼ੀਸਦੀ ਬੱਚੇ ਹਨ ਜੋ ਕਿ ਅਗਲੇ ਸਾਲਾਂ ਵਿੱਚ ਨੌਜਵਾਨ ਆਬਾਦੀ ਬਣਕੇ ਦੇਸ਼ ਨੂੰ ਜਵਾਨ ਬਣਾਈ ਰੱਖਣਗੇ ਪ੍ਰੰਤੂ ਫਿਰ ਵੀ ਇਹ ਦੌਰ ਕਿੰਨਾ ਕੁ ਲੰਬਾ ਚੱਲੇਗਾ? ਜਲਦੀ ਹੀ ਉਹ ਸਮਾਂ ਆ ਜਾਏਗਾ ਜਦੋਂ ਬਜ਼ੁਰਗ ਆਬਾਦੀ ਇੱਕਦਮ ਵਧਣੀ ਸ਼ੁਰੂ ਹੋ ਜਾਏਗੀ। ਜਾਪਾਨ ਅਤੇ ਇਟਲੀ ਵਰਗੇ ਮੁਲਕਾਂ ਵਿੱਚ ਤਾਂ ਅੱਜ ਹੀ ਬੱਚਿਆਂ ਦੀ ਆਬਾਦੀ 13 ਫ਼ੀਸਦੀ ਤੋਂ ਵੀ ਘੱਟ ਹੈ। ਅਰਥਾਤ ਉਸੇ ਹਿਸਾਬ ਨਾਲ ਉੱਥੇ ਅਗਲੇ ਸਾਲਾਂ ਵਿੱਚ ਨੌਜਵਾਨ ਆਬਾਦੀ ਦੀ ਕਮੀ ਰਹੇਗੀ ਅਤੇ ਬਜ਼ੁਰਗ ਆਬਾਦੀ ਵਿੱਚ ਵਾਧਾ ਹੋਰ ਵੱਧ ਨਜ਼ਰ ਆਏਗਾ। ਮੰਨਿਆ ਜਾ ਰਿਹਾ ਹੈ ਕਿ 2030 ਤੱਕ ਜਾਪਾਨ ਵਿੱਚ ਕਾਮਿਆਂ ਦੀ ਗਿਣਤੀ ਅੱਜ ਨਾਲੋਂ 80 ਲੱਖ ਘਟ ਜਾਏਗੀ। ਚੀਨ ਵਰਗਾ ਮੁਲਕ ਜਿਸਨੇ ਹੁਣ ਤੱਕ ਕੇਵਲ ਇੱਕ ਹੀ ਬੱਚਾ ਪੈਦਾ ਕਰਨ ਦੀ ਨੀਤੀ ਜਾਰੀ ਰੱਖੀ ਹੋਈ ਸੀ, ਹੁਣ ਇਸ ਗੱਲੋਂ ਫ਼ਿਕਰਮੰਦ ਹੈ ਕਿ ਅਗਲੇ ਸਾਲਾਂ ਵਿੱਚ ਉੱਥੇ ਬਜ਼ੁਰਗ ਆਬਾਦੀ ਵਧਦੀ ਜਾਏਗੀ ਅਤੇ ਨੌਜਵਾਨ ਘਟਦੇ ਜਾਣਗੇ ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਉੱਥੇ ਬੱਚੇ ਘੱਟ ਪੈਦਾ ਹੋਏ ਹਨ। ਇਹੀ ਹਾਲਤ ਆਉਣ ਵਾਲੇ 30-40 ਸਾਲਾਂ ਤੱਕ ਭਾਰਤ ਦੀ ਵੀ ਹੋਣ ਵਾਲੀ ਹੈ ਕਿਉਂਕਿ ਚੀਨ ਤੋਂ ਬਾਅਦ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਭਾਰਤ ਹੀ ਹੈ।

ਸਾਡੀ ਦੁਨੀਆ ਦਿਨੋ-ਦਿਨ ਬੁੱਢੀ ਹੁੰਦੀ ਜਾ ਰਹੀ ਹੈ ਅਤੇ ਇਸ ਨਾਲ ਕਈ ਮੁਲਕਾਂ ਵਿੱਚ ਬਜ਼ੁਰਗਾਂ ਵਾਸਤੇ ਚਲਾਈਆਂ ਜਾ ਰਹੀਆਂ ਕਲਿਆਣਕਾਰੀ ਯੋਜਨਾਵਾਂ ਨੂੰ ਫੰਡਾਂ ਦੀ ਘਾਟ ਹੋ ਰਹੀ ਹੈ। ਇਸ ਲਈ ਜਿਹੜੇ ਮੁਲਕਾਂ ਦੀਆਂ ਸਰਕਾਰਾਂ, ਜਨਤਕ ਸਿਹਤ ਲਈ ਘੱਟ ਬਜਟ ਰੱਖਦੀਆਂ ਹਨ, ਆਉਣ ਵਾਲੇ ਸਮੇਂ ਵਿੱਚ, ਉਹਨਾਂ ਮੁਲਕਾਂ ਦੇ ਪਰਿਵਾਰਾਂ ਨੂੰ ਵੱਧ ਬੋਝ ਉਠਾਉਣਾ ਪੈ ਸਕਦਾ ਹੈ। ਉਦਾਹਰਨ ਵਜੋਂ, ਭਾਰਤ ਵਰਗੇ ਮੁਲਕ ਨੇ 2004 ਵਿੱਚ ਹੀ ਪੁਰਾਣੀ ਪੈਨਸ਼ਨ ਸਕੀਮ ਬੰਦ ਕਰ ਦਿੱਤੀ ਸੀ ਅਤੇ ਉਸਦੀ ਥਾਂ ਉੱਤੇ ਨਵੀਂ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਸੀ। ਇਸਦਾ ਨੁਕਸਾਨ ਆਉਣ ਵਾਲੇ ਸਮੇਂ ਵਿੱਚ ਕੇਵਲ ਬਜ਼ੁਰਗਾਂ ਨੂੰ ਹੀ ਨਹੀਂ ਬਲਕਿ ਉਹਨਾਂ ਨੂੰ ਸੰਭਾਲਣ ਵਾਲੇ ਪਰਿਵਾਰਾਂ ਨੂੰ ਹੋਰ ਵੀ ਵੱਧ ਉਠਾਉਣਾ ਪਏਗਾ ਕਿਉਂਕਿ ਨਵੀਂ ਪੈਨਸ਼ਨ ਨੀਤੀ ਅਧੀਨ ਸੇਵਾ ਮੁਕਤ ਹੋਣ ਤੋਂ ਬਾਅਦ ਕਿਸੇ ਮੁਲਾਜ਼ਮ ਨੂੰ ਬਹੁਤ ਹੀ ਨਿਗੂਣੀ ਜਿਹੀ ਪੈਨਸ਼ਨ ਹੀ ਮਿਲੇਗੀ। ਪ੍ਰੰਤੂ ਸਵਾਲ ਇਹ ਵੀ ਹੈ ਕਿ ਉਹਨਾਂ ਬਜ਼ੁਰਗਾਂ ਦਾ ਕੀ ਬਣੇਗਾ ਜੋ ਆਮ ਗਰੀਬ ਕਿਸਾਨ ਜਾਂ ਮਜ਼ਦੂਰ ਪਰਿਵਾਰਾਂ ਵਿੱਚ ਹੋਣਗੇ? ਕੀ ਉਹਨਾਂ ਦੇ ਪਰਿਵਾਰ ਉਹਨਾਂ ਦੀ ਸਿਹਤ ਦਾ ਧਿਆਨ ਰੱਖਣ ਦੇ ਕਾਬਲ ਰਹਿ ਜਾਣਗੇ? ਜਦੋਂ ਦੁਨੀਆ ਵਿੱਚ ਕਮਾਉਣ ਵਾਲੇ ਹੱਥ ਘਟਦੇ ਜਾਣਗੇ ਅਤੇ ਆਸ਼ਰਿਤ ਨਾਗਰਿਕ ਵਧਦੇ ਜਾਣਗੇ ਤਾਂ ਕੀ ਸਰਕਾਰਾਂ ਉਸ ਸਮਾਜਿਕ ਅਤੇ ਆਰਥਿਕ ਸੰਕਟ ਨਾਲ ਨਿਪਟ ਸਕਣਗੀਆਂ? ਕੀ ਦੁਨੀਆ ਭਰ ਦੀਆਂ ਸਰਕਾਰਾਂ ਇਸ ਬੁੱਢੀ ਹੁੰਦੀ ਜਾ ਰਹੀ ਦੁਨੀਆ ਨੂੰ ਜਵਾਨ ਬਣਾਈ ਰੱਖਣ ਦਾ ਕੋਈ ਹੀਲਾ ਕਰ ਰਹੀਆਂ ਹਨ? ਕੀ ਇਹ ਮੁੱਦਾ ਉਹਨਾਂ ਦੇ ਏਜੰਡੇ ਉੱਤੇ ਹੈ ਵੀ ਜਾਂ ਨਹੀਂ


Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲ੍ਹੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।


83 Martindale Blvd NE Calgary, AB T3J 3M7
P: 403-453-9000 / C:403-477-5142

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP

Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022

ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ਼ ਕਰਾਂਗੇ!

# ਪੰਜਾਬ ਸਿੰਹਾਂ ਹੁਣ ਕੀ ਬਣੂਗਾ ਤੇਰਾ, ਤੇਰੇ ਪੁੱਤਰਾਂ ਦੇ ਹੱਕਾਂ 'ਤੇ ਪਾ ਲਿਆ ਬਾਹਰਲਿਆਂ ਸੂਬਿਆਂ ਨੇ ਘੇਰਾ



ਸੂਬੇਦਾਰ ਜਸਵਿੰਦਰ ਸਿੰਘ
ਭੁਲੇਰੀਆ ਮਮਦੋਟ ਫਿਰੋਜ਼ਪੁਰ
7589155501

ਪੰਜਾਬ ਵਿੱਚ ਆਮ ਆਦਮੀ ਪਾਰਟੀ ਬੜੇ ਵੱਡੇ ਵੱਡੇ ਉੱਚੇ ਲੰਮੇ ਦਾਅਵੇ ਕਰਕੇ ਲੋਕਾਂ ਤੋਂ ਫਤਵਾ ਹਾਸਿਲ ਕਰਕੇ ਸਰਕਾਰ ਬਣਾਉਣ ਵਿੱਚ ਸਫਲ ਹੋ ਗਈ .ਘਰ ਘਰ ਰੋਜ਼ਗਾਰ ਦੇਣ ਦੀ ਗੱਲ ਵੀ ਕਹੀ ਗਈ .ਅਡੰਬਰ ਵੀ ਰਚੇ ਗਏ ,ਸਾਡਾ ਕੰਮ ਬੋਲਦਾ ਹੈ .ਪੂਰੇ ਪੰਜਾਬ ਵਿੱਚ ਦੁਨੀਆਂ ਭਰ ਦੇ ਫਲੇਕ੍ਸ ਲਾ ਕੇ ਲੋਕਾਂ ਨੂੰ ਗੁਮਰਾਹ ਕਰਨ ਵਿੱਚ ਕੋਈ ਬਾਕੀ ਕਸਰ ਨਹੀਂ ਛਡਿ ਗਈ .ਪਰ ਅਸਲੀ ਉਦੋਂ ਸਾਹਮਣੇ ਆਇਆ ਜਦੋਂ ਪੰਜਾਬ ਦੀਆਂ ਸਰਕਾਰੀ ਨੌਕਰੀਆਂ 'ਤੇ ਬਾਹਰੀ ਰਾਜਾਂ ਖਾਸ ਕਰ ਕੇ ਹਰਿਆਣਾ ਦੇ ਨੌਜਵਾਨਾਂ ਨੇ ਕਬਜਾ ਕਰ ਲਿਆ ਹੈ . ਪੰਜਾਬ ਰਾਜ ਪਾਵਰ ਕਾਰਪੋਰੇਸਨ ਵਲੋਂ ਸਹਾਇਕ ਲਾਇਨਮੈਨਾਂ ਦੀ ਕੀਤੀ ਜਾ ਰਹੀ ਭਰਤੀ ਵਿਚ ਹੋਰਨਾਂ ਸੂਬਿਆਂ ਦੇ ਸੈਂਕੜੇ ਨੌਜਵਾਨਾਂ ਨੇ ਮੈਰਿਟ ਸੂਚੀ ਵਿਚ ਪੰਜਾਬੀਆਂ ਨੂੰ ਪਛਾੜਦਿਆਂ ਨਿਯੁਕਤੀ ਲਈ ਰਾਹ ਪੱਧਰਾ ਕਰ ਲਿਆ ਹੈ . ਇਨ੍ਹਾਂ ਕਾਰਨਾਂ ਦੇ ਚੱਲਦਿਆਂ ਮਾਨ ਸਰਕਾਰ ਦੇ ਉਸ ਦਾਅਵੇ ਦੀ ਵੀ ਫੂਕ ਨਿਕਲ ਗਈ ਹੈ ਕਿ ਪੰਜਾਬ ਦੀ ਧਰਤੀ 'ਤੇ ਤਾਂ ਹੁਣ ਗੋਰੇ ਆ ਕੇ ਵੀ ਸਰਕਾਰੀ ਨੌਕਰੀਆਂ ਕਰਿਆ ਕਰਨਗੇ . ਉਨ੍ਹਾਂ ਇਹ ਦਾਅਵਾ ਵਿਦੇਸਾਂ ਨੂੰ ਭੱਜ ਰਹੇ ਨੌਜਵਾਨਾਂ ਨੂੰ ਪੰਜਾਬ ਵਿਚ ਰੁਜਗਾਰ ਦੇ ਕੇ ਰੰਗਲਾ ਪੰਜਾਬ ਬਣਾਉਣ ਦੀ ਵਕਾਲਤ ਕਰਦਿਆਂ ਕੀਤਾ ਸੀ . ਜਿਹੜੇ ਅੰਕੜੇ ਸਾਹਮਣੇਆਏ ਹਨ ਕਿ ਪੰਜਾਬ ਦੇ 55 ਲੱਖ ਪਰਿਵਾਰਾਂ ਦੇ 30 ਲੱਖ ਨੌਜਵਾਨ ਬੇਰੁਜਗਾਰੀ ਦੇ ਆਲਮ ਵਿਚ ਹਨ . ਜੋ ਹੁਣੇ ਹੁਣੇਖਬਰ ਸਾਹਮਣੇ ਆਈ ਹੈ ਕਿ ਪਾਵਰਕਾਮ ਵਲੋਂ ਸਹਾਇਕ ਲਾਇਨਮੈਨਾਂ ਦੀਆਂ 2100 ਅਸਾਮੀਆਂ ਲਈ 2 ਨਵੰਬਰ ਨੂੰ ਆਨਲਾਈਨ ਪ੍ਰੀਖਿਆ ਲਈ ਗਈ ਸੀ. ਜਿਸ ਵਿਚ 3791 ਉਮੀਦਵਾਰਾਂ ਨੇ ਆਪਣੀ ਕਿਸਮਤ ਅਜਮਾਈ ਸੀ . ਪਾਵਰਕਾਮ ਵਲੋਂ ਐਲਾਨੇ ਗਈ ਨਤੀਜੇ ਵਿਚ 3762 ਉਮੀਦਵਾਰ ਪ੍ਰੀਖਿਆ ਨੂੰ ਪਾਸ ਕਰਨ ਵਿਚ ਸਫਲ ਹੋ ਗਏ ਸਨ . ਪਾਵਰਕਾਮ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਉਕਤ ਅਸਾਮੀਆਂ ਦੀ ਮੈਰਿਟ ਸੂਚੀ 'ਚ ਹਰਿਆਣਾ ਰਾਜ ਦੇ 535 ਉਮੀਦਵਾਰਾਂ ਨੇ ਮੈਰਿਟ ਸੂਚੀ ਵਿਚ ਥਾਂ ਮੱਲ ਲਿਆ ਹੈ . ਇਸੇ ਤਰ੍ਹਾਂ ਰਾਜਸਥਾਨ ਦੇ 94 ਉਮੀਦਵਾਰਾਂ ਨੇ ਪੰਜਾਬੀਆਂ ਨੂੰ ਪਛਾੜਦਿਆਂ ਝੰਡੇ ਗੱਡੇ ਹਨ . ਮੈਰਿਟ ਸੂਚੀ ਵਿਚ ਚੰਡੀਗੜ੍ਹ, ਦਿੱਲੀ, ਮੱਧ ਪ੍ਰਦੇਸ, ਉੱਤਰ ਪ੍ਰਦੇਸ ਅਤੇ ਉਤਰਾਖੰਡ ਦੇ ਉਮੀਦਵਾਰਾਂ ਨੇ ਵੀ ਦਸਤਕ ਦਿੱਤੀ ਹੈ . ਇਸ ਤੋਂ ਪਹਿਲਾਂ ਵੀ ਪਾਵਰਕਾਮ ਵਲੋਂ ਸੀ. ਆਰ. ਏ. 293, 294/19 ਰਾਹੀਂ ਜੂਨੀਅਰ ਇੰਜੀਨੀਅਰ ਇਲੈਕਟ੍ਰੀਕਲ ਦੀਆਂ 500 ਅਸਾਮੀਆਂ ਦੀ ਜੇਕਰ ਮੈਰਿਟ ਸੂਚੀ 'ਤੇ ਵੀ 100 ਦੇ ਕਰੀਬ ਯੂ. ਪੀ., ਬਿਹਾਰ, ਹਰਿਆਣਾ, ਚੰਡੀਗੜ੍ਹ ਅਤੇ ਰਾਜਸਥਾਨ ਦੇ ਨੌਜਵਾਨਾਂ ਨੇ ਪੰਜਾਬੀਆਂ ਨੂੰ ਪਛਾੜਿਆ ਸੀ . ਸਹਾਇਕ ਸਬ-ਸਟੇਸਨ ਅਟੈਂਡੈਂਟ ਦੀਆਂ 290 ਅਸਾਮੀਆਂ 'ਚ ਵੀ ਬਾਹਰੀ ਉਮੀਦਵਾਰ ਕਬਜਾ ਜਮਾ ਗਏ ਸਨ . ਇਹ ਵੀ ਕਿ ਪੁਲਿਸ, ਸਿੰਚਾਈ, ਖੇਤੀਬਾੜੀ ਅਤੇ ਹੋਰਨਾਂ ਵਿਭਾਗਾਂ ਵਿਚ ਵੀ ਬਾਹਰੀ ਰਾਜਾਂ ਦੇ ਉਮੀਦਵਾਰ ਵੱਡੀ ਪੱਧਰ 'ਤੇ ਨਿਯੁਕਤ ਹੋ ਚੁੱਕੇ ਹਨ ਅਤੇ ਇਸ ਮਾਮਲੇ ਵਿਚ ਤਤਕਾਲੀ ਅਤੇ ਮੌਜੂਦਾ ਸਰਕਾਰ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਕਰਨ ਵਿਚ ਅਸਫਲ ਰਹੀ ਹੈ . ਹਾਲਾਂਕਿ ਮੱਧ ਪ੍ਰਦੇਸ ਅਤੇ ਹਰਿਆਣਾ ਸਰਕਾਰ ਆਪਣੇ ਮੂਲ ਬਾਸ਼ਿੰਦਿਆਂ ਨੂੰ ਨੌਕਰੀ ਦੇਣ ਦੇ ਮਾਮਲੇ ਵਿਚ ਠੋਸ ਨੀਤੀ ਬਣਾ ਚੁੱਕੀ ਹੈ .ਪਰ ਪੰਜਾਬ ਸਰਕਾਰ ਨੇ ਕਾਨੂੰਨੀ ਅੜਚਨਾਂ ਦਾ ਦਾਅਵਾ ਕਰਦਿਆਂ ਅਜੇ ਤੱਕ ਸੂਬੇ ਅੰਦਰ ਸਰਕਾਰੀ ਨੌਕਰੀਆਂ ਲਈ ਡੋਮੀਸਾਈਲ ਅਤੇ ਬੋਨਾਫਾਈਡ (ਮੂਲ ਬਾਸ਼ਿੰਦੇ) ਸਰਟੀਫਿਕੇਟ ਨੂੰ ਜਰੂਰੀ ਕਰਾਰ ਨਹੀਂ ਦਿੱਤਾ ਗਿਆ, ਜਿਸ ਦਾ ਫਾਇਦਾ ਬਾਹਰੀ ਰਾਜਾਂ ਦੇ ਉਮੀਦਵਾਰ ਚੁੱਕ ਰਹੇ ਹਨ . ਪੰਜਾਬ ਸਰਕਾਰ ਵਲੋਂ ਬੀਤੇ ਸਮੇਂ ਪੰਜਾਬ ਦੀਆਂ ਨੌਕਰੀਆਂ ਲਈ ਹੋਣ ਵਾਲੇ ਇਮਤਿਹਾਨ ਦੇ ਨਾਲ-ਨਾਲ ਪੰਜਾਬੀ ਦਾ ਇਮਤਿਹਾਨ ਪਾਸ ਕਰਨ ਦੀ ਸਰਤ ਲਗਾ ਦਿੱਤੀ ਹੈ . ਇਹ ਵੀ ਕਿ ਇਹ ਸਰਤ ਪੰਜਾਬੀ ਪਾੜ੍ਹਿਆਂ ਦੇ ਸਿਰ 'ਤੇ ਵੀ ਥੋਪ ਦਿੱਤੀ ਗਈ ਹੈ, ਜਦਕਿ ਬਾਹਰੀ ਰਾਜਾਂ ਦੇ ਉਮੀਦਵਾਰ ਜੇਕਰ ਦੂਜੇ ਇਮਤਿਹਾਨ ਆਸਾਨੀ ਨਾਲ ਪਾਸ ਕਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਪੰਜਾਬੀ ਦਾ ਪੇਪਰ ਪਾਸ ਕਰਨਾ ਵੀ ਬਹੁਤਾ ਔਖਾ ਨਹੀਂ ਹੋਵੇਗਾ . ਇਹ ਵੀ ਕਿ ਆਈ. ਏ. ਐਸ., ਆਈ. ਪੀ. ਐਸ., ਬੈਂਕਾਂ ਅਤੇ ਕੇਂਦਰੀ ਅਦਾਰਿਆਂ ਵਿਚ ਪੰਜਾਬੀਆਂ ਦੀ ਗਿਣਤੀ ਪਹਿਲਾਂ ਹੀ ਮਨਫੀ ਹੋ ਰਹੀ ਹੈ . ਇਹ ਕਿ ਪੰਜਾਬ ਅੰਦਰ ਨੌਕਰੀਆਂ ਪ੍ਰਾਪਤ ਕਰਨ ਲਈ 10ਵੀਂ ਜਮਾਤ ਪੰਜਾਬੀ ਨਾਲ ਪਾਸ ਕੀਤਾ ਹੋਣਾ ਲਾਜਮੀ ਕੀਤਾ ਹੋਇਆ ਹੈ . ਕਈ ਵਿਭਾਗਾਂ ਨੇ ਤਾਂ ਨੌਕਰੀਆਂ ਦੇ ਗੱਫੇ ਬਾਹਰੀ ਉਮੀਦਵਾਰਾਂ ਨੂੰ ਦੇਣ ਲਈ ਪੰਜਾਬੀ ਪਾਸ ਕਰਨ ਦੀ 2 ਸਾਲ ਤੱਕ ਦੀ ਛੋਟ ਦੇਣ ਦੇ ਮਾਮਲੇ ਵੀ ਸਾਹਮਣੇ ਆਏ ਹਨ . ਇਹ ਵੀ ਕਿ ਪੰਜਾਬ ਵਿਚ ਪੰਜਾਬੀ ਭਾਸਾ ਐਕਟ ਬਣਿਆ ਹੋਇਆ ਹੈ ਅਤੇ ਸਰਕਾਰ ਦਫਤਰਾਂ ਅਤੇ ਅਦਾਲਤਾਂ ਵਿਚ ਸਾਰਾ ਕੰਮ ਪੰਜਾਬੀ ਵਿਚ ਲਾਜਮੀ ਕਰਨ ਦੇ ਨਿਰਦੇਸ ਸੂਬਾ ਸਰਕਾਰ ਵਲੋਂ ਜਾਰੀ ਕੀਤੇ ਹੋਏ ਹਨ . ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਾਹਰੀ ਰਾਜਾਂ ਦੇ ਉਮੀਦਵਾਰ ਜਨਰਲ ਸ੍ਰੇਣੀ ਦੇ ਵਿਰੁੱਧ ਪੰਜਾਬ ਅੰਦਰ ਨੌਕਰੀ ਲਈ ਅਪਲਾਈ ਕਰ ਸਕਦੇ ਹਨ, ਜਦਕਿ ਪੰਜਾਬ ਵਿਚ ਜਨਰਲ ਸ਼੍ਰੇਣੀਆਂ ਲਈ ਪਹਿਲਾਂ ਹੀ 49 ਫੀਸਦੀ ਕੋਟਾ ਬਚਦਾ ਹੈ. ਜਿਸ 'ਚੋਂ 10 ਫੀਸਦੀ ਆਰਥਿਕ ਤੌਰ 'ਤੇ ਪਛੜੇ ਵਰਗਾਂ ਲਈ ਵਿਚਾਰੇ ਜਾਣ ਤੇ ਆਮ ਸ਼੍ਰੇਣੀਆਂ ਦੇ ਉਮੀਦਵਾਰਾਂ ਦੇ ਹਿੱਸੇ ਸਿਰਫ 39 ਫੀਸਦੀ ਕੋਟਾ ਹੀ ਰਹਿ ਜਾਂਦਾ ਹੈ . ਅਜਿਹੇ ਹਾਲਾਤ 'ਚ ਜਦੋਂ ਬਾਹਰੀ ਰਾਜਾਂ ਦੇ 40 ਫੀਸਦੀ ਤੋਂ ਵੱਧ ਉਮੀਦਵਾਰ ਮੈਰਿਟ ਸੂਚੀ 'ਚ ਮੂਹਰਲੀਆਂ ਥਾਵਾਂ ਮੱਲ ਲੈਂਦੇ ਹਨ .ਤਾਂ ਯਕੀਨਨ ਪੰਜਾਬੀਆਂ ਦਾ ਪਛੜਨਾ ਤੈਅ ਹੈ . ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਪੰਜਾਬ ਦੇ ਗੁਆਂਢੀ ਸੂਬਿਆਂ ਵਲੋਂ ਪੰਜਾਬ ਦੇ ਮੁਕਾਬਲੇ ਘੱਟ ਹੀ ਨੌਕਰੀਆਂ ਕੱਢੀਆਂ ਜਾਂਦੀਆਂ ਹਨ . ਪੰਜਾਬ ਦੇ ਲੱਖਾਂ ਉਮੀਦਵਾਰ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ, ਜਦਕਿ ਗੁਆਂਢੀ ਸੂਬਿਆਂ ਦੇ ਲੋਕ ਪੰਜਾਬ ਵਿਚ ਪੈਰ ਜਮ੍ਹਾਂ ਰਹੇ ਹਨ . ਇਹ ਵੀ ਕਿ ਸਰਕਾਰਾਂ ਵਿਦਿਆਰਥੀਆਂ ਦੀ ਪ੍ਰਤਿਭਾ ਨਿਖਾਰਨ ਸਮੇਤ ਗੁਣਾਤਮਕ ਸਿੱਖਿਆ ਦੇਣ ਵਿਚ ਨਾਕਾਮ ਸਾਬਿਤ ਰਹੀਆਂ ਹਨ . ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸੋਨੇ ਦੀ ਚਿੜੀ ਪੰਜਾਬ ਵਿਚ ਬਾਹਰੀ ਸੂਬਿਆਂ ਦੇ ਲੋਕ ਰੁਜਗਾਰ ਲਈ ਆਉਂਦੇ ਸਨ .ਪਰ ਸਿੱਖਿਆ ਨੀਤੀਆਂ ਅਤੇ ਡੰਮੀ ਯੂਨੀਵਰਸਿਟੀਆਂ ਅਤੇ ਕਾਲਜਾਂ ਨੇ ਘਰ ਬੈਠੇ ਵਿਦਿਆਰਥੀਆਂ ਨੂੰ ਡਿਗਰੀਆਂ ਦੇ ਕੇ ਨਿਕੰਮੇ ਬਣਾ ਦਿੱਤਾ. ਜਿਸ ਕਾਰਨ ਪੰਜਾਬ ਵਿਚ ਚਪੜਾਸੀ ਦੀ ਨੌਕਰੀ ਲਈ ਪੀ. ਐਚ. ਡੀ. ਪੱਧਰ ਦੇ ਹਜਾਰਾਂ ਨੌਜਵਾਨ ਕੰਮ ਕਰਨ ਨੂੰ ਤਿਆਰ ਹਨ . ਉਧਰ ਪੰਜਾਬ ਦੇ ਮੁੱਖ ਮੰਤਰੀ ਦਾਅਵਾ ਕਰ ਚੁੱਕੇ ਹਨ ਕਿ ਪਿਛਲੇ 9 ਮਹੀਨਿਆਂ ਅੰਦਰ 25 ਹਜਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ 'ਤੇ ਲਾਇਆ ਗਿਆ ਹੈ . 23 ਹਜਾਰ ਕੱਚੇ ਕਾਮੇ ਜਲਦ ਪੱਕੇ ਕੀਤੇ ਜਾ ਰਹੇ ਹਨ . ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 1 ਅਪ੍ਰੈਲ 2016 ਤੋਂ 31 ਮਾਰਚ 2021 ਤੱਕ 42,600 ਮੁਲਾਜਮ ਸੇਵਾ ਮੁਕਤ ਹੋਣ ਉਪਰੰਤ ਅਸਾਮੀਆਂ ਖਾਲੀ ਹੋ ਗਈਆਂ ਸਨ. ਇਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵਿਚ ਹਜਾਰਾਂ ਅਸਾਮੀਆਂ ਉਮੀਦਵਾਰਾਂ ਦੀ ਨਿਯੁਕਤੀ ਨੂੰ ਉਡੀਕ ਰਹੀਆਂ ਹਨ .ਭਗਵੰਤ ਮਾਨ ਪੰਜਾਬ ਨੂੰ ਕਦੇ ਦਿੱਲੀਮਾਡਲ ਬਣਾਉਣ ਦੀ ਗੱਲ ਕਰਦੇ ਹਨ ਤੇ ਕਦੇ ਕੈਲੇਫ਼ੋਰਨੀਆ .ਵਾਸਤਾ ਜੇ ਰੱਬ ਦਾ ਪੰਜਾਬ ਨੂੰ ਪੰਜਾਬ ਹੀ ਰਹਿਣ ਦਿਉ ਭਇਆਵਾਦ ਬਣਾਉਣ ਦੀ ਕੋਸ਼ਿਸ ਨਾ ਕਰੋ .ਬਸ ਪੰਜਾਬ ਵਿੱਚ ਪੰਜਾਬੀਆਂ ਨੂੰ ਹੀ ਨੌਕਰੀਆਂ ਦੇ ਦੇਵੋ ਉਹ ਹੀ ਤੁਹਾਡੇ ਵਾਸਤੇ ਚੰਗੀ ਗੱਲ ਹੋਵੇਗੀ।




# ਤਿਲ-ਤਿਲ ਕਰਕੇ ਮਰਦੀ ਜ਼ਿੰਦਗੀ



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866

ਨਸ਼ਿਆਂ ਦੇ ਮਾਰੂ ਕਹਿਰ ਨੇ ਜਿੱਥੇ ਘਰਾਂ ਦੀਆਂ ਚੂਲਾਂ ਹਿਲਾ ਦਿੱਤੀਆਂ ਨੇ, ਉੱਥੇ ਹੀ ਇਸ ਕਹਿਰ ਦਾ ਸਭ ਤੋਂ ਮਾਰੂ ਸੰਤਾਪ ਔਰਤਾਂ ਦੇ ਹਿੱਸ਼ੇ ਆਇਆ ਹੈ। ਇੱਕ ਮਾਂ ਦੇ ਰੂਪ ਵਿੱਚ ਉਹ ਚੱਕੀ ਦੇ ਪੁੜ ਵਾਂਗ ਵਿੱਚ-ਵਿਚਾਲੇ ਪਿਸ ਰਹੀ ਹੈ। ਨਸ਼ੱਈ ਪੁੱਤ ਕਾਰਨ ਪਤੀ ਦੇ ਕੁਸੈਲੇ ਇਸ ਤਰਾਂ ਦੇ ਬੋਲ ," ਇਸ ਨੂੰ ਤਾਂ ਤੂੰ ਹੀ ਝੰਬਲਾਇਆ ਹੈ। ਇਹਦੀਆਂ ਕਰਤੂਤਾਂ ਤੇ ਪੜ੍ਹਦੇ ਵੀ ਪਾਉਂਦੀ ਰਹੀ ਅਤੇ ਚੋਰੀ -ਛਿਪੇ ਨਸ਼ਾ ਡੱਫਣ ਲਈ ਪੈਸੇ ਵੀ ਦਿੰਦੀ ਰਹੀ। ਹੁਣ ਕਿਉਂ ਰੋਨੀ ਐਂ ਅੱਖਾਂ 'ਚ ਘਸੁੰਨ ਦੇ ਕੇ।" ਦੂਜੇ ਪਾਸੇ ਮਾਂ ਦੇਰ ਰਾਤ ਤੱਕ ਘਰ ਦੀ ਦਹਿਲੀਜ਼ ਤੇ ਬੁੱਤ ਜਿਹਾ ਬਣੀ ਉਹਨੂੰ ਉਡੀਕ ਰਹੀ ਹੁੰਦੀ ਹੈ।" ਭੁੱਖਣ ਭਾਣਾ ਪਤਾ ਨਹੀਂ ਕਿੱਥੇ ਧੱਕੇ ਖਾਂਦਾ ਫਿਰਦੈ। ਚੋਬਰ ਪੁੱਤ ਨਸ਼ੇ ਖਾ-ਖਾ ਹੱਡੀਆਂ ਦਾ ਮੁੱਠ ਬਣ ਗਿਐ। ਇਹਨੂੰ ਲੋਟ ਕਰਨ ਲਈ ਕਿੱਥੇ ਲੈ ਕੇ ਜਾਵਾਂ ?ਇਹ ਤਾਂ ਇਲਾਜ ਦੇ ਨਾਂ ਤੇ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦਾ।" ਇੰਜ ਦੀਆਂ ਮਾਰੂ ਸੋਚਾਂ ਦੇ ਅੰਗ-ਸੰਗ ਰਹਿੰਦਿਆਂ ਉਹਦੀ ਸਾਰੀ ਰਾਤ ਮੰਜੇ ਤੇ ਪਾਸੇ ਮਾਰਦਿਆਂ ਲੰਘ ਜਾਂਦੀ ਹੈ। ਪੁੱਤ ਦੀਆਂ ਕਰਤੂਤਾਂ ਦੇ ਗ਼ਮ ਕਾਰਨ ਉਹ ਆਪ ਅੱਧ ਮੋਈ ਜਿਹੀ ਹੋ ਜਾਂਦੀ ਹੈ। ਵਿਆਹੀ ਵਰ੍ਹੀ ਭੈਣ ਵੀ ਸਹੁਰੇ ਘਰ ਮਾਯੂਸੀ ਭਰਿਆ ਜੀਵਨ ਬਤੀਤ ਕਰਦੀ ਹੈ। ਉਹ ਆਪਣੇ ਭਰਾ ਦੇ ਨਸ਼ੱਈ ਹੋਣ ਸਬੰਧੀ ਪਤੀ ਅਤੇ ਘਰ ਦੇ ਦੂਜੇ ਮੈਂਬਰਾਂ ਤੋਂ ਓਹਲਾ ਰੱਖਦੀ ਹੈ। ਉਹਨੂੰ ਡਰ ਰਹਿੰਦਾ ਹੈ ਕਿ ਸੱਸ-ਸਹੁਰਾ, ਦਿਰਾਣੀਆਂ-ਜਿਠਾਣੀਆਂ ਜਾਂ ਪਤੀ 'ਨਸ਼ੱਈ ਭਰਾ' ਦਾ ਮਿਹਣਾ ਨਾ ਦੇ ਦੇਣ। ਰੱਖੜੀ ਵਾਲੇ ਦਿਨ ਉਹ ਖ਼ੂਨ ਦੇ ਅੱਥਰੂ ਕੇਰਦੀ ਹੋਈ ਮਾਂ ਨੂੰ ਤਰਲੇ ਜਿਹੇ ਨਾਲ ਕਹਿੰਦੀ ਹੈ, " ਵੀਰੇ ਨੂੰ, ਇੱਥੇ ਨਾ ਭੇਜੀਂ। ਮੈਂ ਆਪੇ ਇਕੱਲੀ ਰੱਖੜੀ ਵਾਲੇ ਦਿਨ ਥੋਡੇ ਕੋਲ ਆ ਜਾਵਾਂਗੀ।" ਉਹਨੂੰ ਡਰ ਰਹਿੰਦਾ ਹੈ ਕਿ ਜੇਕਰ ਉਹ ਨਸ਼ੇ ਵਿੱਚ ਟੱਲੀ ਹੋ ਕੇ ਗਲੀ ਵਿੱਚ ਡਿੱਗ ਪਿਆ ਜਾਂ ਆ ਕੇ ਮੰਜੇ ਤੇ ਬੇਹੋਸ਼ ਹੋ ਕੇ ਡਿੱਗਿਆ ਪਿਆ ਰਿਹਾ ਤਾਂ ਮੇਰੇ ਕੋਲੋਂ ਸਹੁਰੇ ਪਰਿਵਾਰ ਸਾਹਮਣੇ ਨਮੋਸ਼ੀ ਨਹੀਂ ਝੱਲੀ ਜਾਣੀ। ਉਂਜ ਵੀ ਉਹ ਗੰਭੀਰ ਹੋ ਕੇ ਸੋਚਦੀ ਹੈ," ਕੁੜੀ ਦਾ ਬਸੇਬਾ ਮਾਪਿਆਂ ਦੇ ਸਿਰ ਤੇ ਹੁੰਦੈ। ਜੇ ਇਹਨਾਂ ਨੂੰ ਪਤਾ ਲੱਗ ਗਿਆ ਕਿ ਇਕਲੌਤੇ ਭਰਾ ਦੇ ਨਸ਼ਿਆਂ ਕਾਰਨ ਘਰ ਵਿੱਚ ਰੋਜ ਝੱਜੂ ਪਿਆ ਰਹਿੰਦੈ ਅਤੇ ਪੇਕਿਆਂ ਦੀ ਹਾਲਤ ਹੁਣ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਹੋ ਗਈ ਹੈ ਤਾਂ ਫਿਰ ਮੇਰਾ ਤਾਂ ਊਂਈਂ ਜਿਊਣਾ ਦੁੱਭਰ ਹੋਜੂ।" ਰੱਖੜੀ ਵਾਲੇ ਦਿਨ ਪੇਕੀਂ ਆ ਕੇ ਜਦੋਂ ਉਹ ਨਸ਼ੱਈ ਭਰਾ ਦੇ ਰੱਖੜੀ ਬੰਨ੍ਹਦੀ ਹੈ ਤਾਂ ਗੁੱਟ ਤੇ ਰੱਖੜੀ ਬੰਨ੍ਹਣ ਵੇਲੇ ਭਰਾ ਦੀਆਂ ਕਾਨਿਆਂ ਵਰਗੀਆਂ ਸੁੱਕੀਆਂ ਬਾਵਾਂ ਨੂੰ ਥਾਂ-ਥਾਂ ਤੇ ਸਰਿੰਜਾਂ ਨਾਲ ਵਿਨ੍ਹੀਆਂ ਦੇਖਦੀ ਹੈ ਤਾਂ ਉਹ ਨੈਣਾ 'ਚੋਂ ਅੱਥਰੂਆਂ ਨੂੰ ਛਲਕਣ ਤੋਂ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਨਸ਼ੱਈ ਪਤਨੀ ਵੀ ਕੋਈ ਘੱਟ ਸੰਤਾਪ ਨਹੀਂ ਭੋਗਦੀ। ਸਹੁਰੀਂ ਆ ਕੇ ਜਦੋਂ ਉਹਨੂੰ ਆਪਣੇ ਪਤੀ ਦਾ ਨਸ਼ਿਆਂ ਦੀ ਦਲਦਲ ਵਿੱਚ ਧੱਸੇ ਹੋਣ ਦਾ ਪਤਾ ਲੱਗਦਾ ਹੈ ਤਾਂ ਉਹਨੂੰ ਜਾਪਦਾ ਹੈ ਕਿ ਵਿਆਹ ਤੋਂ ਪਹਿਲਾਂ ਸਿਰਜੇ ਰੰਗੀਨ ਸੁਪਨੇ ਖੇਰੂੰ-ਖੇਰੂੰ ਹੋ ਗਏ ਹਨ । ਬਾਹਾਂ ਵਿੱਚ ਪਾਇਆ ਲਾਲ ਚੂੜਾ ਉਹਨੂੰ ਡੰਗ ਜਿਹਾ ਮਾਰਦਾ ਲੱਗਦਾ ਹੈ। ਕਦੇ ਵਿਚੋਲੇ ਨੂੰ, ਕਦੇ ਮਾਂ-ਬਾਪ ਨੂੰ ਅਤੇ ਕਦੇ ਆਪਣੀ ਕਿਸਮਤ ਨੂੰ ਕੋਸਦਿਆਂ ਉਹ ਖ਼ੂਨ ਦੇ ਹੰਝੂ ਵਹਾਉਂਦੀ ਹੈ। ਐਦਾਂ ਹੀ ਇੱਕ ਪੀੜਤ ਔਰਤ ਆਪਣੇ ਨਸ਼ੱਈ ਪਤੀ ਨੂੰ ਲੈ ਕੇ ਨਸ਼ਾ ਛੁਡਾਊ ਕੇਂਦਰ ਵਿੱਚ ਆ ਗਈ। ਆਪਣੇ ਨਾਲ ਉਹ ਪੇਕਿਉਂ ਭਰਾ ਨੂੰ ਵੀ ਲੈ ਕੇ ਆਈ ਸੀ। ਕਾਉਂਸਲਿੰਗ ਉਪਰੰਤ ਸਾਹਮਣੇ ਆਇਆ ਕਿ ਨਸ਼ਿਆਂ ਕਾਰਨ ਉਸ ਨੇ ਪਰਿਵਾਰ ਨੂੰ ਖ਼ੁੰਘਲ ਕਰ ਦਿੱਤਾ ਹੈ। 2-3 ਕਿੱਲੇ ਹਿਸੇ ਆਈ ਜਮੀਨ ਵੀ ਨਸ਼ਿਆਂ ਦੇ ਲੇਖੇ ਲਾ ਦਿੱਤੀ ਹੈ। ਡੱਕਾ ਦੂਰਾ ਨਹੀਂ ਕਰਦਾ। ਪਤਨੀ ਘਰ ਵਿੱਚ ਰੱਖੀਆਂ ਦੋ ਮੱਝਾ ਦਾ ਦੁੱਧ ਵੇਚ ਕੇ ਪਰਿਵਾਰਕ ਲੋੜਾਂ ਪੂਰੀਆਂ ਕਰ ਰਹੀ ਸੀ। ਪਰ ਇੱਕ ਦਿਨ ਮਜ਼ਬੂਰੀ ਵਸ ਉਹਨੂੰ ਪੇਕੀਂ ਜਾਣਾ ਪਿਆ ਅਤੇ ਨਸ਼ੱਈ ਪਤੀ ਨੇ ਉਹਦੀ ਗੈਰ ਹਾਜ਼ਰੀ ਦਾ ਲਾਹਾ ਲੈਂਦਿਆਂ ਦੋਵੇਂ ਮੱਝਾ ਕੋਡੀਆਂ ਦੇ ਭਾਅ ਡੰਗਰਾਂ ਦੇ ਵਿਉਪਾਰੀਆਂ ਨੂੰ ਵੇਚ ਦਿੱਤੀਆਂ ਅਤੇ ਘਰ ਵਿੱਚ ਆਮਦਨੀ ਦਾ ਹੋਰ ਕੋਈ ਸਾਧਨ ਵੀ ਨਾ ਰਿਹਾ। ਪਤਨੀ ਅਤੇ ਉਸ ਦੇ ਭਰਾ ਦੇ ਦਬਾਅ ਦੇ ਨਾਲ ਨਾਲ ਕਾਉਂਸਲਿੰਗ ਸਮੇਂ ਸਮਝਾਉਣ ਉਪਰੰਤ ਉਹ ਦਾਖਲ ਹੋਣ ਲਈ ਰਾਜ਼ੀ ਹੋ ਗਿਆ। ਪਤਨੀ ਅਤੇ ਉਸ ਦੇ ਭਰਾ ਨੂੰ ਸੰਬੋਧਨ ਕਰਦਿਆਂ ਜਦੋਂ ਮੈਂ ਸੰਸਥਾਂ ਦੇ ਨਿਯਮਾਂ ਸਬੰਧੀ ਜਾਣਕਾਰੀ ਦੇਣ ਲੱਗਿਆ ਤਾਂ ਨਸ਼ੱਈ ਦੀ ਪਤਨੀ ਨੇ ਅੰਤਾਂ ਦੀ ਮਾਯੂਸੀ ਵਿੱਚ ਪੀੜਤ ਭਰੀ ਆਵਾਜ਼ ਵਿੱਚ ਕਿਹਾ," ਥੋਡੀਆਂ ਸਾਰੀਆਂ ਸ਼ਰਤਾਂ ਸਾਨੂੰ ਮੰਨਜ਼ੂਰ ਨੇ ਜੀ। ਹਾਥੀ ਦੀਆਂ ਪੈੜਾਂ ਵਿੱਚ ਸਾਰੀਆਂ ਪੈੜਾਂ ਹੀ ਆ ਗਈਆਂ। ਬੱਸ, ਇੱਕੋ ਅਰਜ ਕਰਦੀ ਹਾਂ ਜੀ ਥੋਨੂੰ। ਜੇ ਇਥੇ ਇਲਾਜ਼ ਦਰਮਿਆਨ ਇਹ ਮਰ ਵੀ ਜਾਂਦੈ ਤਾਂ ਇਹਨੂੰ ਤੁਸੀਂ ਹੀ ਫੂਕ ਦਿਉ। ਲੱਕੜਾਂ ਦੇ ਪੈਸੇ ਅਸੀਂ ਦੇ ਦਿਆਂਗੇ।" ਔਰਤ ਦੇ ਵਹਿੰਦੇ ਖ਼ੂਨ ਦੇ ਅੱਥਰੂਆਂ ਕਾਰਨ ਆਲੇ-ਦੁਆਲੇ ਸੋਗੀ ਹਵਾ ਪਸਰ ਗਈ ਸੀ।












# ਲੋਹੜੀ ਦੇ ਗਾਣਿਆਂ ਵਾਲਾ ਲੋਕ ਨਾਇਕ, ਦੁੱਲਾ ਭੱਟੀ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਪੰਜਾਬ ਦੇ ਚਾਰ ਮਸ਼ਹੂਰ ਲੋਕ ਨਾਇਕਾਂ ਜੱਗਾ ਡਾਕੂ, ਜਿਊਣਾ ਮੌੜ ਅਤੇ ਸੁੱਚਾ ਸੂਰਮਾ ਵਿੱਚੋਂ ਅਬਦੁੱਲਾ ਖਾਨ ਭੱਟੀ ਉਰਫ ਦੁੱਲਾ ਭੱਟੀ ਸਭ ਤੋਂ ਪਹਿਲਾਂ ਹੋਇਆ ਹੈ। ਦੁੱਲਾ ਭੱਟੀ ਪੰਜਾਬ ਦਾ ਪਹਿਲਾ ਰੌਬਿਨ ਹੁੱਡ ਸੀ। ਉਸ ਦਾ ਜਨਮ 1569 ਈ. ਦੇ ਕਰੀਬ ਅਕਬਰ ਮਹਾਨ ਦੇ ਸ਼ਾਸ਼ਨ ਕਾਲ ਵਿੱਚ ਹੋਇਆ ਸੀ। ਉਸ ਦੀ ਮਾਂ ਦਾ ਨਾਮ ਲੱਧੀ ਅਤੇ ਬਾਪ ਦਾ ਨਾਮ ਰਾਏ ਫਰੀਦ ਖਾਨ ਭੱਟੀ ਸੀ ਜੋ ਮੁਸਲਿਮ ਰਾਜਪੂਤ ਸੀ। ਫਰੀਦ ਖਾਨ ਸਾਂਦਲ ਬਾਰ ਦੇ ਪਿੰਡੀ ਭੱਟੀਆਂ ਇਲਾਕੇ ਦਾ ਸਰਦਾਰ ਸੀ ਤੇ ਉਸ ਦਾ ਪ੍ਰਭਾਵ ਲਹਿੰਦੇ ਪੰਜਾਬ ਦੇ ਮੌਜੂਦਾ ਜਿਲ੍ਹੇ ਹਾਫੀਜ਼ਾਬਾਦ ਤੋਂ ਲੈ ਕੇ ਮੁਲਤਾਨ ਤੱਕ ਸੀ। ਪਿੰਡੀ ਭੱਟੀਆਂ ਦਾ ਇਲਾਕਾ ਅੱਜਕਲ੍ਹ ਪਾਕਿਸਤਾਨ ਦੇ ਜਿਲ੍ਹਾ ਫੈਸਲਾਬਾਦ ਦੇ ਆਸਪਾਸ ਪੈਂਦਾ ਹੈ। ਅਕਬਰ ਤੋਂ ਪਹਿਲਾਂ ਭਾਰਤ ਵਿੱਚ ਜ਼ਮੀਨਾਂ ਦਾ ਲਗਾਨ ਇਕੱਠਾ ਕਰਨ ਵੇਲੇ ਬਹੁਤ ਧਾਂਦਲੀ ਚੱਲਦੀ ਸੀ। ਪਰ ਅਕਬਰ ਨੇ ਆਪਣੇ ਵਿੱਤ ਮੰਤਰੀ ਦੀਵਾਨ ਟੋਡਰ ਮੱਲ ਦੀ ਮਦਦ ਨਾਲ ਸਾਰੇ ਰਾਜ ਵਿੱਚ ਜ਼ਮੀਨ ਦੀ ਮਿਣਤੀ ਕਰਵਾਈ ਤੇ ਉਸੇ ਹਿਸਾਬ ਨਾਲ ਲਗਾਨ ਨਿਸ਼ਚਿਤ ਕਰ ਦਿੱਤਾ। ਮਾਮਲਾ ਉਗਰਾਹੁਣਾ ਜਿੰਮੀਦਾਰ ਆਪਣਾ ਰੱਬੀ ਹੱਕ ਸਮਝਦੇ ਸਨ। ਪਰ ਅਕਬਰ ਵੱਲੋਂ ਸਿੱਧਾ ਮਾਮਲਾ ਉਗਰਾਹੁਣ ਤੋਂ ਜਿੰਮੀਦਾਰ ਭੜਕ ਗਏ ਤੇ ਆਪਣੇ ਅਧਿਕਾਰਾਂ ਵਿੱਚ ਦਖਲ ਸਮਝ ਕੇ ਬਗਾਵਤਾਂ ਸ਼ੁਰੂ ਕਰ ਦਿੱਤੀਆਂ। ਬਾਰਾਂ ਵਿੱਚ ਰਹਿਣ ਵਾਲੇ ਲੋਕ ਮੁੱਢ ਤੋਂ ਹੀ ਬਾਗੀ ਸਨ। ਮਹਿਮੂਦ ਗਜ਼ਨਵੀ ਤੇ ਬਾਬਰ ਨੂੰ ਵੀ ਇਸ ਇਲਾਕੇ ਵਿੱਚ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਲੜਨ ਭਿੜਨ ਤੇ ਲੁੱਟਮਾਰ ਦੇ ਸ਼ੌਕੀਨ ਇਹ ਲੋਕ ਸਰਕਾਰੀ ਹਕੂਮਤ ਨੂੰ ਨਹੀਂ ਸਨ ਮੰਨਦੇ। ਇੱਥੋਂ ਤੱਕ ਕਿ ਆਪਣੇ ਇਲਾਕੇ 'ਚੋਂ ਲੰਘਣ ਵਾਲੇ ਕਾਫਲਿਆਂ ਤੇ ਸਰਕਾਰੀ ਖਜ਼ਾਨੇ ਨੂੰ ਵੀ ਲੁੱਟ ਲੈਂਦੇ ਸਨ। ਫਰੀਦ ਖਾਨ ਭੱਟੀ ਨੇ ਵੀ ਬਗਾਵਤ ਕਰ ਦਿੱਤੀ, ਪਰ ਮੁਗਲ ਸੈਨਾਂ ਨੇ ਜਲਦੀ ਹੀ ਬਗਾਵਤਾਂ ਦਬਾ ਦਿੱਤੀਆਂ। ਫਰੀਦ ਖਾਨ ਤੇ ਉਸ ਦੇ ਬਾਪ ਸਾਂਦਲ ਖਾਨ ਭੱਟੀ ਨੂੰ ਫਾਂਸੀ ਲਗਾ ਦਿੱਤਾ ਗਿਆ ਤੇ ਜਗੀਰਾਂ ਜ਼ਬਤ ਕਰ ਲਈਆਂ ਗਈਆਂ। ਕਹਿੰਦੇ ਹਨ ਕਿ ਫਰੀਦ ਖਾਨ, ਸਾਂਦਲ ਖਾਨ ਤੇ ਉਹਨਾਂ ਦੇ ਸਾਥੀਆਂ ਦੀਆਂ ਲਾਸ਼ਾਂ ਤੂੜੀ ਨਾਲ ਭਰ ਕੇ ਸ਼ਾਹੀ ਕਿਲਾ ਲਾਹੌਰ ਦੇ ਦਰਵਾਜ਼ੇ 'ਤੇ ਲਟਕਾ ਦਿੱਤੀਆਂ ਗਈਆਂ। ਦੁੱਲੇ ਦਾ ਜਨਮ ਫਰੀਦ ਦੇ ਮਰਨ ਤੋਂ ਚਾਰ ਮਹੀਨੇ ਬਾਅਦ ਹੋਇਆ ਸੀ। ਦੁੱਲੇ ਨੂੰ ਬਚਪਨ ਵਿੱਚ ਪਤਾ ਨਹੀਂ ਸੀ ਕਿ ਉਸ ਦੇ ਬਾਪ-ਦਾਦੇ ਨਾਲ ਕੀ ਵਾਪਰਿਆ ਹੈ। ਉਸ ਦਾ ਬਚਪਨ ਵੀ ਆਮ ਬੱਚਿਆਂ ਵਾਂਗ ਮਸੀਤ ਵਿੱਚ ਪੜ੍ਹ ਕੇ ਤੇ ਖੇਡ ਕੁੱਦ ਕੇ ਬੀਤਿਆ। ਉਹ ਬਚਪਨ ਤੋਂ ਹੀ ਬੜਾ ਦਲੇਰ ਅਤੇ ਬਾਗੀ ਕਿਸਮ ਦਾ ਸੀ। ਜਦੋਂ ਮੌਲਵੀ ਨੇ ਸਖਤੀ ਕੀਤੀ ਤਾਂ ਉਸ ਨੇ ਪੜ੍ਹਨਾ ਹੀ ਛੱਡ ਦਿੱਤਾ। ਉਹ ਬਚਪਨ ਤੋਂ ਤੀਰ, ਤਲਵਾਰ, ਬੰਦੂਕਾਂ ਆਦਿ ਚਲਾਉਣ ਦਾ ਸ਼ੌਕੀਨ ਸੀ। ਗੁਲੇਲ ਨਾਲ ਔਰਤਾਂ ਦੇ ਘੜੇ ਭੰਨ੍ਹ ਦੇਂਦਾ ਤਾਂ ਲੱਧੀ ਉਸ ਨੂੰ ਡਾਂਟਣ ਦੀ ਬਜਾਏ ਆਪਣੇ ਸਵਰਗਵਾਸੀ ਪਤੀ ਦੀ ਇੱਕੋਇੱਕ ਨਿਸ਼ਾਨੀ ਸਮਝ ਕੇ ਨਵੇਂ ਘੜੇ ਲੈ ਦੇਂਦੀ। ਜਦੋਂ ਉਸ ਨੂੰ ਆਪਣੇ ਬਾਪ ਦੀ ਹੋਣੀ ਬਾਰੇ ਪਤਾ ਲੱਗਾ ਤਾਂ ਉਹ ਭੜਕ ਉੱਠਿਆ। ਉਸ ਨੇ ਅਕਬਰ ਅਤੇ ਮੁਗਲ ਰਾਜ ਦੇ ਖਿਲਾਫ ਬਗਾਵਤ ਕਰ ਦਿੱਤੀ। ਉਸ ਨੇ ਸਰਕਾਰੀ ਖਜ਼ਾਨਾ ਲੁੱਟ ਕੇ ਲੋਕਾਂ ਵਿੱਚ ਵੰਡਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਖਰਚੇ 'ਤੇ ਗਰੀਬ ਘਰਾਂ ਦੀਆਂ ਅਨੇਕਾਂ ਲੜਕੀਆਂ ਦੇ ਵਿਆਹ ਕੀਤੇ। ਮੁਗਲਾਂ ਦੇ ਕਈ ਅਹਿਲਕਾਰਾਂਤੇ ਸੈਨਿਕਾਂ ਨੂੰ ਕਤਲ ਕਰ ਦਿੱਤਾ ਗਿਆ। ਇੱਕ ਵਾਰ ਤਾਂ ਸਾਂਦਲ ਬਾਰ ਦਾ ਇਲਾਕਾ ਲਾਹੌਰ ਦੇ ਸੂਬੇਦਾਰ ਦੇ ਕਬਜ਼ੇ ਵਿੱਚੋਂ ਇੱਕ ਤਰਾਂ ਨਾਲ ਅਜ਼ਾਦ ਹੀ ਹੋ ਗਿਆ ਸੀ। ਲੋਕ ਕਥਾ ਹੈ ਕਿ ਉਸ ਨੇ ਹੱਜ ਕਰਨ ਜਾਂਦੀ ਅਕਬਰ ਦੀ ਇੱਕ




ਬੇਗਮ ਲੁੱਟ ਲਈ ਸੀ ਜਾਂ ਬੰਦੀ ਬਣ ਲਈ ਸੀ। ਪਰ ਇਸ ਸਬੰਧੀ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਉਸ ਦੇ ਕਈ ਡਾਕੇ ਬੜੇ ਮਸ਼ਹੂਰ ਹੋਏ ਸਨ। ਉਸ ਨੇ ਇੱਕ ਵਾਰ ਅਕਬਰ ਲਈ ਖਾਸ ਅਰਬੀ ਘੋੜੇ ਲੈ ਕੇ ਜਾਂਦੇ ਕਾਬਲ ਦੇ ਵਪਾਰੀ ਨੂੰ ਲੁੱਟ ਲਿਆ ਸੀ। ਇਸ ਤੋਂ ਇਲਾਵਾ ਉਸ ਨੇ ਸ਼ਾਹ ਇਰਾਨ ਵੱਲੋਂ ਅਕਬਰ ਲਈ ਭੇਜੇ ਗਏ ਤੋਹਫੇ ਲੁੱਟ ਕੇ ਤਰਥੱਲੀ ਮਚਾ ਦਿੱਤੀ ਸੀ। ਲੁੱਟਿਆ ਸਮਾਨ ਗਰੀਬਾਂ ਵਿੱਚ ਵੰਡਣ ਕਾਰਨ ਲੋਕ ਉਸ ਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਨ ਲੱਗੇ। ਉਸ ਕੱਟੜਤਾ ਵਾਲੇ ਯੁੱਗ ਵਿੱਚ ਵੀ ਉਹ ਧਾਰਮਿਕ ਤੌਰ 'ਤੇ ਬਹੁਤ ਹੀ ਸ਼ਹਿਣਸ਼ੀਲ ਸੀ। ਇਲਾਕੇ ਦੇ ਹਿੰਦੂਆਂ ਪ੍ਰਤੀ ਉਸ ਦਾ ਵਿਵਹਾਰ ਬਹੁਤ ਹੀ ਪਿਆਰ ਭਰਿਆ ਸੀ। ਉਹ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਨਾਇਕ ਹੈ। ਉਸ ਨੇ ਸੁੰਦਰੀ ਮੁੰਦਰੀ ਨਾਮਕ ਦੋ ਹਿੰਦੂ

**ਦੁੱਲੇ ਦੀ ਲੋਕ ਰੱਬ ਵਾਂਗ ਪੂਜਾ ਕਰਨ ਲੱਗੇ। ਪਰ ਦੁੱਲੇ ਦੀ ਚੜ੍ਹਾਈ ਉਸ ਦੇ ਸਕੇ ਚਾਚੇ ਜਲਾਲੁਦੀਨ ਕੋਲੋਂ ਬਰਦਾਸ਼ਤ ਨਾ ਹੋਈ। ਉਹ ਮੁਗਲਾਂ ਦਾ ਮੁਖਬਰ ਬਣ ਗਿਆ ਤੇ ਖਬਰਾਂ ਸਰਕਾਰ ਤੱਕ ਪਹੁੰਚਾਉਣ ਲੱਗਾ। ਪਰ ਭਾਰੀ ਕੋਸ਼ਿਸ਼ਾਂ ਦੇ ਬਾਵਜੂਦ ਲਾਹੌਰ ਦਾ ਸੂਬੇਦਾਰ ਦੁੱਲੇ ਨੂੰ ਦਬਾ ਨਾ ਸਕਿਆ ਤੇ ਉਸ ਨੂੰ ਅਨੇਕਾਂ ਵਾਰ ਮੂੰਹ ਦੀ ਖਾਣੀ ਪਈ। ਇਸ ਤੋਂ ਖਿਝ੍ਹ ਕੇ ਅਕਬਰ ਨੇ ਸਾਂਦਲ ਬਾਰ ਦੀ ਬਗਾਵਤ ਦਬਾਉਣ ਲਈ ਆਪਣੇ ਦੋ ਬਹੁਤ ਹੀ ਕਾਬਲ ਜਰਨੈਲ ਮਿਰਜ਼ਾ ਅਲਾਉਦੀਨ ਅਤੇ ਮਿਰਜ਼ਾ ਜ਼ਿਆਉਦੀਨ ਖਾਨ 15000 ਸੈਨਕ ਦੇ ਕੇ ਲਾਹੌਰ ਭੇਜ ਦਿੱਤੇ। ਲਾਹੌਰ ਦੇ ਸੂਬੇਦਾਰ ਨੂੰ ਬੜੇ ਸਖਤ ਹੁਕਮ ਭੇਜੇ ਗਏ ਕਿ ਜੇ ਬਗਾਵਤ ਨਾ ਦਬਾਈ ਗਈ ਤਾਂ ਤੇਰਾ ਸਿਰ ਵੱਢ ਦਿੱਤਾ ਜਾਵੇਗਾ।**

ਲੜਕੀਆਂ ਨੂੰ ਜਗੀਰਦਾਰ ਦੇ ਪੰਜੇ ਵਿੱਚੋਂ ਬਚਾ ਕੇ ਤੇ ਬਾਪ ਬਣਕੇ ਉਹਨਾਂ ਦਾ ਵਿਆਹ ਕਰਵਾਇਆ ਸੀ ਤੇ ਸਾਰਾ ਦਹੇਜ਼ ਖੁਦ ਦਿੱਤਾ ਸੀ। ਉਸ ਦੇ ਇਸ ਕਾਰਨਾਮੇ ਨੇ ਉਸ ਨੂੰ ਹਮੇਸ਼ਾਂ ਲਈ ਅਮਰ ਕਰ ਦਿੱਤਾ ਹੈ। ਅੱਜ ਤੱਕ ਹਰ ਸਾਲ ਲੋਕ ਉਸ ਨੂੰ ਉਸ ਨੂੰ ਲੋਹੜੀ ਦੇ ਤਿਉਹਾਰ 'ਤੇ ਉ ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ ਹੋ" ਗਾ ਕੇ ਯਾਦ ਕਰਦੇ ਹਨ। ਦੁੱਲੇ ਦੀ ਲੋਕ ਰੱਬ ਵਾਂਗ ਪੂਜਾ ਕਰਨ ਲੱਗੇ। ਪਰ ਦੁੱਲੇ ਦੀ ਚੜ੍ਹਾਈ ਉਸ ਦੇ ਸਕੇ ਚਾਚੇ ਜਲਾਲੁਦੀਨ ਕੋਲੋਂ ਬਰਦਾਸ਼ਤ ਨਾ ਹੋਈ। ਉਹ ਮੁਗਲਾਂ ਦਾ ਮੁਖਬਰ ਬਣ ਗਿਆ ਤੇ ਖਬਰਾਂ ਸਰਕਾਰ ਤੱਕ ਪਹੁੰਚਾਉਣ ਲੱਗਾ। ਪਰ ਭਾਰੀ ਕੋਸ਼ਿਸ਼ਾਂ ਦੇ ਬਾਵਜੂਦ ਲਾਹੌਰ ਦਾ ਸੂਬੇਦਾਰ ਦੁੱਲੇ ਨੂੰ ਦਬਾ ਨਾ ਸਕਿਆ ਤੇ ਉਸ ਨੂੰ ਅਨੇਕਾਂ ਵਾਰ ਮੂੰਹ ਦੀ ਖਾਣੀ ਪਈ। ਇਸ ਤੋਂ ਖਿਝ੍ਹ ਕੇ ਅਕਬਰ ਨੇ ਸਾਂਦਲ ਬਾਰ ਦੀ ਬਗਾਵਤ ਦਬਾਉਣ ਲਈ ਆਪਣੇ ਦੋ ਬਹੁਤ ਹੀ ਕਾਬਲ ਜਰਨੈਲ ਮਿਰਜ਼ਾ ਅਲਾਉਦੀਨ ਅਤੇ ਮਿਰਜ਼ਾ ਜ਼ਿਆਉਦੀਨ ਖਾਨ 15000 ਸੈਨਕ ਦੇ ਕੇ ਲਾਹੌਰ ਭੇਜ ਦਿੱਤੇ। ਲਾਹੌਰ ਦੇ ਸੂਬੇਦਾਰ ਨੂੰ ਬੜੇ ਸਖਤ ਹੁਕਮ ਭੇਜੇਗਏ ਕਿ ਜੇ ਬਗਾਵਤ ਨਾ ਦਬਾਈ ਗਈ ਤਾਂ ਤੇਰਾ ਸਿਰ ਵੱਢ ਦਿੱਤਾ ਜਾਵੇਗਾ। ਦਿੱਲੀ ਤੋਂ ਆਏ ਜਰਨੈਲਾਂ ਦੀ ਕਮਾਂਡ ਹੇਠ ਲਾਹੌਰ ਅਤੇ ਦਿੱਲੀ ਦੀ ਰਲੀ ਮਿਲੀ ਫੌਜ ਹੱਥ ਧੋ ਕੇ ਦੁੱਲੇ ਦੇ ਪਿੱਛੇਪੈ ਗਈ। ਦੁੱਲੇ ਦਾ ਘਰਘਾਟ ਤਬਾਹ ਕਰ ਦਿੱਤਾ ਗਿਆ ਤੇ ਲੱਧੀ ਸਮੇਤ ਭੱਟੀਆਂ ਦੀਆਂ ਸਾਰੀਆਂ ਔਰਤਾਂ ਬੰਦੀ ਬਣਾ ਲਈਆਂ ਗਈਆਂ। ਕਈ ਮਹੀਨੇ ਝੜਪਾਂ ਚਲਦੀਆਂ ਰਹੀਆਂ, ਦੁੱਲੇ ਅਤੇ ਸਾਥੀਆਂ ਨੇ ਛਾਪਮਾਰ ਯੁੱਧ ਨਾਲ ਫੌਜ ਦੇ ਨੱਕ ਵਿੱਚ ਦਮ ਕਰ ਦਿੱਤਾ। ਕਹਿੰਦੇ ਹਨ ਕਿ ਜਦੋਂ ਮੁਗਲ ਉਸ ਨੂੰ ਮੈਦਾਨ ਵਿੱਚ ਨਾ ਹਰਾ ਸਕੇ ਤਾਂ ਉਹਨਾਂ ਨੇ ਛਲ ਕਪਟ ਦਾ ਸਹਾਰਾ ਲਿਆ। ਵਿਚੋਲੇ ਪਾ ਕੇ ਸੁਲ੍ਹਾ ਦੀ ਗੱਲ ਚਲਾਉਣ ਦਾ ਢੌਂਗ ਰਚਿਆ ਗਿਆ। ਜਦੋਂ ਦੁੱਲਾ ਗੱਲਬਾਤ ਲਈ ਆਇਆ ਤਾਂ ਉਸ ਨੂੰ ਖਾਣੇ ਵਿੱਚ ਨਸ਼ਾ ਮਿਲਾ ਕੇ ਬੇਹੋਸ਼ ਕਰ ਕੇ ਗ੍ਰਿਫਤਾਰ ਕਰ ਲਿਆ ਤੇ ਲਾਹੌਰ ਜੇਲ੍ਹ ਵਿੱਚ ਬੰਦ ਕਰ ਦਿੱਤਾ। ਆਖਰ 1599 ਈ. ਨੂੰਸਿਰਫ 30 ਸਾਲ ਦੀ ਭਰ ਜਵਾਨੀ ਵਿੱਚ ਦੁੱਲੇ ਨੂੰ ਕੋਤਵਾਲੀ ਦੇ ਸਾਹਮਣੇ ਫਾਂਸੀ ਲਗਾ ਦਿਤਾ ਗਿਆ। ਕਹਿੰਦੇ ਹਨ ਕਿ ਉਸ ਦੀਆਂ ਆਖਰੀ ਰਸਮਾਂ ਮਹਾਨ ਸੂਫੀ ਸੰਤ ਸ਼ਾਹ ਹੁਸੈਨ ਨੇ ਨਿਭਾਈਆਂ ਸਨ। ਉਸ ਦੀ ਕਬਰ ਲਾਹੌਰ ਮਿਆਣੀ ਸਾਹਿਬ ਕਬਰਸਤਾਨ ਵਿੱਚ ਬਣੀ ਹੋਈ ਹੈ। ਦੁੱਲਾ ਪੰਜਾਬ ਦੇ ਇਤਿਹਾਸ ਦਾ ਅਮਰ ਕਿਰਦਾਰ ਹੈ ਤੇ ਅਣਖ ਨਾਲ ਜਿਊਣ ਦਾ ਪ੍ਰਤੀਕ ਹੈ।

# ਧੀਆਂ ਪੁੱਤਾਂ ਦੀਆਂ ਲੋਹੜੀਆਂ ਕਿਉਂ ਨਹੀਂ ..?

ਦਵਿੰਦਰ ਜਦੋਂ ਸਕੂਲ ਗਿਆ ਸੀ ਤਾਂ ਅੱਜ ਉਹ ਬਹੁਤ ਖੁਸ ਸੀ ਕਿਉਂਕਿ ਉਸ ਨੇ ਅੱਜ ਆਪਣੇ ਸਕੂਲ ਦੇ ਲੋਹੜੀ ਮੌਕੇ ਕਰਵਾਏ ਜਾ ਰਹੇ ਸਮਾਗਮ ਵਿੱਚ ਭਾਗ ਲੈਣਾ ਸੀ। ਉਹ ਕੱਲ੍ਹ ਦਾ ਹੀ ਇਸ ਲਈ ਬਹੁਤ ਉਤਾਵਲਾ ਸੀ। ਉਸ ਨੇ ਲੋਹੜੀ ਦਾ ਗੀਤ ਵੀ ਚੰਗੀ ਤਰ੍ਹਾਂ ਯਾਦ ਕਰ ਲਿਆ ਸੀ ਜੋ ਉਸ ਨੇ ਗਾਉਣਾ ਸੀ ।

ਜਦ ਉਹ ਵਾਪਸ ਆਇਆ ਤਾਂ ਆਪਣੀ ਮਾਂ ਸਰਗੀ ਨੂੰ ਸਮਾਗਮ ਬਾਰੇ ਦੱਸਣ ਲਈ ਐਨਾ ਉਤਾਵਲਾ ਨਹੀਂ ਸੀ। ਉਸ ਦੀ ਛੋਟੀ ਭੈਣ ਬੱਬਲ ਉਸ ਨਾਲ ਲਾਡ ਕਰਦੀ ਹੋਈ ਕੁਝ ਕਹਿਣ ਲੱਗਦੀ ਹੈ ਤਾਂ ਉਹ ਉਸ ਨੂੰ ਖਿੱਝ ਕੇ ਪੈਂਦਾ ਹੈ।ਸਰਗੀ ਸੋਚਦੀ ਹੈ ਕਿ ਇਹ ਤਾਂ ਅੱਜ ਤੱਕ ਕਦੇ ਬੱਬਲ ਉੱਤੇ ਨਹੀਂ ਖਿਝਿਆ ਸੀ , ਅੱਜ ਇਸ ਨੂੰ ਕੀ ਹੋ ਗਿਆ ਹੈ ?

ਸਰਗੀ ਕੁਝ ਦੇਰ ਉਸ ਦੇ ਚਿਹਰੇ ਨੂੰ ਸਮਝਣ ਦੀ ਕੋਸਿ਼ਸ ਕਰਦੀ ਰਹੀ। ਆਖਰ ਉਸ ਨੇ ਦਵਿੰਦਰ ਨੂੰ ਪੁੱਛ ਈ ਲਿਆ," ਬੇਟਾ ... ਫੰਕਸਨ ਵਿੱਚ ਤੇਰੀ ਪ੍ਰਫਾਰਮੈਂਸ ਕਿਵੇਂ ਰਹੀ.... ?"

"ਮੰਮਾ ਵਧੀਆ ਰਹੀ..... ਸਾਰਿਆਂ ਨੂੰ ਮੇਰਾ ਗਾਣਾ ਬਹੁਤ ਵਧੀਆ ਲੱਗਿਆ...," ਦਵਿੰਦਰ ਬੋਲਿਆ।

"ਬਾਕੀ ਸਾਰਾ ਫੰਕਸਨ ਕਿਵੇਂ ਰਿਹਾ...... ?" ਸਰਗੀ ਨੇ ਫਿਰ ਪੁੱਛਿਆ।

"ਠੀਕ ਸੀ.... ਐਨਾ ਵੀ ਕੁਛ ਖਾਸ ਨਹੀਂ ਸੀ.....!" ਦਵਿੰਦਰ ਖਿਝਿਆ ਜਿਹਾ ਮੂੰਹ ਜਿਹਾ ਬਣਾ ਕੇ ਜਵਾਬ ਦਿੰਦਾ ਹੈ।

"ਕੀ ਗੱਲ ਹੋਈ..... ਪਹਿਲਾਂ ਤਾਂ ਤੂੰ ਕਹਿੰਦਾ ਸੀ.....ਕਿ ਤਿਆਰੀ ਬੜੇ ਜੋਰਾਂ ਸੋਰਾਂ ਨਾਲ ਚੱਲ ਰਹੀ ਹੈ..... ਅਸੀਂ ਬੜਾ ਇਨਜੁਆਏ ਕਰਾਂਗੇ....।" ਸਰਗੀ ਉਸ ਦੇ ਨਾ ਖੁਸ ਹੋਣ ਵਾਲੀ ਅਸਲੀ ਗੱਲ ਜਾਨਣਾ ਚਾਹੁੰਦੀ ਸੀ।

"ਮੰਮਾ ਮੈਨੂੰ ਇੱਕ ਗੱਲ ਸੱਚੀ ਸੱਚੀ ਦੱਸੋਗੇ .... ?" ਦਵਿੰਦਰ ਨੇ ਗੰਭੀਰਤਾ ਨਾਲ ਆਪਣੀ ਮਾਂ ਨੂੰ ਪੁੱਛਿਆ।

ਸਰਗੀ ਵੀ ਦਵਿੰਦਰ ਦੀ ਗੱਲ ਨੂੰ ਥੋੜ੍ਹਾ ਜਿਹਾ ਗੰਭੀਰਤਾ ਨਾਲ ਲੈਂਦੀ ਹੋਈ ਉਸ ਨੂੰ ਯਕੀਨ ਦਿਵਾਉਂਦੇ ਹੋਏ ਕਹਿੰਦੀ ਹੈ," ਹਾਂ ਬੇਟਾ......ਪੁੱਛੋ ਕੀ ਪੁੱਛਣਾ ਹੈ...... ਮੈਂ ਤਾਂ ਹਮੇਸਾ ਹੀ ਤੈਨੂੰ ਹਰ ਗੱਲ ਸੱਚੀ ਸੱਚੀ ਹੀ ਦੱਸਦੀ ਹਾਂ....।" ਸਰਗੀ ਨੇ ਗੱਲ ਨੂੰ ਥੋੜ੍ਹਾ ਹਾਸੇ ਵਿੱਚ ਪਾਉਣ ਲਈ ਮੁਸਕਰਾਉਂਦੇ ਹੋਏ ਕਿਹਾ।

"ਮੰਮਾ.......ਕੀ ਮੁੰਡਾ ਹੋਣਾ ਕੋਈ ਗੁਨਾਹ ਹੈ ? " ਦਵਿੰਦਰ ਨੇ ਖਿੱਝ ਕੇ ਪੁੱਛਿਆ।

"ਨਹੀਂ ਤਾਂ......ਬੇਟਾ ਇਹ ਤੂੰ ਕਿਹੋ ਜਿਹਾ ਸਵਾਲ ਪੁੱਛਦਾਂ ਹੈਂ..... ? ਸਰਗੀ ਨੇ ਦਵਿੰਦਰ ਨੂੰ ਪੁੱਛਿਆ।

"ਮੰਮਾ ਤੁਸੀਂ ਮੈਨੂੰ ਅਖਬਾਰ ਪੜ੍ਹਨ ਦੀ ਆਦਤ ਪਾਈ ਹੈ..... ਮੈਂ ਰੋਜ ਅਖਬਾਰ ਪੜ੍ਹਦਾ ਹਾਂ...... ਉਸ ਵਿੱਚ ਰੋਜ ਵੱਖ ਵੱਖ ਸਹਿਰਾਂ ਜਾਂ ਕਲੱਬਾਂ ਜਾਂ ਸਰਕਾਰਾਂ ਵੱਲੋਂ ਕਰਵਾਏ ਜਾ ਰਹੇ ਪ੍ਰੋਗਰਾਮਾਂ ਦੀਆਂ ਖਬਰਾਂ ਆਉਂਦੀਆਂ ਹਨ ਕਿ ਕਦੇ ਕਿਤੇ ਤੇ ਕਦੇ ਕਿਤੇ 'ਧੀਆਂ ਦੀ ਲੋਹੜੀ' ਮਨਾਈ .....।" ਦਵਿੰਦਰ ਲਗਾਤਾਰ ਬੋਲੀ ਜਾ ਰਿਹਾ ਸੀ।

ਸਰਗੀ ਵਿੱਚੋਂ ਹੀ ਟੋਕ ਕੇ ਆਖਦੀ ਹੈ," ਹਾਂ ਬੇਟਾ ......ਇਹ ਦੇ ਵਿੱਚ ਕਿਹੜੀ ਕੋਈ ਬੁਰਾਈ ਐ...... ਧੀਆਂ ਦੀਆਂ ਲੋਹੜੀਆਂ ਤਾਂ ਅੱਜਕਲ੍ਹ ਸਾਰੇ ਈ ਮਨਾਉਂਦੇ ਹਨ.....!"

ਦਵਿੰਦਰ ਭਰਿਆ ਪੀਤਾ ਆਪਣੀ ਗੱਲ ਨੂੰ ਹੀ ਅਗਾਂਹ ਤੋਰਦਾ ਹੋਇਆ ਬੋਲਿਆ," ਤੁਸੀਂ ਵੀ ਹਰੇਕ ਲੋਹੜੀ ਦੇ ਤਿਉਹਾਰ ਵੇਲੇ ਬੱਬਲ ਦੀ ਲੋਹੜੀ ਵਾਲੀਆਂ ਫੋਟੋਆਂ ਫੇਸਬੁੱਕ ਤੇ ਸਾਂਝੀਆਂ ਕਰਦੇ ਰਹਿੰਦੇ ਹੋ...... ਤੁਹਾਨੂੰ ਵੀ ਧੀ ਦੀ ਲੋਹੜੀ ਮਨਾਉਣ ਤੇ ਇਨਾਮ ਮਿਲਿਆ ਸੀ.....!"

"ਹਾਂ.... ਹਾਂ..... ਪਰ ਤੂੰ ਇਹ ਸਭ ਗੱਲਾਂ ਕਿਉਂ ਕਰ ਰਿਹੈ..... ਅੱਜ ਕੱਲ੍ਹ ਸਾਰੇ ਲੋਕ ਧੀਆਂ ਦੀਆਂ ਲੋਹੜੀਆਂ ਮਨਾਉਣ ਲੱਗ ਪਏ ਹਨ.....।" ਸਰਗੀ ਫੇਰ ਉਸ ਦਾ ਜਵਾਬ ਦਿੰਦੀ ਹੈ।

" ਸਰਕਾਰ ਵੱਲੋਂ ਵੀ ਧੀਆਂ ਦੀਆਂ ਲੋਹੜੀਆਂ ਮਨਾਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ..... ਕਲੱਬਾਂ ਵਿੱਚ ਵੀ ਧੀਆਂ ਦੀਆਂ ਲੋਹੜੀਆਂ ਬਾਲੀਆਂ ਜਾਂਦੀਆਂ ਹਨ...... ਧੀਆਂ ਦੀਆਂ ਲੋਹੜੀਆਂ ਨੂੰ ਸਮਰਪਿਤ ਕਵਿਤਾ, ਭਾਸਣ ਅਤੇ ਨਾਟਕ ਮੁਕਾਬਲੇ ਕਰਵਾਏ ਜਾਂਦੇ ਹਨ........!"

ਦਵਿੰਦਰ ਹਜੇ ਬੋਲ ਈ ਰਿਹਾ ਸੀ ਕਿ ਸਰਗੀ ਨੇ ਖਿਝ ਕੇ ਪੁੱਛਿਆ," ...... ਤੂੰ ਇਹ ਸਭ ਕਿਉਂ ਬੋਲ ਰਿਹਾ ਹੈਂ.......ਇਸ ਦਾ ਤੇਰੇ ਫੰਕਸਨ ਨਾਲ ਕੀ ਲੈਣਾ ਦੇਣਾ ਹੈ....... ?"

"ਮੰਮਾ ...... ਪੂਰੇ ਫੰਕਸਨ ਵਿੱਚ ਸਿਰਫ ਧੀਆਂ ਦੀਆਂ ਲੋਹੜੀਆਂ ਦੀ ਹੀ ਗੱਲ ਕੀਤੀ ਗਈ ਸੀ.......ਮੁੱਖ ਮਹਿਮਾਨ ਤੋਂ ਲੈਕੇ ਬੱਚਿਆਂ ਦੇ ਭਾਸਣ....... ਕਵਿਤਾਵਾਂ,ਗੀਤ,ਸਕਿਟ......ਸਭ ਕੁਝ ਧੀਆਂ ਦੀਆਂ ਲੋਹੜੀਆਂ ਨੂੰ ਹੀ ਸਮਰਪਿਤ ਸੀ..... ਲੋਹੜੀ ਦੇ ਤਿਉਹਾਰ ਨਾਲ ਸਬੰਧਤ ਫੰਕਸਨ ਉੱਪਰ ਇੱਕ ਵਿਅਕਤੀ ਨੇ ਵੀ ਪੁੱਤਰਾਂ ਦੀਆਂ ਲੋਹੜੀਆਂ ਦੀ ਗੱਲ ਨਹੀਂ ਕੀਤੀ....ਚਾਹੇ ਸਾਰੇ ਲੋਕ ਹਰੇਕ ਆਈਟਮ ਤੇ ਵਾਹ ਵਾਹ ਕਰ ਰਹੇ ਸਨ.......ਪਰ ਸਾਨੂੰ ਲੜਕਿਆਂ ਨੂੰ ਇੰਝ ਲੱਗਦਾ ਸੀ ਕਿ ਜਿਵੇਂ ਹੁਣ ਸਾਡੀ ਇਸ ਧਰਤੀ ਉੱਤੇ ਲੋੜ ਹੀ ਨਹੀਂ ਹੈ....... ਅਸੀਂ ਫਾਲਤੂ ਦੇ ਹਾਂ......... ਸਾਨੂੰ ਆਪਣੇ ਆਪ ਵਿੱਚ ਹੱਤਕ ਮਹਿਸੂਸ ਹੋ ਰਹੀ ਸੀ..... ਮੰਮਾ...... ਮੈਂ ਐਨਾ ਛੋਟਾ ਵੀ ਨਹੀਂ...... ਮੈਂ ਦਸਵੀਂ ਜਮਾਤ ਵਿੱਚ ਪੜ੍ਹਦਾ ਹਾਂ........ ਤੁਸੀਂ ਦੱਸੋ...... ਜਿਵੇਂ ਪੁਰਾਣੇ ਲੋਕ ਕੁੜੀਆਂ ਨੂੰ ਅਣਦੇਖਿਆ ਕਰਕੇ ਸਿਰਫ ਪੁੱਤਾਂ ਨੂੰ ਹੀ ਤਰਜੀਹ ਦਿੰਦੇ ਸਨ........ਕੀ ਹੁਣ ਉਹੀ ਸਭ ਕੁਝ ਉਲਟਾ ਨਹੀਂ ਹੋ ਰਿਹਾ...?........ ਕੀ ਇਸ ਨੂੰ ਤੁਸੀਂ ਸਮਾਜਿਕ ਕ੍ਰਾਂਤੀ ਆਖਦੇ ਹੋ.......?.....ਕਦੇ ਧੀਆਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ......ਕਦੇ ਪੁੱਤਰਾਂ ਨੂੰ.......!"

ਸਰਗੀ ਉਸ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣ ਕੇ ਸੰਜਮਤਾ ਨਾਲ ਜਵਾਬ ਦਿੰਦੀ ਹੈ," ਬੇਟਾ ਇਹੋ ਜਿਹੀ ਕੋਈ ਗੱਲ ਨਹੀਂ....... ਇਹ ਮੁੰਡਿਆਂ ਨੂੰ ਨੀਵਾਂ ਦਿਖਾਉਣ ਜਾਂ ਅਣਗੌਲਿਆ ਕਰਨ ਵਾਲੀ ਗੱਲ ਨਹੀਂ ਹੈ........ ਇਹ ਸਾਰੇ ਫੰਕਸਨ ਧੀਆਂ ਦੀਆਂ ਲੋਹੜੀਆਂ ਨੂੰ ਸਮਰਪਿਤ ਇਸ ਲਈ ਕੀਤੇ ਜਾਂਦੇ ਹਨ ਕਿਉਂਕਿ ਪਛੜੇ ਵਰਗ ਦੇ ਲੋਕਾਂ ਵਿੱਚ ਜਾਗਰੂਕਤਾ ਲਿਆਂਦੀ ਜਾ ਸਕੇ...... ਬਹੁਤੇ ਲੋਕ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੰਦੇ ਸਨ....... ਕਈ ਲੋਕ ਧੀਆਂ ਦਾ ਜੰਮਣਾ ਮਨਹੂਸ ਸਮਝਦੇ ਸਨ...... ਲੋਕਾਂ ਨੇ ਧੀਆਂ ਨੂੰ ਜੰਮਣਾ ਬੰਦ ਕਰ ਦਿੱਤਾ ਸੀ.......ਜਿਸ ਕਰਕੇ ਧੀਆਂ ਅਤੇ ਪੁੱਤਰਾਂ ਦੇ ਜਨਮ ਅਨੁਪਾਤ ਵਿੱਚ ਬਹੁਤ ਫਰਕ ਪੈ ਗਿਆ ਸੀ..... ਧੀਆਂ ਪ੍ਰਤੀ ਲੋਕਾਂ ਦੀ ਸੋਚ ਬਦਲਣ ਲਈ ਹੀ ਧੀਆਂ ਦੀਆਂ ਲੋਹੜੀਆਂ ਅਲੱਗ ਤੋਂ ਮਨਾਈਆਂ ਜਾਣ ਲੱਗੀਆਂ...... ਕਿਉਂ ਕਿ ਜੇ ਧੀਆਂ ਜਨਮ ਨਹੀਂ ਲੈਣਗੀਆਂ ਤਾਂ ਪੁੱਤਰ ਵੀ ਕਿੱਥੋਂ ਆਉਣਗੇ..... ?"

ਸਰਗੀ ਦੀ ਗੱਲ ਸੁਣ ਕੇ ਦਵਿੰਦਰ ਚਾਹੇ ਥੋੜ੍ਹਾ ਜਿਹਾ ਸੰਤੁਸਟ ਹੋ ਗਿਆ ਲੱਗਦਾ ਸੀ ਪਰ ਸਰਗੀ ਆਪਣੇ ਆਪ ਨੂੰ ਬੇਚੈਨ ਮਹਿਸੂਸ ਕਰ ਰਹੀ ਸੀ। ਉਹ ਸੋਚ ਰਹੀ ਸੀ ਕਿ ਮੈਂ ਆਪਣੇ ਬੱਚੇ ਨੂੰ ਸਮਝਾ ਦਿੱਤਾ ਹੈ ਪਰ ਜਰੂਰੀ ਨਹੀਂ ਕਿ ਹਰ ਲੜਕੇ ਦੀ ਮਾਂ ਇਸ ਤਰ੍ਹਾਂ ਸਮਝਾ ਸਕਦੀ ਹੋਵੇ। ਸਰਗੀ ਸੋਚ ਰਹੀ ਸੀ ਕਿ ਇਸ ਗੱਲ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਪੁੱਤਰ ਅਤੇ ਧੀਆਂ ਦੋਹਾਂ ਸੰਤਾਨਾਂ ਵਿੱਚ ਕਦੇ ਵੀ ਇੱਕ ਨਾਲ ਵੱਧ ਪੱਖਪਾਤੀ ਦਾਇਰੇ ਨਾ ਨਿਸਚਿਤ ਕੀਤੇ ਜਾਣ ਕਿਉਂ ਕਿ ਇਸ ਨਾਲ ਦੂਜੀ ਧਿਰ ਉੱਤੇ ਭਾਰੂ ਪੈ ਕੇ ਅਸੰਜਮਤਾ ਪੈਦਾ ਹੋ ਜਾਂਦੀ ਹੈ। ਕਿਉਂ ਨਾ ਧੀਆਂ ਅਤੇ ਪੁੱਤਰਾਂ ਦੀਆਂ ਸਾਂਝੀਆਂ ਲੋਹੜੀਆਂ ਮਨਾ ਕੇ ਧੀਆਂ ਅਤੇ ਪੁੱਤਰਾਂ ਵਾਲੇ ਲਿੰਗ ਪੱਖਪਾਤ ਮਿਟਾਏ ਜਾਣ। ਉਹ ਸੋਚ ਰਹੀ ਸੀ ਕਿ ਜੇ ਅਸੀਂ ਧੀਆਂ ਅਤੇ ਪੁੱਤਰਾਂ ਨੂੰ ਬਰਾਬਰ ਦਾ ਦਰਜਾ ਦੇਣਾ ਹੈ ਤਾਂ ਸਾਨੂੰ ਹਰ ਕੰਮ ਅਤੇ ਖੇਤਰ ਵਿੱਚ ਇੱਕ ਦੂਜੇ ਦੇ ਬਰਾਬਰ ਖੜ੍ਹੇ ਕਰਨਾ ਪੈਣਾ ਹੈ। ਲੋਹੜੀਆਂ ਦੇ ਸਮਾਗਮਾਂ ਦੇ ਨਾਂ ਹੁਣ ਕਿਉਂ ਨਾ ਧੀਆਂ ਪੁੱਤਰਾਂ ਦੀਆਂ ਲੋਹੜੀਆਂ ਕਰਕੇ ਰੱਖੇ ਜਾਣ ਤਾਂ ਜੋ ਕੋਈ ਹੋਰ ਦਵਿੰਦਰ ਅੱਗੇ ਤੋਂ ਕਿੰਨੇ ਸਾਰੇ ਸਵਾਲ ਮਨ ਵਿੱਚ ਇਕੱਠੇ ਨਾ ਕਰ ਸਕੇ। ਔਲਾਦ ਚਾਹੇ ਧੀ ਹੋਵੇ ਜਾਂ ਪੁੱਤਰ ,ਉਸ ਨੂੰ ਘਰ , ਪਰਿਵਾਰ ਅਤੇ ਸਮਾਜ ਵਿੱਚ ਬਰਾਬਰ ਦਾ ਹੱਕ ਦੇਣਾ ਹੀ ਚਾਹੀਦਾ ਹੈ ਤਾਂ ਜੋ ਕਦੇ ਵੀ ਆਪਣੇ ਆਪ ਨੂੰ ਨੀਵਾਂ ਜਾਂ ਘਟੀਆ ਨਾ ਸਮਝੇ।

ਬਰਜਿੰਦਰ ਕੌਰ ਬਿਸਰਾਓ...
9988901324









# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

Canadian born Jatt Sikh Braich age 28 years height 6 ft degree from u of Calgary professionally employed looking for Canadian born professionally employed girl minimum ht 5,6ft .Please what's app or call 403 561 2486. ***217***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is an Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Only Jatt Sikh families contact : (403) 828 7973 or acheema8811@gmail.com. ***217***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜੋ ਇਸ ਵੇਲੇ ਬੀ ਐਸ ਸੀ ਨਰਸਿੰਗ (ਆਰ ਐਨ) ਦੀ ਪੜ੍ਹਾਈ ਕਰ ਰਹੀ ਹੈ,ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੇ ਲੜਕੇ ਨੂੰ ਪਹਿਲ ਪਰ ਪੰਜਾਬ ਰਹਿੰਦੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 1 306 265 0068 ***213***

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਇਕਲੌਤੇ ਵੈਸ਼ਨੂੰ ਲੜਕੇ ,ਉਮਰ 32 ਸਾਲ, ਕੱਦ 6 ਫੁੱਟ, ਤਿੰਨ ਸਾਲ ਦਾ ਆਟੋਬਾਡੀ ਦਾ ਡਿਪਲੋਮਾ ਕੀਤਾ ਹੋਇਆ ਹੈ ,ਲਈ ਹਾਣ ਪ੍ਰਵਾਣ ਦੀ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਵਿਨੀਪੈੱਗ ਮੂਵ ਹੋ ਸਕਦੀ ਹੋਵੇ। ਸੰਪਰਕ: 431 997 5121 ***212***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਹੁੰਦਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ : ਫਾਰਮੇਸੀ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 899 9167 ***212***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਜਨਮ 1990, ਕੱਦ 5 ਫੁੱਟ 11 ਇੰਚ, ,ਉੱਚ ਤਕਨੀਕੀ ਯੋਗਤਾ (ਮਕੈਨੀਕਲ ਇੰਜੀਨੀਅਰ) ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਆਪਣਾ ਬਿਜਨਿਸ ਕਰ ਰਹੇ, ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***212***

### ਲੜਕੀਆਂ ਦੀ ਲੋੜ

ਕਨੇਡੀਅਨ ਪੀ ਆਰ ਢਿੱਲੋਂ ਪਰਿਵਾਰ ਦੇ ਲੜਕੇ ਉਮਰ 30 ਸਾਲ (ਜੁੜਵੇਂ) ਕੱਦ 5 ਫੁੱਟ 7 ਇੰਚ, ਵੈਸਨੂੰ,ਨਸ਼ਾ ਰਹਿਤ, ਵਿਦਿਅਕ ਯੋਗਤਾ ,ਐਮ ਐਸ ਸੀ ਫਿਜਿਕਸ,ਕਨੇਡਾ ਤੋਂ ਇੰਮੀਗ੍ਰੇਸ਼ਨ ਸਲਾਹਕਾਰ ਡਿਪਲੋਮਾ ਹੋਲਡਰ,ਅਤੇ ਇਸਦੇ ਹੀ ਜੁੜਵੇਂ ਭਰਾ,ਜੋ ਇੰਡੀਆ ਰਹਿੰਦਾ ਹੈ। ਜਿਸਦਾ ਕੱਦ ਵੀ 5 ਫੁੱਟ 7 ਇੰਚ ਹੀ ਹੈ । ਉਸਨੇ ਐਮ ਐਸ ਸੀ ਕੈਮਿਸਟਰੀ ਕੀਤੀ ਹੋਈ ਹੈ । ਉਹ ਅੰਮ੍ਰਿਤਧਾਰੀ ਹੈ,ਲਈ ਹਾਣ ਪ੍ਰਵਾਣ ਦੀਆਂ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟਸ ਲੜਕੀਆਂ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 780 271 7578 ਜਾਂ 01191-98152 01997 ***212***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਖੂਬਸੂਰਤ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 35 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਆਪਣਾ ਘਰ ਹੈ ਅਤੇ ਚੰਗੀ ਜੌਬ ਕਰ ਰਹੀ ਹੈ। ਡੀਸੈਂਟ ਮੈਰਿਜ ਡਿਵੋਰਸ ਕੇਸ ਵੀ ਵਿਚਾਰਿਆ ਜਾ ਸਕਦਾ ਹੈ। ਵਿਆਹ ਜਲਦੀ। ਫੋਨ ਕਾਲ ਜਾਂ ਵਟਸਐਪ : 1 204 295 0178 ***212***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ, ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡਾ ਰਹਿ ਰਹੇ ਲੜਕੇ,ਉਮਰ 37 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ : ਐਮ ਏ ਪੰਜਾਬੀ, ਐਮ ਏ ਪੋਲੀਟਿਕਲ ਸਾਇੰਸ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈੱਟਲ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸ ਦੀ ਪੀ ਆਰ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਵਿਆਹ ਜਲਦੀ। ਸੰਪਰਕ: 1 825 733 4897 ਜਾਂ 1 825 712 5990 ***216***

### ਲੜਕੀ ਦੀ ਲੋੜ

Looking a suitable match for Canadian citizen s/c engineer boy. Age 31 yr,Ht 5.7ft. Citizen/PR girl from technical or medical profession proffered. Contact : 403 862 6806 / 403 830 5721.Email : askumar_3251@hotmail.com ***216***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 30 ਸਾਲ,ਕੱਦ 6 ਫੁੱਟ, ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਫਾਸਟ ਫੂਡ ਫਰੈਂਚਾਈਜ਼,ਕਾਰੋਬਾਰ ਹੈ। ਲੁਧਿਆਣਾ ਜਿਲੇ ਨਾਲ ਸਬੰਧਿਤ ਛੋਟਾ ਅਤੇ ਕੈਲਗਰੀ ਵਿੱਚ ਵੈੱਲ ਸੈਟਲਡ ਪਰਿਵਾਰ ਹੈ। ਪੀ ਆਰ ਜਾਂ ਸਿਟੀਜਨ ਲੜਕੀ ਦਾ ਕੇਸ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 403 870 2221 ***215***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰੇਵਾਲ ਪਰਿਵਾਰ ਦੀ ਲੜਕੀ, ਉਮਰ 35 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,ਲਈ ਬਰਾਬਰ ਦੀ ਯੋਗਤਾ ਵਾਲੇ ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਲੜਕੇ ਬਾਰੇ ਵੀ ਵੀਚਾਰ ਹੋ ਸਕਦੀ ਹੈ । ਕੈਲਗਰੀ ਅਤੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 587 350 8755 ਜਾਂ 403 464 8765 ***215***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 6।0 ਫ਼ੁੱਟ, ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 780 236 0958 ***215***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੋਢਾ ਪਰਿਵਾਰ ਦੇ ਸੋਹਣੇ ਸੁਨੱਖੇ ਤਲਾਕਸੁਦਾ ਲੜਕੇ ਉਮਰ 35 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ ਪਲੱਸ ਟੂ ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 991 8099 ***211***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 8 ਇੰਚ, ਆਈ ਟੀ ਡਿਪਲੋਮਾ ਹੋਲਡਰ ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ ਸੈੱਟ ਹੈ ਅਤੇ ਪੰਜਾਬ ਵਿੱਚ 18 ਏਕੜ ਜ਼ਮੀਨ ਦਾ ਮਾਲਕ ਹੈ। ਸੰਪਰਕ: 1 431 336 8812 ***214***

### ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਕਨੇਡਾ ਰਹਿ ਰਹੇ ਲੜਕੇ ਉਮਰ 28 ਸਾਲ , ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਆਪਣੀ ਕੰਨਸਟਰੱਕਸ਼ਨ ਕੰਪਨੀ ਹੈ ਅਤੇ ਵੈਲਡਰ ਦਾ ਕੋਰਸ ਵੀ ਕੀਤਾ ਹੋਇਆ ਹੈ। ਸੰਪਰਕ: 1 780 260 7777 ਜਾਂ 1780 290 7777 ***214***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 29 ਸਾਲ,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਸਾਇੰਸ ਇਨ ਨਰਸਿੰਗ,ਲਈ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀ ਸਾਰੀ ਫੈਮਿਲੀ ਕਨੇਡਾ ਹੀ ਸੈਟਲਡ ਹੈ। ਮਾਲਵਾ ਇਲਾਕੇ ਨੂੰ ਪਹਿਲ,ਚੰਗੇ ਪੜ੍ਹੇ ਲਿਖੇ ਵਰਕ ਪਰਮਿਟ ਉੱਪਰ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 403 605 6012 ਜਾਂ 403 479 1325 ***214***

### ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸ਼ੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 35 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***214***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੰਧੂ ਪਰਿਵਾਰ ਦੀ (1988) ਲੜਕੀ,ਕੱਦ 5 ਫੁੱਟ 6 ਇੰਚ,ਅਨਮੈਰਿਡ, ਜੋ ਕਨੇਡਾ ਵਿੱਚ ਹੀ ਪੜ੍ਹ ਲਿਖਕੇ ਵੱਡੀ ਹੋਈ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਬਿਜਨਿਸ ਫਾਇਨਾਂਸ ਵਿੱਚ ਡਿਪਲੋਮਾ ਕਰਨ ਉਪਰੰਤ ਹੁਣ ਫਾਇਨਾਂਸ ਕੰਪਨੀ ਵਿੱਚ ਹੀ ਚੰਗੀ ਜੌਬ ਕਰ ਰਹੀ ਹੈ। ਸਟੂਡੈਂਟ,ਵਿਜਟਿਰ ਜਾਂ ਡਿਵੋਰਸ ਕੇਸ ਵਾਲੇ ਕ੍ਰਿਪਾ ਕਰਕੇ ਸੰਪਰਕ ਨਾ ਕਰਨ । ਸੰਪਰਕ: 403 919 1672 ***214***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਉਮਰ 29 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬੀ ਸੀ ਟੀ ਐਂਡ ਸੀ ਏ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 839 1530 ਜਾਂ ਈ ਮੇਲ Jaswinderssingh01@gmail.com ***213***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 33 ਸਾਲ, ਕੱਦ 6 ਫੁੱਟ ,ਬੀ ਟੈੱਕ ਆਈ ਟੀ ਵਿਦਿਅਕ ਯੋਗਤਾ ਵਾਲੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਟਰੱਕਿੰਗ ਇੰਡਸਟਰੀ ਵਿੱਚ ਚੰਗਾ ਕਾਰੋਬਾਰ ਹੈ। ਸੰਪਰਕ: 1 204 963 3976 ***213***

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 32 ਸਾਲ, ਕੱਦ 5 ਫੁੱਟ 9 ਇੰਚ, ਹੈਲਥ ਕੇਅਰ ਏਡ ਯੋਗਤਾ, ਵਾਲੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ ਇੰਡੀਆ ਫੋਨ: 8694987000 ਜਾਂ ਈ ਮੇਲ: Charnjeetbrar96@gmail.com ***213***

### ਲੜਕੀ ਦੀ ਲੋੜ

ਮਲੇਸੀਅਨ ਸਿਟੀਜਨ, ਕਨੇਡਾ ਵਿਜਟਿਰ ਵੀਜੇ ਉੱਪਰ ਆਏ, ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਲੜਕੇ (ਬਿਨਾ ਬੱਚੇ ਤੋਂ), ਉਮਰ 36 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਪੱਕੇ ਤੌਰ ਤੇ ਸੈਟਲ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ।ਕੈਲਗਰੀ ਰਹਿਣ ਵਾਲੀ ਲੜਕੀ ਬਾਰੇ ਪਹਿਲ ਦੇ ਅਧਾਰ ਉੱਪਰ ਵਿਚਾਰ ਕੀਤਾ ਜਾਵੇਗਾ ਸੰਪਰਕ: 403 926 6073 ***212***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***212***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***210***

**Need Nanny**

Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.

**Salary: $13 - $15**

**Gurbinder Sohal**

City: Regina, SK

**Contact Number 306-520-4313**

**Hiring**

**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ**

ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।

aerosignandprintinc@gmail.com

**ਡਰਾਇਵਰਾਂ ਦੀ ਲੋੜ**

Gagan Express LTD o/a VB Ace of Spades is now
Hiring Class 1 long haul driver
Minimum 1 year experience required
Benefits and competitive pay rate plus safety bonus
Contact :
Kanwar Brar
Hiring@vbaspades.com

**ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ**

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ।

**ਸੰਪਰਕ : 587 854 3124**

# ਵੱਧ ਸਕਰੀਨ ਸਮਾਂ ਮਤਲਬ ਸਿਹਤ ਦਾ ਨੁਕਸਾਨ

**ਵੱਧ ਸਕਰੀਨ ਟਾਈਮ ਦੇ ਬੁਰੇ ਪ੍ਰਭਾਵਾਂ ਤੋਂ ਸਕਰੀਨ ਟਾਈਮ ਘਟਾ ਕੇ ਅਤੇ ਐਕਟਿਵ ਟਾਈਮ ਵਧਾ ਕੇ ਬਚਿਆ ਜਾ ਸਕਦਾ ਹੈ। ਤੁਸੀਂ ਵਧੇਰੇ ਸਿਹਤਮੰਦ ਮਹਿਸੂਸ ਕਰੋਗੇ, ਚੰਗੀ ਨੀਂਦ ਸੌਂਵੋਗੇ, ਲੋਕਾਂ ਨਾਲ ਮੇਲਜੋਲ ਵਧੇਗਾ ਅਤੇ ਤੁਹਾਡੇ ਸਵੈ-ਵਿਸ਼ਵਾਸ ਵਿਚ ਵਾਧਾ ਹੋਵੇਗਾ। ਦਿਨ ਵਿਚ ਸਕਰੀਨ ਟਾਈਮ 2 ਘੰਟੇ ਤੋਂ ਘਟਾ ਕੇ ਅਤੇ 30 ਮਿੰਟ ਕਸਰਤ ਕਰਕੇ ਉਪਰੋਕਤ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਕੁਝ ਵੀ ਸਕਰੀਨ ਤੇ ਅਜਿਹਾ ਨਾ ਵੇਖੋ ਜੋ ਤੁਸੀਂ ਪਹਿਲਾਂ ਵੇਖ ਚੁੱਕੇ ਹੋ। ਜੇ ਅਜਿਹਾ ਕਰਨ ਲੱਗੇ ਹੋ ਤਾਂ ਤੁਰੰਤ ਸਕਰੀਨ ਬੰਦ ਕਰ ਦਿਓ। ਕੇਵਲ ਉਹੀ ਸ਼ੋਅ ਉਹੀ ਪ੍ਰੋਗਰਾਮ ਵੇਖੋ ਜਿਹੜਾ ਤੁਸੀਂ ਸਚਮੁਚ ਵੇਖਣਾ ਚਾਹੁੰਦੇ ਹੋ। ਮਨੋਰੰਜਨ ਲਈ, ਜਾਣਕਾਰੀ ਲਈ। ਕੇਵਲ ਟੈਲੀਵਿਜ਼ਨ ਵੇਖਣ ਖਾਤਰ ਟੈਲੀਵਿਜ਼ਨ ਨਾ ਵੇਖੋ। ਸਕਰੀਨ ਦੇ ਸਾਹਮਣੇ ਬੈਠ ਕੇ ਕਦੇ ਵੀ ਸਨੈਕਸ ਨਾ ਖਾਓ।**

ਤੁਸੀਂ ਕਹੋਗੇ ਸਕਰੀਨ ਟਾਈਮ ਅਤੇ ਸਿਹਤ ਦਾ ਆਪਸ ਵਿਚ ਕੀ ਸਬੰਧ ਹੈ। ਬਹੁਤ ਗਹਿਰਾ ਸਬੰਧ ਹੈ। ਜਿੰਨਾ ਸਕਰੀਨ ਟਾਈਮ ਵੱਧ ਹੋਵੇਗਾ ਓਨਾ ਤੋਰਾ ਫੇਰਾ ਘੱਟ ਹੋਵੇਗਾ ਅਤੇ ਖਾਣਾ ਪੀਣਾ ਵਧੇਰੇ ਹੋਏਗਾ। ਹੁਣ ਤੱਕ ਹੋਏ ਅਨੇਕਾਂ ਅਧਿਐਨ ਦੱਸਦੇ ਹਨ ਕਿ 2 ਘੰਟੇ ਅਤੇ ਇਸਤੋਂ ਵੱਧ ਸਮਾਂ ਟੈਲੀਵਿਜ਼ਨ ਵੇਖਣ ਵਾਲੇ ਲੋਕ ਦਿਨ ਵਿਚ 150 ਵਧੇਰੇ ਕੈਲਰੀ ਲੈਂਦੇ ਹਨ। ਅਜਿਹੇ ਲੋਕ ਵਧੇਰੇ ਕਰਕੇ ਪੀਜ਼ਾ, ਬਰਗਰ, ਮਿੱਠੇ ਕੋਲਡ ਡਰਿੰਕ, ਵਧੇਰੇ ਫੈਟ ਵਧੇਰੇ ਕੈਲਰੀ ਵਾਲੇ ਪਦਾਰਥ, ਘੱਟ ਫਾਈਬਰ ਅਤੇ ਪ੍ਰੋਸੈਸਡ ਸਨੈਕ ਫੂਡ ਲੈਂਦੇ ਹਨ। ਇਸਤੋਂ ਘੱਟ ਸਮਾਂ ਟੈਲੀਵਿਜ਼ਨ ਵੇਖਣ ਵਾਲੇ ਲੋਕ ਅਜਿਹਾ ਨਹੀਂ ਕਰਦੇ। ਉਨ੍ਹਾਂ ਦਾ ਤੋਰਾ ਫੇਰਾ ਵੱਧ ਹੁੰਦਾ ਹੈ। ਜਦ ਤੋਰਾ ਫੇਰਾ ਵੱਧ ਹੁੰਦਾ ਹੈ ਤਾਂ ਮਾਨਸਿਕ ਹਾਲਤ ਬਿਹਤਰ ਹੁੰਦੀ ਹੈ। ਮਾਨਸਿਕ ਸਿਹਤ ਬਿਹਤਰ ਹੁੰਦੀ ਹੈ। ਅਜਿਹੀ ਹਾਲਤ ਵਿਚ ਸਿਹਤਮੰਦ, ਮਨ ਨੂੰ ਖੁਸ਼ ਰੱਖਣ ਵਾਲੇ ਕੈਮੀਕਲ ਰਿਸਦੇ ਹਨ ਅਤੇ ਮਨ ਸਿਹਤਮੰਦ ਖੁਰਾਕ ਪ੍ਰਤੀ ਪ੍ਰੇਰਿਤ ਹੁੰਦਾ ਹੈ।

ਹਫ਼ਤੇ ਵਿਚ 40 ਘੰਟੇ ਸਕਰੀਨ ਤੇ ਬੈਠਣ ਵਾਲੇ ਲੋਕਾਂ ਵਿਚ ਸ਼ੂਗਰ ਜਿਹੀਆਂ ਜੀਵਨ-ਸ਼ੈਲੀ ਨਾਲ ਜੁੜੀਆਂ ਬਿਮਾਰੀਆਂ ਦਾ ਖਤਰਾ ਤਿੰਨ ਗੁਣਾਂ ਵਧ ਜਾਂਦਾ ਹੈ। ਜੇਕਰ ਤੁਸੀਂ ਆਪਣੇ ਸ਼ੌਕ ਛੱਡ ਕੇ, ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਵੱਲ ਆਉਣਾ ਜਾਣਾ ਤਿਆਗ ਕੇ, ਕਸਰਤ ਸੈਰ ਯੋਗਾ ਛੱਡ ਕੇ, ਸਰੀਰ ਨੂੰ ਸਟਰੈਚ ਕਰਨਾ ਭੁੱਲ ਕੇ ਸਕਰੀਨ ਤੇ ਬੈਠੇ ਰਹਿੰਦੇ ਹੋ ਤਾਂ ਤੁਹਾਡੀ ਯਾਦ-ਦਾਸ਼ਤ ਘੱਟ ਸਕਦੀ ਹੈ।

ਇਹ ਗੱਲਾਂ ਉਦੋਂ ਦੀਆਂ ਹਨ ਜਦੋਂ ਇਕੱਲਾ ਟੈਲੀਵਿਜ਼ਨ ਵੇਖਣ ਨੂੰ ਹੀ ਸਕਰੀਨ ਟਾਈਮ ਗਿਣਿਆ ਜਾਂਦਾ ਸੀ। ਹੁਣ ਗੱਲ ਬਹੁਤ ਅੱਗੇ ਨਿਕਲ ਗਈ ਹੈ। ਹੁਣ ਕੰਪਿਊਟਰ ਹੈ, ਲੈਪਟਾਪ ਹੈ, ਆਈ ਪੈਡ ਹੈ, ਸਮਾਰਟ ਫੋਨ ਹੈ, ਸ਼ੋਸ਼ਲ ਮੀਡੀਆ ਹੈ, ਡਿਜ਼ੀਟਲ ਮੀਡੀਆ ਹੈ। ਇਹ ਸਾਰੇ ਸਕਰੀਨ ਟਾਈਮ ਵਿਚ ਵੱਡਾ ਵਾਧਾ ਕਰਨ ਵਾਲੇ ਹਨ। ਜੇ ਟੈਲੀਵਿਜ਼ਨ ਦੌਰ ਵਿਚ ਹੀ ਵੱਧ ਸਕਰੀਨ ਟਾਈਮ ਦੇ ਐਨੇ ਖਤਰੇ ਸਨ ਤਾਂ ਅੱਜ ਦੇ ਸਕਰੀਨ ਟਾਈਮ ਸਬੰਧੀ ਸੋਚ ਕੇ ਭੈਭੀਤ ਹੋਣਾ ਸੁਭਾਵਕ ਹੈ।

ਵੱਧ ਸਕਰੀਨ ਟਾਈਮ ਦੇ ਬੁਰੇ ਪ੍ਰਭਾਵਾਂ ਤੋਂ ਸਕਰੀਨ ਟਾਈਮ ਘਟਾ ਕੇ ਅਤੇ ਐਕਟਿਵ ਟਾਈਮ ਵਧਾ ਕੇ ਬਚਿਆ ਜਾ ਸਕਦਾ ਹੈ। ਤੁਸੀਂ ਵਧੇਰੇ ਸਿਹਤਮੰਦ ਮਹਿਸੂਸ ਕਰੋਗੇ, ਚੰਗੀ ਨੀਂਦ ਸੌਂਵੋਗੇ, ਲੋਕਾਂ ਨਾਲ ਮੇਲਜੋਲ ਵਧੇਗਾ ਅਤੇ ਤੁਹਾਡੇ ਸਵੈ-ਵਿਸ਼ਵਾਸ ਵਿਚ ਵਾਧਾ ਹੋਵੇਗਾ। ਦਿਨ ਵਿਚ ਸਕਰੀਨ ਟਾਈਮ 2 ਘੰਟੇ ਤੋਂ ਘਟਾ ਕੇ ਅਤੇ 30 ਮਿੰਟ ਕਸਰਤ ਕਰਕੇ ਉਪਰੋਕਤ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਕੁਝ ਵੀ ਸਕਰੀਨ ਤੇ ਅਜਿਹਾ ਨਾ ਵੇਖੋ ਜੋ ਤੁਸੀਂ ਪਹਿਲਾਂ ਵੇਖ ਚੁੱਕੇ ਹੋ। ਜੇ ਅਜਿਹਾ ਕਰਨ ਲੱਗੇ ਹੋ ਤਾਂ ਤੁਰੰਤ ਸਕਰੀਨ ਬੰਦ ਕਰ ਦਿਓ। ਕੇਵਲ ਉਹੀ ਸ਼ੋਅ ਉਹੀ ਪ੍ਰੋਗਰਾਮ ਵੇਖੋ ਜਿਹੜਾ ਤੁਸੀਂ ਸਚਮੁਚ ਵੇਖਣਾ ਚਾਹੁੰਦੇ ਹੋ। ਮਨੋਰੰਜਨ ਲਈ, ਜਾਣਕਾਰੀ ਲਈ। ਕੇਵਲ ਟੈਲੀਵਿਜ਼ਨ ਵੇਖਣ ਖਾਤਰ ਟੈਲੀਵਿਜ਼ਨ ਨਾ ਵੇਖੋ। ਸਕਰੀਨ ਦੇ ਸਾਹਮਣੇ ਬੈਠ ਕੇ ਕਦੇ ਵੀ ਸਨੈਕਸ ਨਾ ਖਾਓ। ਅਧਿਐਨ ਦੱਸਦੇ ਹਨ ਕਿ ਟੈਲੀਵਿਜ਼ਨ ਵੇਖਦੇ ਸਮੇਂ ਅਕਸਰ ਲੋਕ ਜੋੜ ਤੋਂ ਵੱਧ ਖਾ ਜਾਂਦੇ ਹਨ। ਜਦ ਰੋਜ਼ਾਨਾ ਅਜਿਹਾ ਵਾਪਰਦਾ ਹੈ ਤਾਂ ਉਸਦੇ ਨਤੀਜਿਆਂ ਬਾਰੇ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ।

ਟੈਲੀਵਿਜ਼ਨ ਵੇਖਦੇ ਹੋਏ ਵੀ ਤੁਸੀਂ ਛੋਟੀ ਛੋਟੀ ਕਸਰਤ ਕਰ ਸਕਦੇ ਹੋ। ਕਮਰੇ ਵਿਚ ਤੁਰ ਫਿਰ ਸਕਦੇ ਹੋ। ਇਸ਼ਤਿਹਾਰਾਂ ਸਮੇਂ ਉਠ ਕੇ ਛੋਟੇ ਛੋਟੇ ਕੰਮ ਕਰ ਸਕਦੇ ਹੋ। ਚੀਜ਼ਾਂ ਦੀ, ਫਰਨੀਚਰ ਦੀ ਝਾੜ ਪੂੰਝ ਕਰ ਸਕਦੇ ਹੋ। ਡੱਸਟਬਿਨ ਖਾਲੀ ਕਰ ਸਕਦੇ ਹੋ। ਖਿਲਾਰਾ ਸੰਭਾਲ ਸਕਦੇ ਹੋ। ਉਠ ਕੇ ਸ਼ੀਸ਼ੇ ਸਾਹਮਣੇ ਆਪਣੇ ਵਾਲ ਵਾਹ ਸਕਦੇ ਹੋ। ਜਦ ਤੱਕ ਤੁਹਾਡਾ ਮਨਪਸੰਦ ਟੈਲੀਵਿਜ਼ਨ ਪ੍ਰੋਗਰਾਮ ਪੂਰਾ ਹੋਵੇਗਾ ਕਮਰਾ ਸਾਫ਼ ਸੁਥਰਾ ਹੋ ਚੁੱਕਾ ਹੋਵੇਗਾ। ਤੁਸੀਂ ਬਹੁਤ ਸਾਰੀਆਂ ਕੈਲਰੀਆਂ ਬਾਲ ਚੁੱਕੇ ਹੋਵੋਗੇ ਅਤੇ ਤੁਸੀਂ ਬੇਲੋੜਾ ਗੈਰ-ਸਿਹਤਮੰਦ ਖਾਣ-ਪੀਣ ਤੋਂ ਵੀ ਬਚ ਗਏ ਹੋਵੋਗੇ। ਘਰੋਂ ਬਾਹਰ ਜਾਓ, ਦੋਸਤਾਂ ਮਿੱਤਰਾਂ ਨੂੰ ਮਿਲੋ, ਦਿਲਚਸਪ ਰੁਝੇਵਿਆਂ ਵਿਚ ਰੁੱਝੇ ਰਹੋ, ਸਮਾਜਕ ਮਾਨਵੀ ਸਰੋਕਾਰਾਂ ਨਾਲ ਸਬੰਧਤ ਸਰਗਰਮੀਆਂ ਵਿਚ ਸ਼ਾਮਲ ਹੋਵੋ। ਆਪਣੇ ਮਨ ਨੂੰ ਆਪਣੇ ਸ਼ੌਂਕ, ਆਪਣੀਆਂ ਮਨ-ਪਸੰਦ ਗਤੀਵਿਧੀਆਂ ਪ੍ਰਤੀ ਉਤੇਜਿਤ ਰੱਖੋ।

ਚੰਗਾ ਮਹਿਸੂਸ ਕਰਨ ਲਈ ਸਾਨੂੰ ਸਰਗਰਮ ਰਹਿਣਾ ਪਵੇਗਾ। ਕੁਝ ਸਾਲ ਪਹਿਲਾਂ ਸਿਹਤ ਸਬੰਧੀ ਇਕ ਤਜ਼ਰਬਾ ਕੀਤਾ ਗਿਆ। 20 ਸਾਲ ਦੇ ਪੰਜ ਸਿਹਤਮੰਦ ਲੜਕਿਆਂ ਨੂੰ 21 ਦਿਨ ਲਈ ਬੈਡ ਰੈਸਟ ਲਈ ਬੈਡ ਤੇ ਭੇਜ ਦਿੱਤਾ ਗਿਆ। ਇਹ ਵੇਖਣ ਲਈ ਕਿ ਮੁਕੰਮਲ ਆਰਾਮ ਅਤੇ ਕਸਰਤ ਦਾ ਸਾਡੇ ਸਰੀਰ ਤੇ ਕੀ ਅਤੇ ਕਿੰਨਾ ਅਸਰ ਹੁੰਦਾ ਹੈ। ਤਿੰਨ ਹਫ਼ਤਿਆਂ ਬਾਅਦ ਨੋਟ ਕੀਤਾ ਗਿਆ ਕਿ ਉਨ੍ਹਾਂ ਦੀਆਂ ਹੱਢੀਆਂ ਦੀ ਹਾਲਤ, ਉਨ੍ਹਾਂ ਦੀ ਸਿਹਤ 30 ਸਾਲ ਦੀ ਉਮਰ ਵਾਲਿਆਂ ਨਾਲੋਂ ਵੀ ਮਾੜੀ ਸੀ। ਅਧਿਐਨ ਲਈ ਕਾਰਵਾਈ ਗਈ 21 ਦਿਨ ਦੀ ਬੈਡ ਰੈਸਟ ਬਾਅਦ ਉਨ੍ਹਾਂ ਨੂੰ 8 ਹਫ਼ਤਿਆਂ ਦੀ ਕਸਰਤ ਦੀ ਸਿਖਲਾਈ ਲਈ ਭੇਜ ਦਿੱਤਾ ਗਿਆ। ਜਿਸ ਵਿਚ ਤੁਰਨਾ, ਦੌੜਨਾ ਅਤੇ ਹੋਰ ਕਸਰਤ ਸ਼ਾਮਲ ਸੀ। ਨਤੀਜੇ ਹੈਰਾਨ ਕਰਨ ਵਾਲੇ ਸਨ। ਬੈਡ ਰੈਸਟ ਦੌਰਾਨ ਹੋਏ ਨੁਕਸਾਨ ਦੀ ਪੂਰਤੀ ਹੋ ਚੁੱਕੀ ਸੀ ਅਤੇ ਉਹ ਹੁਣ ਚੁਸਤ ਦਰੁਸਤ ਤੇ ਵਧੇਰੇ ਸਿਹਤਮੰਦ ਮਹਿਸੂਸ ਕਰ ਰਹੇ ਸਨ।

ਦੁਨੀਆਂ ਭਰ ਵਿਚ ਹੋਏ ਅਨੇਕਾਂ ਅਧਿਐਨ ਅਤੇ ਤਜ਼ਰਬੇ ਦੱਸਦੇ ਹਨ ਕਿ ਕਿਸੇ ਵੀ ਕਾਰਨ ਸਿਹਤ ਦੇ ਹੋਏ ਨੁਕਸਾਨ ਦੀ ਪੂਰਤੀ ਖੁਰਾਕ ਅਤੇ ਕਸਰਤ ਨਾਲ ਕੀਤੀ ਜਾ ਸਕਦੀ ਹੈ।

ਪ੍ਰੋ. ਕੁਲਬੀਰ ਸਿੰਘ
9417153513

## ਪੁਸਤਕ ਸਮੀਖਿਆ

# ਮਹਿਕ ਪੀੜਾਂ ਦੀ



ਜਗਦੇਵ ਸਿੱਧੂ
403 351 1136

**.ਗ਼ਜ਼ਲ ਅਰਬੀ, ਫ਼ਾਰਸੀ, ਉਰਦੂ ਜ਼ਬਾਨਾਂ ਵਿੱਚ ਹੁਸਨ-ਇਸ਼ਕ ਦੇ ਇਜ਼ਹਾਰ ਦਾ ਜ਼ਰੀਆ ਰਹੀ ਹੈ। ਅੱਜ ਵੀ .ਗ਼ਜ਼ਲ ਭਾਵੇਂ ਬਹੁ-ਪਾਸਾਰੀ ਹੋ ਕੇ ਮਾਨਵਤਾ ਦੇ ਸਰੋਕਾਰਾਂ ਨੂੰ ਬਾ-ਖ਼ੂਬੀ ਪ੍ਰਗਟਾਉਣ ਦਾ ਸਾਧਨ ਹੋ ਨਿਬੜੀ ਹੈ ਫਿਰ ਵੀ ਹੁਸਨ-ਇਸ਼ਕ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਜ਼ਿਕਰ .ਗ਼ਜ਼ਲ ਦੇ ਸੁਭਾਅ ਵਿੱਚ ਹੈ। ਇਸ਼ਕ ਦਾ ਵਿੰਨ੍ਹਿਆਂ ਕੇਸਰ ਸਿੰਘ ਨੀਰ ਹੁਸਨ ਦੇ ਦਰ ਤੇ ਗਿਆ ਤਾਂ ਹੋਣੈ ਤਾਂ ਹੀ ਤਾਂ ਕਵਿਤਾ ਬਾਹਰ ਆਈ-ਕਦੇ ਨਜ਼ਮਾਂ ਬਣ ਕੇ, ਕਦੇ .ਗ਼ਜ਼ਲਾਂ ਦਾ ਚੋਲਾ ਪਾ ਕੇ। ਹੁਸਨਾਂ ਦੇ ਦਰਬਾਰ ਉਸ ਨੇ ਦਸਤਕ ਦਿੱਤੀ ਹੋਵੇਗੀ ਪਰ ਅੰਦਰ ਜਾਣ ਜੋਗਾ ਨਹੀਂ ਸੀ ਕਿਉਂਕਿ ਸਮਾਜਕ ਮਨਾਹੀਆਂ, ਪ੍ਰਚਲਤ ਸਦਾਚਾਰੀ ਕਦਰਾਂ, ਜਾਤ-ਪਾਤ ਦੀਆਂ ਵੰਡੀਆਂ ਅਤੇ ਰੁਜ਼ਗਾਰ ਦਾ ਮਸਲਾ ਪੇਸ਼ ਨਹੀਂ ਜਾਣ ਦਿੰਦੇ ਸਨ।**






ਸਥਾਪਤ .ਗ਼ਜ਼ਲਕਾਰ ਕੇਸਰ ਸਿੰਘ ਨੀਰ ਦੀ ਪੁਸਤਕ 'ਮਹਿਕ ਪੀੜਾਂ ਦੀ'ਉਹ .ਗ਼ਜ਼ਲ ਸੰਗ੍ਰਹਿ ਹੈ ਜਿਸ ਵਿੱਚ ਉਸ ਦੀਆਂ ਪਿਛਲੇ ਕਾਵਿ-ਸੰਗ੍ਰਹਿਆਂ 'ਕਸਕਾਂ','ਗ਼ਮ ਨਹੀਂ'ਅਤੇ'ਆਰ ਦੀਆਂ ਤੇ ਪਾਰ ਦੀਆਂ' ਵਿੱਚ ਛਪੀਆਂ .ਗ਼ਜ਼ਲਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਸ ਦੇ ਦੋ ਹੋਰ .ਗ਼ਜ਼ਲ-ਸੰਗ੍ਰਹਿ 'ਕਿਰਨਾਂ ਦੇ ਬੋਲ' ਅਤੇ 'ਅਣਵਗੇ ਅੱਥਰੂ ਛਪ ਚੁੱਕੇ ਹਨ। ਕਾਵਿ-ਸੰਗ੍ਰਹਿ 'ਨੈਣਾਂ ਦੇ ਮੋਤੀ' ਉਸ ਦੀਆਂ ਪਹਿਲੀਆਂ ਚਾਰ ਪੁਸਤਕਾਂ ਦੀ ਸਮੁੱਚੀ ਜਿਲਦ ਹੈ। ਮਹਿਕ ਪੀੜਾਂ ਦੀ ਵਿੱਚ ਕੁੱਲ 59 .ਗ਼ਜ਼ਲਾਂ ਸ਼ਾਮਲ ਹਨ। ਸਪਤਰਿਸ਼ੀ ਪਬਲੀਕੇਸ਼ਨਜ਼ ਦੁਆਰਾ ਪ੍ਰਕਾਸ਼ਿਤ 93 ਸਫਿਆਂ ਦੀ ਇਸ ਪੁਸਤਕ ਦੀ ਕੀਮਤ 150 ਰੁਪਏ ਰੱਖੀ ਹੈ।

ਕੇਸਰ ਸਿੰਘ ਨੀਰ ਉਸਤਾਦ .ਗ਼ਜ਼ਲਗੋ ਪ੍ਰਿੰਸੀਪਲ ਤਖਤ ਸਿੰਘ ਦਾ ਸ਼ਾਗਿਰਦ ਹੈ ਜਿਸ ਕੋਲੋਂ ਉਸ ਨੇ .ਗ਼ਜ਼ਲ ਦੇ ਵਿਧੀ-ਵਿਧਾਨ ( ਬਹਿਰ, ਵਜ਼ਨ ਅਤੇ ਭਾਸ਼ਾ) ਅਤੇ ਜੁਗਤ ਨੂੰ ਸੰਜੀਦਗੀ ਨਾਲ ਗ੍ਰਹਿਣ ਕੀਤਾ। ਇੱਥੋਂ ਸ਼ੁਰੂਆਤ ਕਰ ਕੇ ਉਸ ਨੇ ਪਿੱਛੇਮੁੜ ਕੇ ਨਹੀਂ ਵੇਖਿਆ ਸਗੋਂ ਸਾਲੋ-ਸਾਲ .ਗ਼ਜ਼ਲਗੋਈ ਦੇ ਹੁਨਰ ਵਿੱਚ ਆਪਣੀ ਜ਼ਰਖ਼ੇਜ਼ ਸੋਝੀ ਨਾਲ ਮੁੱਲਵਾਨ ਵਾਧਾ ਕਰਦਾ ਰਿਹਾ। ਉਸ ਦੀ ਕਲਮ ਨੇ ਸੱਠ ਵਰ੍ਹਿਆਂ ਤੋਂ ਵੀ ਲੰਮਾ ਕਾਵਿ-ਪੰਧ ਤਹਿ ਕੀਤਾ ਹੈ। ਇਸ ਸਮੇਂ ਅੰਦਰ ਵਿਕਾਸ ਅਤੇ ਉਥਲ-ਪੁਥਲ ਦੇ ਕਿੰਨੇ ਹੀ ਪੜਾਅ ਆਏ ਜਿਨ੍ਹਾਂ ਦਾ ਕੌੜਾ-ਮਿੱਠਾ ਤਜਰਬਾ ਅਤੇ ਤੀਖਣ ਅਨੁਭਵ ਉਸ ਦੀ ਚੇਤਨਾ ਦੀ ਅਮੀਰ ਕੁਠਾਲੀ ਹੈ ਜਿਸ ਅੰਦਰੋਂ ਵੰਨ-ਸੁਵੰਨੀਆਂ, ਹਰੇਕ ਰੰਗ ਦੀਆਂ, ਹਰੇਕ ਰਸ ਦੀਆਂ .ਗ਼ਜ਼ਲਾਂ ਢਲ ਕੇ ਸਫ਼ਿਆਂ ਤੇ ਵਿਛਦੀਆਂ ਰਹੀਆਂ। ਇਸੇ ਲਈ ਉਸ ਦੀ ਸੋਚ ਅਤੇ ਲੇਖਣੀ ਵਿੱਚ ਖੜੋਤ ਜਾਂ ਬੇਹਾ-ਪਣ ਨਹੀਂ ਆਏ ਸਗੋਂ ਇਹ ਹਰ ਕਾਲ ਦੇ ਮੇਚ ਦੀਆਂ ਹੋ ਨਿਬੜੀਆਂ ਹਨ। ਇਨ੍ਹਾਂ ਨੇ ਹਰੇਕ ਖ਼ੁਸ਼.ਗਵਾਰੀ, ਦੁਸ਼ਵਾਰੀ, ਅੜਚਣ ਤੇ ਵੇਗ ਨਾਲ ਆਂਢਾ-ਸਾਂਢਾ ਲਿਆ ਹੈ। ਨੀਰ ਨੇ ਬਦਲਦੇ ਸਰੋਕਾਰਾਂ ਨਾਲ ਆਪਣੀ ਲਿਖਣ-ਕਲਾ ਨੂੰ ਸੰਵਾਰ ਕੇ ਨਰੋਆ ਸਾਹਿਤ ਸਿਰਜਿਆ ਹੈ। ਤਾਂ ਹੀ ਤਾਂ ਵਿਦਵਾਨ ਆਲੋਚਕ ਡਾ. ਐਸ. ਤਰਸੇਮ ਨੇ ਨੀਰ ਨੂੰ ਪੰਜਾਬੀ ਦਾ ਗੌਲਣਯੋਗ .ਗ਼ਜ਼ਲ.ਗੋ ਕਿਹਾ ਹੈ। ਸਿਰਜਣਾ ਵਾਲਾ ਰਘਬੀਰ ਉਸ ਨੂੰ ਸਮਕਾਲੀ ਜੀਵਨ ਦੇ ਭਖਦੇ ਮਸਲਿਆਂ ਨਾਲ ਆਪਣਾ ਧਿਆਨ ਆਕਰਸ਼ਤ ਕਰਨ ਵਾਲੇ ਸੰਵੇਦਨਸ਼ੀਲ ਕਵੀਆਂ ਵਿੱਚ ਸੰਤੋਖ ਸਿੰਘ ਧੀਰ, ਹਰਭਜਨ ਸਿੰਘ ਹੁੰਦਲ, ਹਰਭਜਨ ਹਲਵਾਰਵੀ, ਸੁਰਜੀਤ ਪਾਤਰ ਹੁਰਾਂ ਦੇ ਬਰਾਬਰ ਖੜ੍ਹਾ ਕਰਦਾ ਹੈ। ਗੁਲਜ਼ਾਰ ਸਿੰਘ ਸੰਧੂ ਸਿਰਜਣਾ ਰਸਾਲੇ ਵਿਚ ਸਮੀਖਿਆ ਕਰਦਿਆਂ ਲਿਖਦਾ ਹੈ ਕਿ ਪੰਜਾਬੀ ਪਾਠਕਾਂ ਕੋਲ 'ਮਹਿਕ ਪੀੜਾਂ ਦੀ' ਵਰਗਾ ਮਿਰਜ਼ਾ .ਗ਼ਾਲਿਬ ਦੇ ਸ਼ੇਅਰਾਂ ਦਾ ਸਹਿਲ ਤੇ ਸੁਹਲ ਬਦਲ ਮੌਜੂਦ ਹੈ। ਸੁਖਦੇਵ ਸਿੰਘ ਸਿਰਸਾ ਨੇ ਨੀਰ ਦੀ ਸ਼ਾਇਰੀ ਨੂੰ ਰਾਜਸੀ, ਆਰਥਿਕ, ਸਮਾਜਿਕ, ਸਭਿਆਚਾਰਕ ਤੇ ਨੈਤਿਕ ਪਸ਼ਮੰਜਰ ਦਾ ਜੀਵੰਤ ਦਸਤਾਵੇਜ਼ ਦੱਸਿਆ ਹੈ।

.ਗ਼ਜ਼ਲ ਅਰਬੀ, ਫ਼ਾਰਸੀ, ਉਰਦੂ ਜ਼ਬਾਨਾਂ ਵਿੱਚ ਹੁਸਨ-ਇਸ਼ਕ ਦੇ ਇਜ਼ਹਾਰ ਦਾ ਜ਼ਰੀਆ ਰਹੀ ਹੈ। ਅੱਜ ਵੀ .ਗ਼ਜ਼ਲ ਭਾਵੇਂ ਬਹੁ-ਪਾਸਾਰੀ ਹੋ ਕੇ ਮਾਨਵਤਾ ਦੇ ਸਰੋਕਾਰਾਂ ਨੂੰ ਬਾ-ਖ਼ੂਬੀ ਪ੍ਰਗਟਾਉਣ ਦਾ ਸਾਧਨ ਹੋ ਨਿਬੜੀ ਹੈ ਫਿਰ ਵੀ ਹੁਸਨ-ਇਸ਼ਕ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਜ਼ਿਕਰ .ਗ਼ਜ਼ਲ ਦੇ ਸੁਭਾਅ ਵਿੱਚ ਹੈ। ਇਸ਼ਕ ਦਾ ਵਿੰਨ੍ਹਿਆਂ ਕੇਸਰ ਸਿੰਘ ਨੀਰ ਹੁਸਨ ਦੇ ਦਰ ਤੇ ਗਿਆ ਤਾਂ ਹੋਣੈ ਤਾਂ ਹੀ ਤਾਂ ਕਵਿਤਾ ਬਾਹਰ ਆਈ-ਕਦੇ ਨਜ਼ਮਾਂ ਬਣ ਕੇ, ਕਦੇ .ਗ਼ਜ਼ਲਾਂ ਦਾ ਚੋਲਾ ਪਾ ਕੇ। ਹੁਸਨਾਂ ਦੇ ਦਰਬਾਰ ਉਸ ਨੇ ਦਸਤਕ ਦਿੱਤੀ ਹੋਵੇਗੀ ਪਰ ਅੰਦਰ ਜਾਣ ਜੋਗਾ ਨਹੀਂ ਸੀ ਕਿਉਂਕਿ ਸਮਾਜਕ ਮਨਾਹੀਆਂ, ਪ੍ਰਚਲਤ ਸਦਾਚਾਰੀ ਕਦਰਾਂ, ਜਾਤ-ਪਾਤ ਦੀਆਂ ਵੰਡੀਆਂ ਅਤੇ ਰੁਜ਼ਗਾਰ ਦਾ ਮਸਲਾ ਪੇਸ਼ ਨਹੀਂ ਜਾਣ ਦਿੰਦੇ ਸਨ।

---ਪਹੁੰਚ ਤੇਰੇ ਤੀਕ ਸਾਡੀ ਨਾ ਰਹੀ
ਖ਼ਾਬ ਤੇਰਾ ਕੋਲ ਸਾਡੇ ਰਹਿ ਗਿਆ।

---ਝੱਲ ਇਸ਼ਕੇ ਨੂੰ ਸੀ ਚੜ੍ਹਿਆ ਹੁਸਨ ਦਾ,
ਪੇਟ ਭੁੱਖਾ ਦੇਖ ਆਪੇ ਲਹਿ ਗਿਆ।

---ਇਸ ਦੀਨ ਦੀ ਤਲਵਾਰ ਤੋਂ,
ਇਸ ਜ਼ਾਤ ਦੀ ਦੀਵਾਰ ਤੋਂ,
ਇਸ ਜਗਤ ਪਹਿਰੇਦਾਰ ਤੋਂ,
ਇਹ ਪਿਆਰ ਆਵਾਜ਼ਾਰ ਹੈ।

ਨੀਰ ਇਸ਼ਕ ਦੇ ਮਾਮਲੇ ਵਿੱਚ ਕੀਰਨੇ ਪਾਉਣ ਜਾਂ ਸ਼ਰੇ ਆਮ ਇਜ਼ਹਾਰ ਕਰਨ ਦੇ ਹੱਕ ਵਿੱਚ ਨਹੀਂ। ਇਸ ਬਾਰੇ ਉਸ ਦੀ ਕਿਤਾਬ ਕਿਰਨਾਂ'ਦੇ ਬੋਲ' ਚੋਂ ਇੱਕ .ਗ਼ਜ਼ਲ ਦਾ ਸ਼ੇਅਰ ਬਾ-ਕਮਾਲ ਹੈ---

---ਪਿਆਰ ਤਾਂ ਇੱਕ ਰਾਜ਼ ਹੁੰਦੈ,
ਦਿਲ 'ਚ ਰੱਖੀਦੈ ਸਦਾ,
ਮਾਮਲਾ ਸੀ ਤੇਰਾ ਮੇਰਾ, ਆਮ ਕਿਉਂ ਕੀਤਾ ਗਿਆ।

ਨੀਰ ਨਿਜ ਦੀ ਪੀੜਾ ਨੂੰ ਸਕਾਰਾਤਮਕ ਦਿਸ਼ਾ ਦੇ ਕੇ, ਇਸ ਤੋਂ ਊਰਜਾ ਪ੍ਰਾਪਤ ਕਰ ਕੇ ਆਪਣੇ ਆਪ ਨੂੰ ਮਨੁੱਖਤਾ ਦੇ ਕਾਰਜ ਲਈ ਸਮਰਪਤ ਕਰਦਾ ਹੈ।

---ਤੜਪਨ ਦੇ ਅੰਦਰ ਜੀਵਨ ਏਂ,
ਤਾਂ ਹੀ ਤਾਂ ਉਸ ਦੀ ਪੀੜਾ ਥੀਂ,
ਲੂੰ-ਲੂੰ ਤੜਪਾਈ ਬੈਠੇ ਹਾਂ,
ਜੀਵਨ ਗਰਮਾਈ ਬੈਠੇ ਹਾਂ।

ਬਿਨਾ ਸ਼ੱਕ ਨੀਰ ਇੱਕ ਤਰੱਕੀ ਪਸੰਦ ਕਵੀ ਹੈ। ਇਸੇ ਨਜ਼ਰੀਏ ਕਰ ਕੇ ਉਸ ਦੀ ਮੁਹੱਬਤ ਅਤੇ ਦੋਸਤੀ ਪ੍ਰਤੀ ਉਸਾਰੂ ਪਹੁੰਚ ਵਿਕਸਿਤ ਹੋਈ ਹੈ। ਉਹ ਨਿੱਜ ਦੀ ਪੀੜ ਨੂੰ ਮਹਿਕ ਦਾ ਰੂਪ ਦੇ ਕੇ ਮਨੁੱਖਤਾ ਅੰਦਰ ਵੰਡਦਾ ਹੈ। ਉਸ ਦੀਆਂ ਪੀੜਾਂ ਚੜ੍ਹਦੀ ਕਲਾ ਦਾ ਸੁਨੇਹਾ ਦਿੰਦੀਆਂ ਹਨ।

---ਸਦਾ ਹੀ ਫੁੱਲ ਜਿਸ ਬੂਟੇ ਦੇ ਵੰਡਣ ਮਹਿਕ ਪੀੜਾਂ ਦੀ,
ਅਸਾਂ ਤਾਂ ਦਿਲ ਦੀ ਧਰਤੀ ਵਾਸਤੇ ਉਹ ਬੀ ਲਿਆ ਯਾਰੋ।

.ਗ਼ਜ਼ਲ ਦੇ ਨਿਭਾਅ ਨਾਲ ਇਨਸਾਫ਼ ਕਰਦਿਆਂ ਉਹ ਕਿਸੇ ਵਾਦ ਨਾਲ ਨਹੀਂ ਬੱਝਿਆ ਸਗੋਂ ਦਰਪੇਸ਼ ਮਸਲੇ ਅਤੇ ਵਿਸ਼ੇ ਨੂੰ ਪੂਰੇ ਬੋਧ, ਸੁਹਜ, ਸੰਵੇਦਨਸ਼ੀਲਤਾ ਅਤੇ ਨਿਪੁੰਨਤਾ ਨਾਲ ਪੇਸ਼ ਕਰ ਕੇ ਪਾਠਕ ਨੂੰ ਨਿੱਗਰ ਸੁਨੇਹਾ ਦਿੰਦਾ ਹੈ। ਉਹ ਕਲਾ ਕਲਾ ਲਈ ਨਹੀਂ, ਕਲਾ ਲੋਕਾਂ ਲਈ ਦਾ ਉਪਾਸ਼ਕ ਹੈ। ਉਹ ਤਾਂ ਨਿਧੜਕ ਹੋ ਕੇ ਸਮੇਂ ਦੀ ਆਵਾਜ਼ ਬਣ ਕੇ ਲੋਕਾਂ ਦੇ ਮੁੱਦੇ ਉਭਾਰਨ ਵਾਲੀ ਸ਼ਾਇਰੀ ਦਾ ਮੁਦਈ ਹੈ।

---ਕਲਪਨਾ ਵਿੱਚ ਉੱਡਣਾ ਨਾ ਕਾਵਿ ਹੁੰਦਾ,
ਸੱਚ ਦੀ ਤਸਵੀਰ ਹੁੰਦੀ ਸ਼ਾਇਰੀ ਹੈ।

ਜਿਸ ਤਰ੍ਹਾਂ ਦੀ ਥੋਕ ਵਿੱਚ ਸ਼ਾਇਰੀ ਲਿਖੀ ਜਾ ਰਹੀ ਹੈ, ਜਿਸ ਦਾ ਚਿਹਰਾ-ਮੁਹਰਾ ਆਮ ਪਾਠਕ ਦੀ ਪਛਾਣ ਤੋਂ ਬਾਹਰ ਹੈ, ਅਜਿਹੀ ਅਰਥ ਹੀਣ ਸ਼ਾਇਰੀ ਬਾਰੇ ਉਹ ਸਪਸ਼ਟਤਾ ਨਾਲ ਕਹਿੰਦਾ ਹੈ---

---ਸ਼ਾਇਰਾਂ ਨੂੰ ਵੀ ਸਮਝ ਆਉਂਦੀ ਨਹੀਂ ਹੈ ਸ਼ਾਇਰੀ,
ਹੋ ਗਿਆ ਏ ਸ਼ਾਇਰੀ ਤੋਂ ਸ਼ਾਇਰੀ ਦਾ ਫਾਸਲਾ।

ਨੀਰ ਨੇ ਆਪਣੀ ਉਮਰ ਦੇ ਅਮੀਰ ਤਜਰਬੇ ਰਾਹੀਂ ਜਿੱਥੇ ਮਨੁੱਖ ਤੇ ਸਮਾਜ ਨੂੰ ਦਰ ਪੇਸ਼ ਚੁਣੌਤੀਆਂ ਦੀ ਨਿਸ਼ਾਨਦੇਹੀ ਕੀਤੀ ਹੈ ਉੱਥੇ ਉਨ੍ਹਾਂ ਨਾਲ ਕਾਰਗਰ ਤਰੀਕੇ ਨਾਲ ਸਿੱਝਣ ਦੀ ਵਿਉਂਤਬੰਦੀ, ਤਿਆਰੀ ਤੇ ਕਾਰਵਾਈ ਬਾਰੇ ਸਾਰਥਕ ਵਿਚਾਰ ਪੇਸ਼ ਕਰਨ ਲਈ .ਗ਼ਜ਼ਲਾਂ ਦੀ ਢੁਕਵੀਂ ਵਰਤੋਂ ਕੀਤੀ ਹੈ। ਉਸ ਦਾ ਅਨੁਭਵ ਵਿਸ਼ਾਲ ਹੈ, ਦ੍ਰਿਸ਼ਟੀ ਤੀਖਣ ਹੈ, ਸੋਚ-ਉਡਾਰੀ ਉੱਚੀ ਹੈ, ਲਿਖਣ ਚਾਲ ਨਿਰੰਤਰ ਹੈ, ਪੜਾਅ-ਦਰ-ਪੜਾਅ ਅਰੁਕ ਵਿਕਾਸ ਹੈ,ਸੋਝੀ ਵਿੱਚ ਪਰਪੱਕਤਾ ਹੈ, ਲੇਖਣੀ ਵਿੱਚ ਨਿਖਾਰ ਹੈ, ਜ਼ਿਹਨ ਅੰਦਰ ਸ਼ਬਦਾਂ ਦੇ ਭੰਡਾਰ ਦੀ ਅਮੀਰੀ ਹੈ, ਵਾਕ-ਬਣਤਰ ਵਿੱਚ ਨਿਪੁੰਨ ਕਾਰੀਗਰੀ ਹੈ, .ਗ਼ਜ਼ਲ ਦੇ ਸ਼ਿਲਪ ਵਿਧਾਨ ਦਾ ਪੂਰਾ ਗਿਆਨ ਹੈ ਅਤੇ ਵਿਸ਼ੇ ਮੁਤਾਬਕ .ਗ਼ਜ਼ਲ ਦਾ ਰੂਪ ਚੁਣ ਕੇ .ਗ਼ਜ਼ਲ ਕਹਿਣ ਦੀ ਮੁਹਾਰਤੀ ਜੁਗਤ ਹੈ। ਉਸ ਦੀ ਚੇਤੰਨਤਾ ਵਿਸ਼ਿਆਂ ਨੂੰ ਘੋਖ ਕੇ ਲੇਖਣੀ ਦੇ ਕਲਾਵੇ ਵਿੱਚ ਲਿਆਉਂਦੀ ਹੈ।

ਮਨੁੱਖ ਇਕੱਲਾ ਨਹੀਂ, ਬਲਕਿ ਸਮੁੱਚਾ ਸਮਾਜ ਬਦਲਦਾ ਤੇ ਤਰੱਕੀ ਕਰਦਾ ਹੈ। ਪੱਥਰ ਯੁਗ ਤੋਂ ਰਾਕਟ ਯੁਗ ਤੱਕ ਪਹੁੰਚਣ ਦਾ ਸਫਰ ਬੇ-ਸ਼ੁਮਾਰ ਤਬਦੀਲੀਆਂ ਦਾ ਲਖਾਇਕ ਹੈ। ਤਬਦੀਲੀਆਂ ਦੇ ਆਉਣ ਨਾਲ ਕਦਰਾਂ ਕੀਮਤਾਂ ਵੀ ਬਦਲਦੀਆਂ ਹਨ। ਮਿਸਾਲ ਵਜੋਂ ਇਹ ਸ਼ੇਅਰ ਗ਼ੌਰ ਤਲਬ ਹਨ---

---ਬੀਤਿਆ ਏ ਦੌਰ ਰਾਂਝੇ ਹੀਰ ਵਾਲਾ ਦੋਸਤੋ।
ਦੇਖਦਾ ਹਾਂ ਆਸ਼ਕੀ ਤੋਂ ਆਸ਼ਕੀ ਦਾ ਫਾਸਲਾ।

-ਰਿਸ਼ਤੇ ਇੱਥੋਂ ਤੱਕ ਨਿੱਘਰ ਗਏ ਹਨ ਕਿ ਹਰ ਰਿਸ਼ਤੇ 'ਚੋਂ ਕਾਮ-ਵਾਸ਼ਨਾ ਨਜ਼ਰ ਆਉਂਦੀ ਹੈ--

---ਹੋਠਾਂ ਉੱਤੇ ਭੈਣ ਸ਼ਬਦ ਦੀ ਪਾਕਿ ਸੁਗੰਧੀ,
ਨੈਣਾਂ ਅੰਦਰ ਕਾਮੀ ਭਾਂਬੜ ਬਲਦੇ ਦੇਖੇ।

ਢਲਦੀ ਉਮਰੇ ਪਰਦੇਸ ਆ ਕੇ ਮੁਸ਼ਕਲਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਪਿੱਛੇ ਛੱਡ ਆਏ ਵਤਨ ਦਾ ਭੋਂ-ਹੇਰਵਾ ਨੀਰ ਨੂੰ ਵੀ ਸਤਾਉਂਦਾ ਰਿਹਾ ਹੈ--

---ਰਹਿ ਰਹੇ ਹਾਂ ਏਸ ਥਾਂ ਤੇ ਜੀ ਰਹੇ ਪੰਜਾਬ ਵਿੱਚ,
ਪੈਰ ਨੇ ਦੋ ਬੇੜੀਆਂ ਵਿਚਕਾਰ ਏਥੇ ਆ ਗਏ।

ਜਿਸ ਨੇ ਬਹੁਤੀ ਉਮਰ ਆਪਣਾ ਘਰ ਬਨਾਉਣ ਵਿੱਚ ਲਾ ਦਿੱਤੀ ਹੋਵੇ ਉਸ ਨੂੰ ਕੈਨੇਡਾ ਆ ਕੇ 'ਆਪਣਾ ਘਰ' ਨਹੀਂ ਮਿਲਦਾ, ਪਿੱਛੇ ਰਹਿ ਗਏ ਘਰ ਦਾ ਝੋਰਾ ਹੱਡਾਂ ਨਾਲ ਹੀ ਜਾਂਦਾ ਹੈ।

---ਤੜਪਦਾ ਹੈ ਦਿਲ ਮਿਰਾ ਫਿਰ ਦੇਸ਼ ਨੂੰ,
ਬੇ ਘਰਾ ਮੈਂ ਹੋ ਗਿਆ ਘਰ ਵਾਸਤੇ।

-ਉਸ ਦਾ ਵਜੂਦ ਤਾਂ ਏਥੇ ਹੈ ਪਰ ਮਨ ਅਜੇ ਵੀ ਪਿੱਛੇ ਫਿਰਦਾ ਹੈ। ਇਹ ਇੱਕ ਨੀਰ ਦਾ ਨਹੀਂ, ਸਾਰੇ ਪਰਵਾਸੀਆਂ ਦਾ ਸੱਚ ਹੈ।

---ਆ ਗਿਆ ਹਾਂ ਦੋਸਤੋ ਮੈਂ ਦੂਰ ਭਾਵੇਂ ਦੋਸਤੋ।
ਪਹੁੰਚਿਆ ਇਸ ਧਰਤ ਉੱਤੇ ਮੈਂ ਅਜੇ ਸਾਰਾ ਨਹੀਂ।

-ਇੱਥੇ ਆ ਕੇ ਜੋ ਕੁਛ ਵੇਖਦਾ ਤੇ ਪਰਖਦਾ ਹੈ ਉਸ ਦੀ ਤਸਵੀਰ ਇਉਂ ਪੇਸ਼ ਕੀਤੀ ਹੈ—

ਹੈ ਨਵੀਂ ਤਹਿਜ਼ੀਬ ਤੇ ਤਿਉਹਾਰ ਏਥੋਂ ਦੇ ਨਵੇਂ,
ਲੋਕ ਹਰ ਇਕ ਦੇਸ਼ ਦੇ ਹਨ ਯਾਰ ਏਥੇ ਆ ਗਏ।

ਪੂੰਜੀਵਾਦ ਦੇ ਪਸਾਰੇ ਦੌਰਾਨ ਨਾ-ਬਰਾਬਰੀ, ਭ੍ਰਿਸ਼ਟਾਚਾਰੀ, ਬੇ-ਰੁਜ਼ਗਾਰੀ, ਜ਼ਰੂਰੀ ਵਸਤਾਂ ਦੀ ਮਹਿੰਗਾਈ, ਨੈਤਿਕ ਕਦਰਾਂ ਕੀਮਤਾਂ ਤੋਂ ਗਿਰੀ ਵੋਟਰ ਰਾਜਨੀਤੀ, ਧਰਮਾਂ ਵਿੱਚ ਆਏ ਨਿਘਾਰ, ਡੇਰਾਵਾਦ, ਧਨ-ਸੰਪਤੀ ਭੰਡਾਰਨ ਦੀ ਲਾਲਸਾ ਨੇ ਕੁੱਲ ਆਬਾਦੀ ਨੂੰ ਝੰਜੋੜ ਕੇ ਰੱਖ ਦਿੱਤਾ। ਪਹਿਲਾਂ 1947 ਫੇਰ 1966 ਵਿੱਚ ਹੋਈ ਵੰਡ ਨੇ ਪੰਜਾਬ ਨੂੰ ਸੂਬੀ ਬਣਾ ਕੇ ਰੱਖ ਦਿੱਤਾ। ਨਕਸਲੀ ਲਹਿਰ ਨੇ ਨੌਜਵਾਨਾ ਦਾ ਘਾਣ ਕੀਤਾ। 1978 ਦੇ ਨਿਰੰਕਾਰੀ ਕਾਂਡ ਤੋਂ ਮਗਰੋਂ ਪੰਜਾਬ ਨੇ ਜੋ ਸੰਤਾਪ ਹੰਢਾਇਆ ਉਸ ਦਾ ਸੇਕ ਹਰੇਕ ਘਰ ਤੱਕ ਪਹੁੰਚਿਆ। ਇਹ ਸਾਰਾ ਵਰਤਾਰਾ ਕੇਸਰ ਸਿੰਘ ਨੀਰ ਦੇ ਸੱਠ ਵਰ੍ਹਿਆਂ ਦੇ ਧੜਕਦੇ ਦਿਲ ਦੀ ਦਾਸਤਾਨ ਬਣ ਗਿਆ। ਉਸ ਨੇ ਇਸ ਦਾ ਸੇਕ ਝੱਲਿਆ। ਉਸ ਦੀ ਰੂਹ ਕੰਬੀ, ਉਸ ਦਾ ਰੋਹ ਜਾਗਿਆ, ਉਸ ਦਾ ਚੈਨ ਮਾਰਿਆ ਗਿਆ, ਉਸ ਨੇ ਪ੍ਰਤੀਕਰਮ ਕੀਤਾ, ਕਲਮੀ ਧਰਮ ਨਿਭਾਇਆ ਅਤੇ .ਗ਼ਜ਼ਲਾਂ ਨੂੰ ਨਵੀਂ ਰੰਗਤ ਵਿੱਚ ਰੰਗਿਆ। ਉਸ ਨੇ ਜਨਤਾ ਦੇ ਸ਼ੋਸ਼ਣ ਦਾ ਵਿਰੋਧ ਕੀਤਾ, ਜੇਲ੍ਹਾਂ ਕੱਟੀਆਂ, ਚੀ ਗੁਵੇਰਾ ਵਾਂਗ ਕਲਮ ਵੀ ਚਲਾਈ, ਸੰਘਰਸ਼ ਵਿੱਚ ਵੀ ਅੱਗੇ ਹੋ ਕੇ ਹਿੱਸਾ ਲਿਆ। ਉਸ ਦੀ ਕਾਵਿ-ਸੰਵੇਦਨਾ ਚੇਤੰਨ ਰਹੀ ਹੈ।

---ਸੋਚ ਵਾਲਾ ਦੀਪ ਮੱਥੇ ਬਲ ਰਿਹਾ ਹੈ,
ਨ੍ਹੇਰ ਲਾਈ ਘਾਤ ਹੈ ਮੈਂ ਜਾਗਦਾ ਹਾਂ।

ਪ੍ਰਸਿੱਧ ਵਿਦਵਾਨ ਆਲੋਚਕ ਡਾ. ਸੁਖਦੇਵ ਸਿੰਘ ਸਿਰਸਾ ਦਾ ਨਿਰਣਾ ਹੈ ਕਿ ਕੇਸਰ ਸਿੰਘ ਨੀਰ ਅੰਦਰਲਾ ਸੰਵੇਦਨ ਕਵੀ ਤੇ ਚੇਤੰਨ ਸੰਘਰਸ਼ਸ਼ੀਲ ਬੁੱਧੀਜੀਵੀ ਆਪਣੇ ਦਰਦ ਦੇ ਨਾਲ ਨਾਲ ਲੋਕਾਈ ਦੇ ਦੁੱਖਾਂ ਦੀ ਬੋਲੀ ਵੀ ਸਮਝਦਾ ਹੈ।

ਕਾਣੀ ਵੰਡ, ਨਾ-ਬਰਾਬਰੀ, ਅਮੀਰ .ਗ਼ਰੀਬ ਦੇ ਵਧਦੇ ਪਾੜੇ ਬਾਰੇ ਉਸ ਦੇ ਸ਼ੇਅਰ ਹਨ--

---ਇੱਕੋ ਹੀ ਬਾ.ਗ਼ ਦੇ ਜਦੋਂ ਸਾਰੇ ਇਹ ਫੁੱਲ ਨੇ,
ਫਿਰ ਕੁੱਝ ਕੁ ਤੇ ਹੀ ਕਿਉਂ ਭਲਾ ਏਨਾ ਜਮਾਲ ਹੈ।

ਨੀਰ ਇਹ ਸਭ ਕੁਛ ਵੇਖ ਕੇ ਵਿਦਰੋਹ ਕਰਦਾ ਹੈ--

---ਨਾ ਜਾਣੀ ਮੈਂ ਜਾਬਰਾਂ ਤੋਂ ਡਰ ਜਾਵਾਂਗਾ।
ਮੈਂ ਅੱਗੇ ਵਧਾਂਗਾ ਜਾਂ ਮਰ ਜਾਵਾਂਗਾ।

---ਜ਼ਮਾਨੇ ਦੀ ਹਕੂਮਤ ਨਾਲ ਇਉਂ ਮੱਥਾ ਲਗਾਵਾਂਗੇ,
ਕਿ ਬਦਲਾਂਗੇ ਜ਼ਮਾਨੇ ਨੂੰ ਨਹੀਂ ਤਾਂ ਜੂਝ ਜਾਵਾਂਗੇ।

ਮਨੁੱਖਤਾ ਦੇ ਸੁਨਹਿਰੇ ਭਵਿੱਖ ਲਈ ਸੰਘਰਸ਼ ਕਰਨ ਵਾਸਤੇ ਲੋਕਾਂ ਨੂੰ ਲਾਮ-ਬੰਦ ਕਰਨੀ ਜ਼ਰੂਰੀ ਹੈ--

---'ਕੱਲੇ 'ਕੱਲੇ ਤੁਰਨ ਦਾ ਨਾ ਹੁਣ ਸਮਾਂ
ਹੁਣ ਸਮਾਂ ਤੁਰੀਏ ਬਣਾ ਕੇ ਕਾਫਲੇ।

ਉਸ ਨੂੰ ਪਤਾ ਹੈ ਕੁਰਬਾਨੀਆਂ ਦੇਣੀਆਂ ਪੈਣਗੀਆਂ,ਤਸੀਹੇ ਝੱਲਣੇ ਪੈਣਗੇ, ਜਿਸ ਲਈ ਜਰਵਾਣੇ ਨੂੰ ਵੰਗਾਰਦਾ ਅਤੇ ਆਪਣੇ ਆਪ ਨੂੰ ਤਿਆਰ ਕਰਦਾ ਹੋਇਆ ਸਭ ਨੂੰ ਤਿਆਰ ਹੋਣ ਦਾ ਸੁਨੇਹਾ ਦੇ ਰਿਹਾ ਹੈ।

---ਓ ਜ਼ਾਲਿਮ ਕੀ ਮਾਣ ਕਰੇਂ ਤਲਵਾਰਾਂ ਦਾ,
ਸਾਡਾ ਤਾਂ ਲੂੰ ਲੂੰ ਵੀ ਸੂਲੀ ਚੜ੍ਹਿਆ ਹੈ।

---ਇਸ ਧਰਤੀ ਦੇ ਉੱਤੇ ਓਦੋਂ ਆਉਣਾ ਇੱਕ ਅਨੋਖਾ ਰੂਪ,
ਜਿਸ ਦਮ ਗੂੜ੍ਹੀ ਨੀਂਦੋਂ ਜਾਗੇ ਭੁੱਖਣ-ਭਾਣੇ ਪਿਆਸੇ ਲੋਕ।

ਨੀਰ ਨੂੰ ਜੇਲ੍ਹਾਂ ਦਾ ਪਿੰਡੇ ਹੰਢਿਆਇਆ ਤਜਰਬਾ ਹੈ। ਉਸ ਨੂੰ .ਗ਼ੁਲਾਮੀ ਅਤੇ ਆਜ਼ਾਦੀ ਦੇ ਫ਼ਰਕ ਦਾ ਦਿਨ ਦੇ ਚਿੱਟੇ ਚਾਨਣ ਵਾਂਗ ਪਤਾ ਹੈ। .ਗ਼ੁਲਾਮੀ ਅਤੇ ਆਜ਼ਾਦੀ ਨੂੰ ਇੱਕੋ ਸ਼ੇਅਰ ਰਾਹੀਂ ਪ੍ਰੀਭਾਸ਼ਤ ਕਰਨਾ ਨੀਰ ਦੀ .ਗ਼ਜ਼ਲ-ਰਚਨਾ ਦਾ ਸਿਖਰ ਹੈ -

---ਚਮਕਦਾ ਵੇਖਿਆ ਮੈਂ ਜੇਲ੍ਹ ਵਿੱਚ ਵੀ ਉਂਜ ਤਾਂ ਸੂਰਜ,
ਹਰੇ ਖੇਤਾਂ 'ਚ ਸੂਰਜ ਦੇ ਨਜ਼ਾਰੇ ਹੋਰ ਹੁੰਦੇ ਨੇ।

ਨੀਰ ਦੀ .ਗ਼ਜ਼ਲ ਨੇ ਵੀ ਉਸ ਦੀ ਉਮਰ ਦੇ ਹਾਣ ਦੀ ਹੋ ਕੇ ਨਾਲੋ-ਨਾਲ ਸਫਰ ਕੀਤਾ ਹੈ। ਉਸ ਵਿੱਚ ਖੜੋਤ ਨਹੀਂ, ਰੋਕ ਨਹੀਂ ਸਗੋਂ ਨਿਰੰਤਰ ਪਕਿਆਈ ਹੈ, ਲਗਾਤਾਰ ਵਿਕਾਸ ਹੈ।

---ਬਦਲਿਆ ਜੁਗ ਨਾਲ ਹੀ ਇਨਸਾਨ ਹੁਣ ਦਾ ਬਦਲਿਆ,
'ਨੀਰ' ਤੇਰੀ ਕਲਮ ਨੂੰ ਵੀ ਬਦਲ ਜਾਣਾ ਚਾਹੀਦੈ।

---ਮੇਰੀ .ਗ਼ਜ਼ਲ ਵਿੱਚ ਐਵੇਂ ਹੀ ਆਇਆ ਨਹੀਂ ਨਿਖਾਰ,
ਪਿੱਛੇ ਇਦ੍ਹੇ ਤੂੰ ਮੇਰਿਆਂ ਸਾਲਾਂ ਦੀ ਘਾਲ ਦੇਖ।

ਨੀਰ ਨੇ .ਗ਼ਜ਼ਲਾਂ ਦਾ ਰੂਪ ਸੰਵਾਰਨ ਲਈ ਥਾਂ-ਸਿਰ ਬਿੰਬ ਇਉਂ ਵਰਤੇ ਹਨ ਜਿਵੇਂ ਹਾਰ ਵਿੱਚ ਮੋਤੀ ਪਰੋਏ ਹੋਣ।

---ਯਾਦ ਤੇਰੇ ਮੇਲ ਦੀ ਸੂਹੇ ਗੁਲਾਬਾਂ ਦੀ ਸੁਗੰਧੀ,
ਯਾਦ ਹਿਜਰਾਂ ਦੀ ਜਿਵੇਂ ਹਨ ਦਗ ਰਹੇ ਸੂਹੇ ਅੰਗਾਰੇ।

---ਰਾਤ ਦੇ ਮੱਥੇ ਦਾ ਟਿੱਕਾ, ਜਗਮਗਾਂਦਾ ਹੈ ਜਦੋਂ,
ਦੂਰ ਤੱਕ ਲਿਸ਼ਕਣ ਸ਼ੁਆਵਾਂ ਰਾਤ ਦੀ ਦਹਿਲੀਜ਼ ਤੇ।

ਕੇਸਰ ਸਿੰਘ ਨੀਰ ਨੂੰ ਵਿਦਵਾਨ ਆਲੋਚਕਾਂ ਅਤੇ .ਗ਼ਜ਼ਲ ਦੇ ਪਾਰਖੂਆਂ ਨੇ ਕਈ ਪੱਖਾਂ ਤੋਂ ਮੂਹਰਲੀ ਕਤਾਰ ਦੇ .ਗ਼ਜ਼ਲਗੋਆਂ ਦੀ ਕਤਾਰ ਵਿੱਚ ਤਾਂ ਰੱਖਿਆ ਹੀ ਹੈ, ਉਸ ਨੂੰ ਇਸ ਪੜਾਅ ਤੇ ਉਸਤਾਦ .ਗ਼ਜ਼ਲਗੋ ਕਹਿਣਾ ਅਤਿਕਥਨੀ ਨਹੀਂ ਹੋਵੇਗੀ। 'ਮਹਿਕ ਪੀੜਾਂ ਦੀ'ਵਿਚਲੀਆਂ .ਗ਼ਜ਼ਲਾਂ ਪ੍ਰੇਰਨਾ ਦਿੰਦੀਆਂ ਹੋਈਆਂ ਮਾਨਣਯੋਗ ਵੀ ਹਨ, ਇਨ੍ਹਾਂ ਵਿੱਚੋਂ ਆਉਂਦੀ ਵੰਨ-ਸੁਵੰਨੀ ਮਹਿਕ ਸੋਚ ਅਤੇ ਰੂਹ ਨੂੰ ਨਸ਼ਿਆਉਣਯੋਗ ਹੈ।

---

## ਸਿਆਸੀ ਝਰੋਖਿਆਂ ਵਿੱਚੋਂ ਦੀ

# ਮੈਂ ਡੀ ਐਸ ਪੀ ਨੂੰ ਫਾਹੇ ਕਿਵੇਂ ਲਾ ਦਿੰਦਾ, ਕਾਨੂੰਨ ਨੇ ਆਪਣਾ ਕੰਮ ਕਰਨਾ ਹੁੰਦੈ ਕਾਕਾ।"

## ਹਰਚਰਨ ਸਿੰਘ ਬਰਾੜ ਦੀਆਂ ਬਾਤਾਂ-(2)



ਨਿੰਦਰ ਘੁਗਿਆਣਵੀ
-9417421700

**ਬਰਾੜ ਸਾਹਿਬ ਪੱਤਰਕਾਰਾਂ ਨਾਲ ਵੀ 'ਮੁਕਦੀ ਗੱਲ' ਹੀ ਕਰਦੇ ਸਨ। ਬਰਾੜ ਦੇ ਸਿਆਸੀ ਜੀਵਨ ਦੀ ਉਹ ਅਹਿਮ ਘਟਨਾ ਸੀ, ਜਦ ਸੰਨ 1967 ਵਿੱਚ ਸ੍ਰ ਪ੍ਰਕਾਸ਼ ਸਿੰਘ ਬਾਦਲ ਨੂੰ ਗਿੱਦੜਬਾਹਾ ਤੋਂ ਕੇਵਲ 57 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਇਸ ਤੋਂ ਬਾਅਦ ਇਹਨਾਂ ਦੋਵਾਂ ਨੇ ਖ਼ੁਦ ਆਹਮੋ-ਸਾਹਮਣੇ ਕੋਈ ਚੋਣ ਨਹੀਂ ਲੜੀ। ਸ੍ਰ:ਬਾਦਲ ਹਰ ਮਿਲਣੀ ਮੌਕੇ ਆਪ ਦੇ ਗੋਡੀਂ ਹੱਥ ਲਾ ਕੇ 'ਵੱਡਿਆਂ ਵਾਲਾ ਸਤਿਕਾਰ' ਹਮੇਸ਼ਾ ਦਿੰਦੇ ਰਹੇ, ਇੱਕ ਵਾਰ ਬਰਾੜ ਸਾਹਿਬ ਦੇ ਪੋਤਰੇ ਦੇ ਵਿਆਹ ਦੇ ਰਾਤਰੀ ਭੋਜ ਸਮੇਂ ਜਦ ਬਾਦਲ ਨੇ ਬਰਾੜ ਸਾਹਿਬ ਦੇ ਕੋਲ ਉਹਨਾਂ ਦੀ ਮੇਜ਼ 'ਤੇ ਜਾਕੇ ਗੋਡੀਂ ਹੱਥ ਲਾਉਂਦਿਆਂ ਸਤਿਕਾਰ ਦਿੱਤਾ ਤਾਂ ਉਹਨਾਂ ਨੇ ਨਿੰਮਾਂ ਜਿਹਾ ਮੁਸਕ੍ਰਾ ਕੇ ਬਾਦਲ ਦਾ ਹਾਲ-ਚਾਲ ਪੁੱਛਿਆ ਸੀ।**

ਬੈਠੇ ਬੈਠੇ ਸ੍ਰ:ਬਰਾੜ ਨੂੰ ਲੱਗਦੇ ਹੱਥ ਮੈਂ ਹੋਰ ਰਲਵੇਂ-ਮਿਲਵੇਂ ਸਵਾਲ ਵੀ ਕਰ ਦਿੱਤੇ ਸਨ, ਤੇ ਉਹ ਵੀ ਰਲਵੇਂ-ਮਿਲਵੇਂ ਜਵਾਬ ਹੀ ਦੇ ਰਹੇ ਸਨ, "ਅੰਗਰੇਜ਼ੀ ਅਖ਼ਬਾਰਾਂ ਮੈਂ ਸਾਰੀਆਂ ਪੜ੍ਹਦੈ। ਪੰਜਾਬੀ ਕਦੇ ਕੋਈ ਘੱਟ ਈ ਪੜੀਦੀ ਐ, ਮੈਨੂੰ ਲੱਸੀ ਚੰਗੀ ਲੱਗਦੀ ਐ। ਘੋੜਿਆਂ ਬਾਰੇ ਕੋਈ ਕਿਤਾਬ ਅੰਗਰੇਜ਼ੀ ਚ ਪੜ੍ਹ ਲੈਨਾ ਮੰਗਵਾ ਕੇ। ਪੰਜਾਬੀ ਕਿਤਾਬ ਕੋਈ ਨੀ ਪੜੀ ਸੱਚੀ ਗੱਲ ਐ, ਜਦੋਂ ਮੈਂ ਲਾਹੌਰ ਤੋਂ ਪੜ੍ਹਕੇ ਆਇਆ ਤਾਂ ਨਗੌਰ ਤੋਂ ਅਠਾਈ ਬਲਦਾਂ ਦੀਆਂ ਜੋੜੀਆਂ ਖ੍ਰੀਦੀਆਂ ਸੀ। ਤੀਹ-ਚਾਲੀ ਸੀਰੀ ਸੀ ਸਾਡੇ। ਸਭ ਦੀਆਂ ਟੋਲੀਆਂ ਬਣਾ ਕੇ ਵੰਡ ਦਿੱਤੀਆਂ। ਆਪ ਵੀ ਹਲ ਵਾਹਿਆ ਮੈਂ । ਇਨਾਮ ਰੱਖ ਦਿੱਤੇ ਬਈ ਜਿਹੜਾ ਸਭ ਤੋਂ ਵੱਧ ਪੈਲੀ ਵਾਹੂਗਾ। ਉਹਨੂੰ ਉਚੇਚਾ ਇਨਾਮ ਮਿਲੂਗਾ। ਸਭ ਜਿੱਦ-ਜਿੱਦ ਕੇ ਵਾਹੁੰਦੇ ਸੀ। ਤਿੰਨ ਹਜ਼ਾਰ ਏਕੜ ਦੀ ਖੇਤੀ ਸੀ।"

ਇੱਕ ਸਵਾਲ ਮੇਰੇ ਮਨ ਵਿੱਚ ਦੇਰ ਦਾ ਅਟਕਿਆ ਹੋਇਆ ਸੀ, ਉਹ ਵੀ ਕਰ ਦਿੱਤਾ," ਬਰਾੜ ਸਾਹਬ, ਇੱਕ ਗੱਲ ਦੱਸੋ ਕਿ ਮੁਕਤਸਰ ਦੇ ਮੀਰ ਆਲਮ ਆਪ ਦੇ ਜਜਮਾਨ ਸਨ। ਖਾਸ ਕਰ ਕੇ ਗਾਇਕ ਦਿਲਸ਼ਾਦ ਅਖਤਰ ਦਾ ਪਿਓ,ਜਨਾਬ ਕੀੜੇ ਖਾਂ ਸ਼ੌਕੀਨ ਵੀ, ਨਾਲੇ ਆਪਣੇ ਇਲਾਕੇ ਦਾ ਗਵੱਈਆ ਸੀ ਤੇ ਜਦ ਉਹਨਾ ਦਾ ਮੁੰਡਾ ਦਿਲਸ਼ਾਦ ਅਖਤਰ ਮਾਰਿਆ ਬਟਾਲੇ ਇੱਕ ਸ਼ਰਾਬੀ ਡੀ ਐਸ ਪੀ ਨੇ, ਤਾਂ ਸਾਰੇ ਕਲਾਕਾਰ ਨਰਿੰਦਰ ਬੀਬਾ ਵੀ ਆਈ ਤੇ ਹੰਸ ਰਾਜ ਹੰਸ ਤੇ ਹੋਰ ਵੀ ਕਈ ਆਏ ਸੀ ਆਪ ਕੋਲ ਇਨਸਾਨ ਮੰਗਣ, ਸਮੇਂ ਦੇ ਮੁੱਖ ਮੰਤਰੀ ਸੀ ਆਪ ਜੀ ਤੇ ਆਪ ਨੇ ਕੋਈ ਗੱਲ ਹੀ ਨਾ ਸੁਣੀ ਉਨਾ ਦੀ? ਕੋਲ ਬੈਠੇ ਉਨਾ ਦੇ ਬੁੱਟਰਾਂ ਵਾਲੇ ਰਿਸ਼ਤੇਦਾਰ ਬੋਹੜ ਸੰਧੂ ਨੇ ਮੇਰਾ ਇਹ ਸਵਾਲ ਸੁਣ ਕੇ ਅੱਖ ਦਾ ਇਸ਼ਾਰਾ ਕਰਦਿਆਂ ਗੱਲ ਠੱਪਣ ਨੂੰ ਕਿਹਾ। ਬਰਾੜ ਸਾਹਬ ਥੋੜਾ ਕੁ ਤਲਖ ਹੋਣ ਲੱਗੇ ਜਾਪੇ ਤੇ ਉਨਾਂ ਸਿਰਫ ਏਨਾ ਈ ਕਿਹਾ ਕਿ ਮੈਂ ਡੀ ਐਸ ਪੀ ਨੂੰ ਫਾਹੇ ਕਿਵੇਂ ਲਾ ਦਿੰਦਾ, ਕਾਨੂੰਨ ਨੇ ਆਪਣਾ ਕੰਮ ਕਰਨਾ ਹੁੰਦੈ ਕਾਕਾ।"

***

ਸ੍ਰ: ਬਰਾੜ ਨੇ ਸਾਰੀ ਉਮਰ ਆਪਣੀ ਪੱਗ, ਆਪਣੀ ਮੁੱਛ ਅਤੇ ਆਪਣੀ ਜੁੱਤੀ ਦੀ ਸ਼ਾਨ ਬਰਕਰਾਰ ਰੱਖੀ। ਉਹ ਸ਼ੀਸੇ ਮੂਹਰੇ ਬਹਿ ਕੇ ਆਪਣੀਆਂ ਮੁੱਛਾਂ ਨੂੰ ਸੰਵਾਰਨ ਲਈ ਉਚੇਚਾ ਵਕਤ ਲਾਉਂਦੇ ਸਨ। ਸਵੇਰੇ ਹੀ ਨੌਕਰ ਤੋਂ ਕਈ ਪੱਗਾਂ ਤੇ ਜੁੱਤੀਆ ਮੰਗਵਾਂ ਲੈਂਦੇ ਤੇ ਉਹਨਾ ਵਿੱਚੋਂ ਆਪਣੀ ਪਸੰਦ ਦੀ ਚੋਣ ਕਰਦੇ। ਉਹਨਾਂ ਦੀ ਫਿੱਕੀ ਤੋਤੇ ਰੰਗੀ ਪੱਗ ਬਹੁਤ ਮਸ਼ਹੂਰ ਸੀ। ਉਹਨਾਂ ਨੂੰ ਫ਼ਿਲਮਾਂ ਅਤੇ ਸੰਗੀਤ ਨਾਲ ਭਾਵੇਂ ਬਹੁਤਾ ਲਗਾਅ ਨਹੀਂ ਸੀ ਪਰ ਉਹ ਤਬਲੇ ਦਾ ਸੰਗੀਤ ਸੁਣਨ ਦੇ ਸ਼ੌਕੀਨ ਸਨ। ਇਹ ਸ਼ੌਕ ਉਹਨਾਂ ਨੂੰ ਲਾਹੌਰ ਵਿੱਚ ਕਿਸੇ ਤਬਲਾ ਵਾਦਕ ਨੂੰ ਸੁਣ ਕੇ ਹੋ ਗਿਆ ਸੀ। ਸ੍ਰ:ਬਰਾੜ ਕਦੇ-ਕਦੇ ਡਰਾਈਵਰ ਨੂੰ ਗੁਰਬਾਣੀ ਦੇ ਸ਼ਬਦ ਦੀ ਟੇਪ ਲਾਉਣ ਲਈ ਆਖਦੇ ਸਨ । ਸੰਨ 2002 ਵਿੱਚ ਸੁਖਦਰਸ਼ਨ ਸਿੰਘ ਮਰਾੜ ਪਾਸੋਂ ਮੁਕਤਸਰ ਦੀ ਚੋਣ ਹਾਰਨ ਬਾਅਦ ਉਹਨਾਂ ਨੇ ਰਾਜਨੀਤੀ ਵਿੱਚ ਵਿਚਰਨਾ ਘਟਾ ਦਿੱਤਾ ਸੀ। ਬਹੁਤਾ ਚੰਡੀਗੜ ਹੀ ਰਹਿੰਦੇ ਤੇ ਬੜੀ ਤਾਂਘ ਨਾਲ ਪਿੰਡ ਆਉਂਦੇ।





ਬਰਾੜ ਸਾਹਿਬ ਪੱਤਰਕਾਰਾਂ ਨਾਲ ਵੀ 'ਮੁਕਦੀ ਗੱਲ' ਹੀ ਕਰਦੇ ਸਨ। ਬਰਾੜ ਦੇ ਸਿਆਸੀ ਜੀਵਨ ਦੀ ਉਹ ਅਹਿਮ ਘਟਨਾ ਸੀ, ਜਦ ਸੰਨ 1967 ਵਿੱਚ ਸ੍ਰ ਪ੍ਰਕਾਸ਼ ਸਿੰਘ ਬਾਦਲ ਨੂੰ ਗਿੱਦੜਬਾਹਾ ਤੋਂ ਕੇਵਲ 57 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਇਸ ਤੋਂ ਬਾਅਦ ਇਹਨਾਂ ਦੋਵਾਂ ਨੇ ਖ਼ੁਦ ਆਹਮੋ-ਸਾਹਮਣੇ ਕੋਈ ਚੋਣ ਨਹੀਂ ਲੜੀ। ਸ੍ਰ:ਬਾਦਲ ਹਰ ਮਿਲਣੀ ਮੌਕੇ ਆਪ ਦੇ ਗੋਡੀਂ ਹੱਥ ਲਾ ਕੇ 'ਵੱਡਿਆਂ ਵਾਲਾ ਸਤਿਕਾਰ' ਹਮੇਸ਼ਾ ਦਿੰਦੇ ਰਹੇ, ਇੱਕ ਵਾਰ ਬਰਾੜ ਸਾਹਿਬ ਦੇ ਪੋਤਰੇ ਦੇ ਵਿਆਹ ਦੇ ਰਾਤਰੀ ਭੋਜ ਸਮੇਂ ਜਦ ਬਾਦਲ ਨੇ ਬਰਾੜ ਸਾਹਿਬ ਦੇ ਕੋਲ ਉਹਨਾਂ ਦੀ ਮੇਜ਼ 'ਤੇ ਜਾਕੇ ਗੋਡੀਂ ਹੱਥ ਲਾਉਂਦਿਆਂ ਸਤਿਕਾਰ ਦਿੱਤਾ ਤਾਂ ਉਹਨਾਂ ਨੇ ਨਿੰਮਾਂ ਜਿਹਾ ਮੁਸਕ੍ਰਾ ਕੇ ਬਾਦਲ ਦਾ ਹਾਲ-ਚਾਲ ਪੁੱਛਿਆ ਸੀ। ਉਹ ਕਦੇ-ਕਦੇ ਹੱਸਦੇ ਤੇ ਖੁੱਲ੍ਹਾ-ਡੁੱਲ੍ਹਾ ਹਸਦੇ ਸਨ ਪਰ ਉਹਨਾਂ ਦੀ ਗੰਭੀਰ ਮੁਦਰਾ ਉਹਨਾਂ ਦੀ ਜੀਵਨ ਸ਼ੈਲੀ ਦਾ ਪੱਕ ਚੁੱਕਾ ਅੰਗ ਸੀ। ਉਹਨਾਂ ਦੇ ਡਰਾਈਵਰ ਨੇ ਦੱਸਿਆ ਕਿ ਇੱਕ ਵਾਰੀ ਉਸਨੇ ਕਾਰ ਵਿੱਚ ਅਗਲੇ ਪਾਸੇ ਇੱਕ ਚਿੜੀ-ਨੁਮਾ ਪੰਛੀ ਜਿਹਾ ਲਿਆ ਕੇ ਟੰਗ ਦਿੱਤਾ, ਜਦ ਕਾਰ ਤੁਰਦੀ ਤਾਂ ਚਿੜੀ-ਨੁਮਾ ਪੰਛੀ ਸ਼ੋਰ ਪਾਉਣ ਲੱਗਦਾ, ਇੱਕ ਦਿਨ ਬਰਾੜ ਸਾਹਿਬ ਨੇ ਖਿਝਕੇ ਉਹ ਚਿੜੀ-ਨੁਮਾ ਪੰਛੀ ਬਾਰੀ ਵਿੱਚ ਦੀ ਬਾਹਰ ਵਗਾਹ ਮਾਰਿਆ। ਪਹਿਲੋ-ਪਹਿਲ ਜਦ ਆਪਣੇ ਖੇਤ ਵਿੱਚ ਕਾਮਿਆਂ ਕੋਲ ਖਲੋਤੇ ਕੰਮ ਦੇਖ ਰਹੇ ਹੁੰਦੇ ਸਨ ਤਾਂ ਫਿਰ ਮਿਲਣ ਵਾਲੇ ਆਮ ਲੋਕਾਂ ਵੱਲ ਧਿਆਨ ਨਹੀਂ ਸਨ ਦਿੰਦੇ, ਪਿੰਡ ਭਾਗ ਸਿੰਘ ਵਾਲਾ ਦੇ ਮਾਸਟਰ ਸ਼ਾਮ ਸਿੰਘ ਨੇ ਇੱਕ ਯਾਦ ਸਾਂਝੀ ਕੀਤੀ, "ਇੱਕ ਵਾਰੀ ਅਸੀਂ ਸ੍ਰ:ਜਸਵਿੰਦਰ ਸਿੰਘ ਬਰਾੜ ਸਹਿਕਾਰਤਾ ਮੰਤਰੀ ਦੀ ਚਿੱਠੀ ਲੈਕੇ ਬਰਾੜ ਸਾਹਬ ਨੂੰ ਮਿਲਣ ਚਲੇ ਗਏ, ਉਹ ਆਪਣੇ ਫਾਰਮ 'ਤੇ ਕੰਮ ਦੇਖ ਰਹੇ ਸਨ, ਸਾਨੂੰ ਆਏ ਦੇਖਕੇ ਉਹ ਤਲਖ਼ੀ ਨਾਲ ਬੋਲੇ, "ਕਾਕਾ ਮੇਰੇ ਮਗਰ ਕਿਉਂ ਆਏ ਓ ? ਜਦ ਮੈਂ ਦੋ ਟਾਈਮ ਲੋਕਾਂ ਨੂੰ ਘਰੇ ਮਿਲਦਾ ਆਂ। ਤੁਸੀਂ ਘਰੇ ਕਿਉਂ ਨਾ ਆਏ ? ਆਖਰ ਔਖੇ-ਸੌਖੇ ਉਹਨਾਂ ਸਾਡੀ ਚਿੱਠੀ ਦੇਖ ਕੇ ਕੰਮ ਕਰ ਦਿੱਤਾ।"

ਸੰਨ 1961 ਵਿੱਚ ਜਦ ਕੈਰੋਂ ਦੀ ਵਜ਼ਾਰਤ ਵਿੱਚ ਰਾਜ ਮੰਤਰੀ ਸਨ, ਤਾਂ ਕੈਰੋਂ ਨੂੰ ਆਖਣ ਲੱਗੇ ਕਿ ਪੰਜਾਬ ਵਿੱਚ ਬਾਗਬਾਨੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਇਸ ਲਈ ਵੱਧ ਪਾਣੀ ਦਿੱਤਾ ਜਾਵੇ, ਆਮ ਖੇਤੀ ਨਾਲੋਂ ਢਾਈ ਪ੍ਰਤੀਸ਼ਤ ਪਾਣੀ ਕੈਰੋਂ ਨੂੰ ਕਹਿ ਕੇ ਬਾਗਾਂ ਲਈ ਰਾਖਵਾਂ ਕਰਵਾਇਆ। ਜਿਸ ਦਿਨ ਮੁਕਤਸਰ ਨੂੰ ਜ਼ਿਲ੍ਹਾ ਬਣਾਇਆ ਗਿਆ ਤਾਂ ਉਹਨਾਂ ਆਪਣੀ ਤਕਰੀਰ ਵਿੱਚ ਆਖਿਆ ਸੀ, "ਅੱਜ ਮੇਰੇ ਬਜ਼ੁਰਗ ਨਹੀਂ ਹਨ। ਅੱਜ ਜੇ ਡਾ: ਕੇਹਰ ਸਿੰਘ ਸਿੱਧੂ ਹੁੰਦੇ। ਜੇ ਭਾਈ ਜਰਨੈਲ ਸਿੰਘ ਹੁੰਦੇ। ਬਾਵਾ ਨਿਹਾਲ ਸਿੰਘ ਜਾਂ ਮਹਾਸ਼ਾ ਦੇਸ ਰਾਜ ਦੇਖਦੇ ਹੁੰਦੇ ਤਾਂ ਉਹ ਮੈਨੂੰ ਜ਼ਰੂਰ ਸਾਬਾਸ਼ ਦਿੰਦੇ ਕਿ ਤੂੰ ਆਹ ਇੱਕ ਚੰਗਾ ਕੰਮ ਕਰ ਦਿੱਤਾ ਐ।"

ਉਨਾ ਦੇ ਨਜ਼ਦੀਕੀ ਸਾਥੀ ਗੁਰਦਿਆਲ ਸਿੰਘ ਸਿੱਧੂ ਨੇ ਇੱਕ ਪੁਰਾਣੀ ਯਾਦ ਤਾਜ਼ਾ ਕੀਤੀ, "ਕਿ ਇਹ ਉਨਾਂ ਦਿਨਾਂ ਦੀ ਗੱਲ ਐ ਜਦੋਂ ਬੀਬੀ ਭੱਠਲ ਨੇ ਬਰਾੜ ਸਾਹਬ ਦੇ ਖਿਲਾਫ ਲਾਮਬੰਦੀ ਕੀਤੀ ਹੋਈ ਸੀ ਤੇ ਖਿਚੋਤਾਣ ਚੱਲ ਰਹੀ ਸੀ। ਇੱਕ ਦਿਨ ਸਵੇਰੇ ਚੀਫ਼ ਇੰਜਨੀਅਰ ਬਵੇਜਾ ਵੀ ਕੋਲ ਬੈਠਾ ਸੀ ਤੇ ਮੈਂ ਬਰਾੜ ਸਾਹਬ ਨੂੰ ਆਖਿਆ ਕਿ ਵੱਧ ਤੋਂ ਵੱਧ ਮੋਟਰਾਂ ਦੇ ਕੁਨੈਕਸ਼ਨ ਦੇ ਦਿਓ ਲੋਕਾਂ ਨੂੰ, ਮੇਰੀ ਗੱਲ ਸੁਣ ਕੇ ਬਰਾੜ ਸਾਹਿਬ ਸਖ਼ਤੀ ਨਾਲ ਬੋਲੇ, ਕਿਉਂ ਗੁਰਦਿਆਲ ਤੇਰੀ ਦੁਸ਼ਮਣੀ ਹੈ ਹਿਠਾੜ ਦੇ ਜੱਟਾਂ ਨਾਲ? ਧਰਤੀ ਹੇਠਲਾ ਪਾਣੀ ਤਾਂ ਮਾੜਾ ਹੋਈ ਜਾਂਦੈ ਦਿਨੋਂ-ਦਿਨ । ਮੈਂ ਵੱਧ ਤੋਂ ਵੱਧ ਏਥੇ ਨਹਿਰੀ ਪਾਣੀ ਚਾਹੁੰਨੈ। ਹਰੀਕੇ ਤੋਂ ਇੱਕ ਹਿਠਾੜ ਫੀਡਰ ਕੱਢੀਏ। ਸਾਰੇ ਹਿਠਾੜ ਵਿੱਚ ਨਹਿਰੀ ਪਾਣੀ ਵੱਧ ਤੋਂ ਵੱਧ ਮਿਲੇ।ਇਹਦੀ ਪਲੈਨਿੰਗ ਜਲਦੀ ਬਣਾਉਣੀ ਐਂ ਆਪਾਂ।।ਬਵੇਜਾ ਜੀ ਨੋਟ ਕਰੋ ਇਹ ਵੀ, ਤੇ ਫਿਰ ਜਲਦੀ ਹੀ ਬਰਾੜ ਮੁੱਖ-ਮੰਤਰੀ ਦੇ ਪੱਦ ਤੋਂ ਲੱਥ ਗਏ, ਬੀਬੀ ਭੱਠਲ ਮੁੱਖ-ਮੰਤਰੀ ਬਣ ਗਈ, ਵਿੱਚੇ ਰਹਿ ਗਈਆਂ ਸਭ ਪਲੈਨਿਗਾਂ, ਨਾਤੀ ਧੋਤੀ ਰਹਿਗੀ ਤੇ ਨੱਕ ਤੇ ਮੱਖੀ ਬਹਿਗੀ।"

(ਬਾਕੀ ਅਗਲੇ ਅੰਕ ਵਿੱਚ)

# ਔਰਤ ਭਾਵਨਾਵਾਂ ਨਾਲ ਜੁੜੀ ਸਤਿੰਦਰ ਸਰਤਾਜ ਦੀ ਨਵੀਂ ਫ਼ਿਲਮ ‘ਕਲੀ ਜੋਟਾ’



**ਸੁਰਜੀਤ ਜੱਸਲ**
(ਫ਼ਿਲਮ ਜਰਨਲਿਸਟ)
9814607737

ਹਾਸੇ ਮਜ਼ਾਕ ਦੇ ਵਿਸ਼ਿਆਂ ਵਾਲੀਆਂ ਫ਼ਿਲਮਾਂ ਤਾਂ ਅਕਸਰ ਹੀ ਬਣਦੀਆਂ ਹਨ ਪਰ ਔਰਤ ਦੀਆਂ ਭਾਵਨਾਂਵਾ, ਮਾਨਸਿਕਤਾ ਅਤੇ ਸਮਾਜ ਦੇ ਦੋਗਲੇ ਚਿਹਰਿਆਂ ਦੀ ਗੱਲ ਕਰਦੀਆਂ ਸੰਪੂਰਨ ਫ਼ਿਲਮਾਂ ਦਾ ਨਿਰਮਾਣ ਬਹੁਤ ਘੱਟ ਹੁੰਦਾ ਹੈ ਪਰ ਜਿਸ ਫ਼ਿਲਮ ਦੀ ਅੱਜ ਗੱਲ ਕਰ ਰਹੇ ਹਾਂ ਉਹ ਮਨੋਰੰਜਨ ਦੇ ਨਾਲ ਨਾਲ ਔਰਤ ਦੇ ਸਤਿਕਾਰ ਅਤੇ ਭਾਵਨਾਵਾਂ ਦੀ ਕਦਰ ਕਰਨ ਦਾ ਸੰਦੇਸ਼ ਦਿੰਦੀ ਇੱਕ ਮਿਆਰੀ ਵਿਸ਼ੇ ਦੀ ਫ਼ਿਲਮ ‘ਕਲੀ ਜੋਟਾ ’ ਹੈ। ਸਿੱਧੇ ਸ਼ਬਦਾਂ ਵਿੱਚ ‘ਕਲੀ -ਜੋਟਾ’ ਇੱਕ ਪੜੀ ਲਿਖੀ, ਨੌਕਰੀਪੇਸ਼ਾ ਔਰਤ ਦੇ ਮਾਨਸਿਕ ਤਣਾਓ ‘ਚ ਉਲਝੇ ਪਿਆਰ ਦੀ ਹਕੀਕਤ ਹੈ। ਹਸੂੰ ਹਸੂੰ ਕਰਦੇ ਚਿਹਰੇ ਦੀ ਮਲਿਕਾ ਰਾਬੀਆ ਜਿਸ ਤੋਂ ਕਿਸੇ ਵੇਲੇ ਫੁੱਲ, ਭੌਰੇ ਹਾਸੇ ਉਧਾਰੇ ਮੰਗਦੇ ਸੀ ਅੱਜ ਕਿਸੇ ਹਾਦਸੇ ਨੂੰ ਦਿਲ ‘ਤੇ ਲਾਈ ਘੋਰ ਉਦਾਸੀ ਦੇ ਆਲਮ ਵਿੱਚ ਡੁੱਬੀ ਬੈਠੀ ਹੈ। ਇਸ ਫ਼ਿਲਮ ਵਿੱਚ ਰਾਬੀਆ ਦਾ ਕਿਰਦਾਰ ਨੀਰੂ ਬਾਜਵਾ ਨੇ ਨਿਭਾਇਆ ਹੈ ਜੋ ਉਸਦੀਆਂ ਹੁਣ ਤੱਕ ਆਈਆਂ ਫ਼ਿਲਮਾਂ ਤੋਂ ਬਹੁਤ ਹੀ ਹਟਕੇ ਅਤੇ ਚਣੌਤੀ ਭਰਿਆ ਹੈ। ‘ਰਾਬੀਆ’ ਆਪਣੀ ਜ਼ਿੰਦਗੀ ਮਰਜ਼ੀ ਨਾਲ ਜਿਊਣ ਦੀ ਇਛੁੱਕ ਹੈ। ਉਸਦੇ ਸੁਪਨੇ ਵੱਡੇ ਹਨ, ਉਸ ਕੋਲ ਹੌਸਲਾ ਹੈ, ਲਗਨ ਹੈ, ਇੱਕ ਜਨੂੰਨ ਹੈ। ਦੀਦਾਰ (ਸਤਿੰਦਰ ਸਰਤਾਜ ) ਉਸਦਾ ਦਾ ਪਹਿਲਾ ਤੇ ਆਖਰੀ ਪਿਆਰ ਹੈ, ਜਿਸਦੇ ਖਿਆਲਾਂ ਵਿੱਚ ਉਹ ਸਾਰਾ ਦਿਨ ਗੁਆਚੀ ਰਹਿੰਦੀ ਹੈ। ਆਜ਼ਾਦ ਪੰਛੀ ਵਾਂਗ ਖੁੱਲੇ ਅਸਮਾਨ ‘ਤੇ ਉਡਾਰੀਆਂ ਮਾਰਦੀ ਰਾਬੀਆ ‘ਤੇ ਜਦ ਬਾਜ਼ ਦੀ ਝਪਟ ਪੈਂਦੀ ਹੈ ਤਾਂ ਉਸਦੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ। ਜੰਗ ਦੇ ਮੈਦਾਨ ਵਿੱਚ ਅਪਾਹਜ ਹੋਏ ਯੋਧੇ ਵਾਂਗ ਉਸਦੇ ਸੁਪਨੇ ਇੱਕ ਸਦਮਾ ਬਣ ਜਾਂਦੇ ਹਨ। ਉਹ ਅੰਦਰੋਂ ਅੰਦਰ ਟੁੱਟ ਕੇ ਰਹਿ ਜਾਂਦੀ ਹੈ। ਸਤਿੰਦਰ ਸਰਤਾਜ ਨੇ ਆਪਣੇ ਕਿਰਦਾਰ ਨੂੰ ਬਹੁਤ ਹੀ ਰੁਮਾਂਟਿਕ ਤੇ ਭਾਵਨਾਤੁਮਕ ਅੰਦਾਜ ਵਿੱਚ ਨਿਭਾਇਆ ਹੈ ਜੋ ਉਸਦੀ ਸਖ਼ਸ਼ੀਅਤ ਨੂੰ ਨਿਖਾਰਦਾ ਹੈ। ਜ਼ਿਕਰਯੋਗ ਹੈ ਕਿ ਸਤਿੰਦਰ ਸਰਤਾਜ ਦੀ ਇਹ ਫ਼ਿਲਮ ਉਸਦੀਆਂ ਪਹਿਲੀਆਂ ਫ਼ਿਲਮਾਂ ਤੋਂ ਬਹੁਤ ਹਟਕੇ ਹੋਵੇਗੀ।



ਸਤਿੰਦਰ ਸਰਤਾਜ ਦੀ ੨੦੨੦ ਵਿੱਚ ਆਈ ਫ਼ਿਲਮ ‘ ਇੱਕੋ-ਮਿੱਕੇ’ ਵਾਂਗ ਉਸਦੀ ਇਹ ਨਵੀਂ ਫ਼ਿਲਮ ਵੀ ਸਾਡੇ ਸਮਾਜ ਦਾ ਹਿੱਸਾ ਹੈ ਜਿਸਨੂੰ ਨਿਰਦੇਸ਼ਕ ਵਿਜੇ ਕੁਮਾਰ ਅਰੋੜਾ ਨੇ ਆਪਣੀ ਤੀਖਣ ਬੁਧੀ ਨਾਲ ਪਰਦੇ ‘ਤੇ ਉਤਾਰਿਆ ਹੈ। ਲੇਖਿਕਾ ਹਰਿੰਦਰ ਕੌਰ ਨੇ ਆਪਣੀ ਇਸ ਕਹਾਣੀ ਵਿੱਚ ਔਰਤ ਦੀ ਆਜ਼ਾਦੀ ਅਤੇ ਸਮਾਜ ਦੇ ਹਵਸ਼ੀ ਚਿਹਰਿਆਂ ਨੂੰ ਪਰਦੇ ‘ਤੇ ਉਤਾਰਣ ਦਾ ਯਤਨ ਕੀਤਾ ਹੈ। ਉਸਨੇ ਔਰਤ ਦੇ ਹੱਕ ਸੱਚ ਦੀ ਗੱਲ ਕੀਤੀ ਹੈ। ਸਮਾਜਿਕ ਵਿਸ਼ੇ ਦੇ ਨਾਲ ਨਾਲ ਇਸ ਫ਼ਿਲਮ ਵਿੱਚ ਰੁਮਾਂਸ, ਸੰਗੀਤ ਅਤੇ ਹਾਸਾ ਵੀ ਹੈ ਜੋ ਫ਼ਿਲਮ ਦੇ ਮੁੱਢਲੇ ਦੌਰ ਦਾ ਹਿੱਸਾ ਹੈ। ਇਸ ਫ਼ਿਲਮ ਦੇ ਗੀਤ ਵੀ ਬਹੁਤ ਵਧੀਆ ਹਨ ਜਿੰਨਾਂ ਨੂੰ ਸਤਿੰਦਰ ਸਰਤਾਜ,ਸੁਨਿੱਧੀ ਚੌਹਾਨ ਤੇ ਰਜ਼ਾ ਹੀਰ ਨੇ ਗਾਇਆ ਹੈ। ਇੰਨ ਾ ਗੀਤਾਂ ਨੂੰ ਸਤਿੰਦਰ ਸਰਤਾਜ, ਹਰਿੰਦਰ ਕੌਰ ਤੇ ਅੰਬਰ ਨੇ ਲਿਖਿਆ ਹੈ। ਸੰਗੀਤ ਬੀਟ ਮਨਿਸਟਰ ਨੇ ਦਿੱਤਾ ਹੈ। ਵਿਜੇ ਕੁਮਾਰ ਅਰੋੜਾ ਦੇ ਨਿਰਦੇਸ਼ਨ ਵਿੱਚ ਇਸ ਫ਼ਿਲਮ ਵਿੱਚ ਸਤਿੰਦਰ ਸਰਤਾਜ, ਨੀਰੂ ਬਾਜਵਾ, ਵਾਮਿਕਾ ਗੱਬੀ, ਪ੍ਰਿੰਸ਼ ਕੰਵਲਜੀਤ ਸਿੰਘ, ਪ੍ਰਭ ਗਰੇਵਾਲ, ਹਰਫ਼ ਚੀਮਾ, ਨਿਕਿਤਾ ਗਰੋਵਰ, ਸੁਖਵਿੰਦਰ ਚਾਹਲ, ਸੁੱਖੀ ਚਾਹਲ, ਪ੍ਰਕਾਸ਼ ਗਾਧੂ, ਸੀ ਜੇ ਸਿੰਘ ਤੇ ਸ਼ਮਿੰਦਰ ਵਿੱਕੀ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਹਰੇਕ ਕਲਾਕਾਰ ਨੇ ਆਪਣੇ ਕਿਰਦਾਰ ਨੂੰ ਪੂਰੀ ਰੂਹ ਨਾਲ ਨਿਭਾਇਆ ਹੈ। ਇਸ ਫ਼ਿਲਮ ਦਾ ਨਿਰਮਾਣ ਸੰਨੀ ਰਾਜ, ਅਰੁਣ ਅਰੋੜਾ, ਸਰਲਾ ਰਾਣੀ ਅਤੇ ਸੰਤੋਸ਼ ਸੁਭਾਸ ਥੀਟੇ ਵਲੋਂ ਕੀਤਾ ਗਿਆ ਹੈ। ਯੂ ਐਂਡ ਆਈ ਫ਼ਿਲਮਜ਼ ਦੇ ਬੈਨਰ ਹੇਠ ਨੀਰੂ ਬਾਜਵਾ ਇੰਟਰਟੇਂਨਮੈਂਟ ਦੀ ਪੇਸ਼ਕਸ਼ ਇਹ ਫ਼ਿਲਮ ੩ ਫਰਵਰੀ ਨੂੰ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ। ਆਸ ਹੈ ਕਿ ਨਿਵੇਕਲੇ। ਵਿਸ਼ੇ ਦੀ ਇਹ ਫ਼ਿਲਮ ਪੰਜਾਬੀ ਸਿਨਮਾ ਦੀ ਇੱਕ ਬੇਹਤਰੀਨ ਫ਼ਿਲਮ ਸਾਬਤ ਹੋਵੇਗੀ।

## ਵੀਚਾਰ ਆਪੋ-ਆਪਣਾ

# ਚੋਣਾਂ ਨੇੜੇ .ਗਰੀਬਾਂ ਦੀ ਗੱਲ ਨਾ ਕਰਨਾ ਮੰਦਭਾਗਾ



**ਦਲੀਪ ਸਿੰਘ ਵਾਸਨ, ਐਡਵੋਕੇਟ**
0175 5191856
101-ਸੀ ਵਿਕਾਸ ਕਲੋਨੀ,
ਪਟਿਆਲਾ- 147001

ਅਗਲੀਆਂ ਲੋਕ ਸਭਾ ਚੋਣਾਂ ਸਿਰ ਤੇ ਆ ਗਈਆਂ ਹਨ ਅਤੇ ਹਾਲਾਂ ਤਕ ਕੋਈ ਵੀ ਰਾਜਸੀ ਪਾਰਟੀ ਗ਼ਰੀਬਾਂ ਸਵਾਲ ਲੈਕੇ ਅਤੇ ਗ਼ਰੀਬਾਂ ਦੀ ਹਾਲਤ ਸੁਧਾਰਨ ਵਾਲਾ ਮਸਲਾ ਲੈਕੇ ਸਾਹਮਣੇ ਨਹੀਂ ਆਈ ਹੈ. ਸਾਡੇ ਪ੍ਰਧਾਨ ਮੰਤਰੀ ਜੀ ਸ੍ਰੀ ਨਰਿੰਦਰ ਮੋਦੀ ਜੀ ਨੇ ਸਾਫ਼ ਸ਼ਬਦਾਂ ਵਿੱਚ ਇਹ ਆਖ ਹੀ ਦਿੱਤਾ ਹੈ ਕਿ ਮੁਲਕ ਦੀ ਪੌਣੀ ਆਬਾਦੀ ਇਤਨੀ ਗ਼ਰੀਬ ਹੋ ਗਈ ਹੈ ਕਿ ਸਰਕਾਰ ਨੂੰ ਆਪਣੇ ਖ਼ਜ਼ਾਨੇ ਵਿਚੋਂ ਉਨ੍ਹਾਂ ਨੂੰ ਮਜਬੂਰਨ ਮੁਫ਼ਤ ਰਾਸ਼ਨ ਦੇਣਾ ਪੈ ਰਿਹਾ ਹੈ. ਇਸਦਾ ਸਿੱਧਾ ਸਾਦਾ ਜਿਹਾ ਮਤਲਬ ਇਹ ਨਿਕਲਦਜਾ ਹੈ ਕਿ ਸਾਡੇ ਮੁਲਕ ਦੀ ਇਸ ਵਕਤ ਸਭਤੋਂ ਵਡੀ ਅਤੇ ਗੰਭੀਰ ਸਮਸਿਆ ਗ਼ਰੀਬੀ ਹੈ. ਇਸ ਲਈ ਸਾਡੇ ਸਾਹਮਣੇ ਗੁਰਬਤ ਦੂਰ ਕਰਨ ਵਡਾ ਮਸਲਾ ਹੈ ਅਤੇ ਇਸ ਲਈ ਹੁਣ ਅਗਲੇ ਪੰਜ ਸਾਲਾਂ ਵਿੱਚ ਸਾਡੀ ਲੋਕ ਸਭਾ ਲਈ ਵਡਾ ਮਸਲਾ ਗੁਰਬਤ ਦੂਰ ਕਰਨਾ ਹੈ. ਅਤੇ ਇਹ ਮਸਲਾ ਦੂਰ ਕਰਨ ਹਾਲਾਂ ਤਕ ਕਿਸੇ ਵੀ ਰਾਜਸੀ ਪਾਰਟੀ ਨੇ ਸਾਡੇ ਸਾਹਮਣੇ ਆਕੇ ਇਹ ਨਹੀਂ ਆਖਿਆ ਹੈ ਕਿ ਅਗਰ ਉਨ੍ਹਾਂ ਨੂੰ ਇਹ ਅਗਲੀ ਅਜਾਉਣ ਵਾਲੀ ਸਰਕਾਰ ਦੇ ਦਿੱਤੀ ਜਾਵੇ ਤਾਂ ਉਨ੍ਹਾਂ ਪਾਸ ਇਹ ਇਹ ਵਾਲੀਆਂ ਸਕੀਮਾਂ ਤਰੀਕੇ ਹਨ ਜਿੰਨ੍ਹਾਂ ਦੀ ਵਰਤੋਂ ਕਰਕੇ ਉਹ ਲੋਕਾਂ ਦੀ ਆਮਦਨ ਵਧਾਉਣ ਦਾ ਯਤਨ ਕਰਨਗੇ. ਹਰ ਕੋਈ ਜਾਣਦਾ ਹੈ ਕਿ ਇਹ ਗੁਰਬਤ ਇਸ ਲਈ ਆ ਬਣੀ ਹੈ ਕਿ ਸਾਡੀਆਂ ਸਰਕਾਰਾਂ ਨੇ ਐਸਾ ਕੁਝ ਵੀ ਨਹੀਂ ਕੀਤਾ ਹੈ ਜਿਸ ਨਾਲ ਇਹ ਆਮਦਨ ਦਾ ਪਾੜਾ ਘਟਾਇਆ ਜਾ ਸਕੇ. ਸਰਕਾਰ ਨੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਨਿਸਚਿਤ ਕਰਨ ਲਈ ਬਾਕਾਇਦਾ ਤਨਖ਼ਾਹ ਕਮਿਸ਼ਨ ਤਾਂ ਬਣਾ ਦਿਤਾ ਹੈ, ਪਰ ਆਮ ਗ਼ਰੀਬ ਦੀ ਆਮਦਨ ਵਧਾਉਣ ਲਈ ਕੋਈ ਪਕਾ ਪ੍ਰਬੰਧ ਨਹੀਂ ਕੀਤਾ ਹੈ. ਇਸ ਪਾਸੇ ਜੋ ਵੀ ਕਦਮ ਉਠਹਾਏ ਜਾਣੇ ਹਨ ਉਹ ਹਾਲਾਂ ਤਕ ਗ਼ਰੀਬਾਂ ਦੇ ਸਾਹਮਣੇ ਨਹੀਂ ਕੀਤੇ ਗਏ ਹਨ.

ਇਹਜਿਹੜੀ ਮੁਲਕ ਦੀ ਪੌਣੀ ਆਬਾਦੀ ਗ਼ਰੀਬ ਹੋ ਗਈ ਹੈ ਅਸੀਂ ਅਗਰ ਸਰਵੇਖਣ ਕਰਕੇ ਦੇਖੀਏ ਤਾਂ ਇਹ ਸਾਫ਼ ਹੋ ਆਵੇਗਾ ਕਿ ਇਹ ਉਹ ਟਬਰ ਹਨ ਜਿੰਨ੍ਹਾਂ ਦੇ ਘਰਾਂ ਵਿੱਚ ਗੁਰਬਤ ਹੈ ਅਤੇ ਕਾਰਨ ਵੀ ਸਾਫ਼ ਹਨ ਕਿ ਬਹੁਤੇ ਜੀਅ ਅਨਪੜ੍ਹ ਹਨ, ਕੋਈ ਵਾਜਬ ਜਿਹੀ ਸਿਖਲਹਾਈ ਨਹਪੀਂ ਹੈ, ਅਤੇ ਬਹੁਤੇ ਜੀਅ ਬੇਰੁਜ਼ਗਾਰ ਹਨ. ਪੂਰੀਆਂ ਦਿਹਾੜੀਆਂ ਨਹੀਂ ਲਗਦੀਆਂ ਅਤੇ ਮਜ਼ਦੂਰੀ ਵੀ ਘਟ ਹੈ. ਲੋੜਾਂ ਵੀ ਵਧ ਰਹੀਆਂ ਹਨ ਅਤੇ ਮਹਿੰਗਾਈ ਵੀ ਵੱਧ ਰਹੀ ਹੈ. ਅਤੇ ਇਹ ਵੀ ਸਚਾਈ ਹੈ ਕਿ ਜਿਸ ਵੀ ਘਰ ਵਿੱਚ ਇੱਕ ਵਾਜਰੀਂ ਗੁਰਬਤ ਆ ਵੜੇ ਫ਼ਿਰ ਬਾਹਰ ਨਿਕਲਣ ਦਾ ਨਾਮ ਨਹੀਂ ਲੈਂਦੀ ਹੈ ਅਤੇ ਇਹ ਵਾਧਾ ਚਲਦਾ ਚਲਦਾ ਅੱਜ ਆਜ਼ਾਦੀ ਬਾਅਦ ਇਸ ਪੌਣੀ ਸਦੀ ਵਿੱਚ ਚੋਥੀ ਪੀੜ੍ਹੀ ਵਿੱਚ ਆਕੇ 81 ਕਰੋੜ ਦੇ ਕਰੀਬ ਪੁਜ ਗਿਆ ਹੈ. ਅਗਰ ਕੋਈ ਉਪਾਉ ਨਾ ਕੀਤੇ ਗਏ ਤਾਂ ਅਗਲੀ ਪੀੜ੍ਹੀ ਤਕ ਇਹ ਅੰਕੜੇ ਭਿਆਟਕ ਰੂਪ ਅਪਨਾ ਲੈਣਗੇ ਅਤੇ ਦੁਨੀਆਂ ਭਰ ਦੇ ਲੋਕ ਇਹੀ ਆਖਣਗੇ ਕਿ ਭਾਰਤ ਦੀਆਂ ਅਜ ਤਕ ਹੋਈਆਂ ਸਰਕਾਰਾਂ ਠੀਕ ਠਾਕ ਨਹੀਂ ਸਨ. ਗ਼ਰੀਬਾਂ ਦਾ ਗ਼ਰੀਬ ਹੋਈ ਜਾਣਾ ਗ਼ਰੀਬਾ ਦੇ ਕਿਸੇ ਨੁਕਸ ਦੀ ਗਲ ਕਿਸੇ ਨੇ ਨਹੀਂ ਕਰਨੀ ਹੈ.

ਸਾਡੀਆਂ ਸਰਕਾਰਾਂ ਇਹ ਦਾਹਵੇ ਕਰਦੀਆਂ ਆ ਰਹੀਆਂ ਹਨ ਕਿ ਸਾਡਾ ਆਰਥਿਕ ਵਾਧਾ ਚਲਦਾ ਆ ਰਿਹਾ ਹੈ .ਕਿਸੇ ਸਾਲ ਅਸਾਂ ਘਾਟੇ ਵਿੱਚ ਨਹੀਂ ਗਏ ਹਾਂ .ਇਸਦਾ ਮਤਲਬ ਇਹੀ ਨਿਕਲਦਾ ਹੈ ਕਿ ਇਹ ਛੋਟੇ ਕਾਮਿਆਂ ਦਾ ਵਾਜਬ ਹਿਸਾ ਬਣਦਾ ਨਹੀਂ ਦਿਤਾ ਗਿਆ ਹੈ. ਅਰਥਾਤ ਵਾਜਬ ਮਜ਼ਦੂਰੀਆਂ ਗਰੀਬ ਕਾਮਿਆਂ ਤਕ ਪੁਜਣ ਨਹੀਂ ਦਿਤੀਆਂ ਗਈਆਂ ਹਨ ਅਤੇ ਉਤਲੀ ਆਮਦਲ ਵਾਲਿਆਂ ਨੇ ਹੀ ਆਪੋ ਵਿੱਚ ਵੰਡ ਲਈਆਂ ਹਨ. ਸਾਡੇ ਪਾਸ ਤਨਖਾਹ ਕਮਿਸ਼ਨ ਹੈ ਅਤੇ ਇਹ ਵੀ ਜਿਹੜੀਆਂ ਤਨਖ਼ਾਹਾਂ ਨਿਸਚਿਤ ਕਰਦਾ ਰਿਹਾ ਹੈ ਇਹ ਵੀ ਅਸਾਂ ਸਾਰੇ ਕਾਮਿਆਂ ਤਕ ਪੁਜਦੀਆਂ ਨਹੀ ਕਰ ਸਕੇ .ਹਰੇਕ ਕਾਮੇ ਤਕ ਪੈਨਸ਼ਨਾ ਅਤੇ ਰਿਟਾਇਰਮੈਂਟਦੇ ਹੋਰ ਸਾਰੇ ਲਾਭ ਹਾਲਾਂ ਤਕ ਆਮ ਕਾਮੇ ਤਕ ਪੁਜਣ ਹੀ ਨਹੀਂ ਦਿਤੇ ਗਏ ਹਨ ਅਤੇ ਅਗਰ ਕੋਈ ਪੈਨਸ਼ਨਾ ਵਗ਼ੈਰਾ ਲਾਈਆਂ ਵੀ ਹਨ ਤਾਂ ਉਹ ਬਹੁਤ ਹੀ ਘਟ ਹਨ ਅਤੇ ਇਹ ਗਰੀਬ ਕਾਮੇ ਕਿਸ ਢੰਗ ਨਾਲ ਬੁਢਾਪਾ ਕਟਦੇਹਨ ਇਸ ਪਾਸੇ ਹਾਲਾਂ ਤਕ ਧਿਆਨ ਹੀ ਨਹੀਂ ਦਿੱਤਾ ਦਿਗਆ ਹੈ.

ਸਾਡੇ ਸਾਹਮਣੇ ਸਾਡੀਆਂ ਸਮਸਿਆਵਾਂ ਸਾਫ਼ ਹੋ ਆਈਆਂ ਹਨ. ਹਰੇ ਕਾਬਲ ਆਦਮੀ ਰੁਜ਼ਗਾਰ ਉ ਲਾਉਣਾ ਹੈ. ਮੁਲਕ ਦੀ ਵਿਦਅਕ ਅਤੇ ਸਿਖਲਾਈ ਹਰੇਕ ਤਕ ਪੁਜਦੀ ਕਿਵੇਂ ਕਰਨੀ ਹੈ. ਹਰੇਕ ਨੂੰ ਰੁਜ਼ਗਾਰ ਮਿਲਣਾ ਚਾਹੀਦਾ ਹੈ, ਹਰੇਕ ਦੀ ਵਾਜਬ ਤਨਖ਼ਾਹ ਹੋਣੀ ਚਾਹੀਦੀ ਹੈ. ਅਸੀਂ ਇਹ ਵੀ ਦੇਖਣਾ ਹੈ ਅਜ ਦਾ ਜੀਵਨ ਕੈਸਾ ਬਣ ਲਆਇਆ ਹੈ ਤਾਂ ਕੀ ਹਰੇਕ ਟਬਰ ਪਾਸ ਹਰ ਮਹੀਨੇ ਵਾਜਬ ਜਿਹੀ ਰਕਮ ਆ ਜਾਣੀ ਚਾਹੀਦੀ ਹੇ ਅਤੇ ਇਹ ਪ੍ਰਬੰਧ ਕਿਵੇਂ ਕਰਨੇ ਹਨ. ਹਲਾਂ ਤਕ ਅਸਾਂ ਨੇ ਇਹ ਵਾਜਬ ਆਮਦਨ ਦਾ ਅੰਦਾਜ਼ਾ ਹੀ ਨਹੀਂ ਲਗਾ ਪਾਏ ਹਾਂ ਅਤੇ ਇਹ ਵੀ ਪਿਆ ਲਗਦਾ ਹੈ ਕਿ ਇਸ ਲਈ ਵੀ ਸਾਨੂੰ ਕੋਈ ਕਮਿਸ਼ਨ ਬਿਠਾਉਣਾ ਪਵੇਗਾ. ਜਦ ਤਕ ਹੋਰ ਕੰਮ ਨਹੀਂ ਵਧਦਦਾ ਅਜ ਲਾ ਕੰਮ ਹੀ ਸਾਰੇ ਬੇਰੁਜ਼ਗਾਰਾ ਵਿੱਚ ਵੰਡਣਾ ਵੀ ਪੈ ਸਕਦਾ ਹੈ ਇਹ ਇਤਲੀਆਂ ਗਲਾਂ ਹਨ ਅਤੇ ਪਿਛਲੀਆਂ ਸਰਕਾਰਾਂ ਨੇ ਇਸ ਪਾਸੇ ਧਿਆਨ ਹੀ ਦਿਤਾ ਨਹੀਂ ਲਗਦਾ ਹੈ. ਹੇਰਾਨੀ ਦੀ ਗਲ ਵੀ ਹੈ ਅਤੇ ਦੁਖਦਾਹੀ ਵੀ ਹੈ ਕਿ ਹਾਲਾਂ ਕੋਈ ਵੀ ਰਾਜਸੀ ਪਾਰਟੀ ਇਹ ਗ਼ਰੀਬੁਾਂ ਦਾ ਮਸਲਾ ਲੈਕੇ ਮੈਦਾਨਵਿੱਚ ਨਹੀਂ ਆਈ ਹੈ. ਇਹ ਵੀ ਸਾਫ਼ ਪਿਆ ਲਗਦਾ ਹੈ ਕਿ ਰਾਜਸੀ ਲੋਕਾਂ ਇਹ ਗ਼ਰੀਬਾਂ ਦੀ ਗਿਣਤੀਘਟਾਉਣ ਦਾ ਕਦੀ ਕੋਈ ਯਤਨ ਹੀ ਨਹੀਂਕੀਤਾ ਹੈ ਕਿਉਂਕਿ ਇਹ ਗਿਣਤੀ ਇਕ ਤਰ੍ਹਾਂ ਦਾ ਵੋਟ ਬੈਂਕ ਬਣ ਗਏ ਹਨ. ਇਹ ਸਾਰੀਆਂ ਗਲਾਂ ਮੰਦਭਾਗੀਆਂ ਹਨ.

# ਮਰਨ ਵਾਲੀ ਨੂੰ ਹੀ ਦੋਸ਼ੀ ਠਹਿਰਾਉਣ ਦੀ ਕੋਸ਼ਿਸ਼ ਕਰਨ ਵਾਲੇ ਹਾਸ਼ਿਮ ਨੂੰ ਛੇ ਸਾਲ ਦੀ ਸਜ਼ਾ ਮਿਲੀ

ਵਿਨੀਪੈਗ ( ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਬਰਤਾਨੀਆ ਵਿੱਚ ਤੇਜ਼ ਰਫ਼ਤਾਰ ਕਾਰ ਨਾਲ ਹੋਏ ਹਾਦਸੇ ’ਚ ਭਾਰਤੀ ਮੂਲ ਦੀ ਮਹਿਲਾ ਦੀ ਮੌਤ ਦੇ ਹੋ ਗਈ ਸੀ ਅਤੇ ਹੁਣ ਇਸ ਮਾਮਲੇ ’ਚ 23 ਸਾਲਾ ਵਿਅਕਤੀ ਨੂੰ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਮੁਲਜ਼ਮ ਆਪਣੇ ਚਚੇਰੇ ਭਰਾਵਾਂ ਨੂੰ ਪ੍ਰਭਾਵਿਤ ਕਰਨ ਲਈ ਤੇਜ਼ ਰਫ਼ਤਾਰ ਨਾਲ ਗੱਡੀ ਚਲਾ ਰਿਹਾ ਸੀ। ਰਿਪੋਰਟ ਅਨੁਸਾਰ ਵੁਲਵਰਹੈਂਪਟਨ ਕਰਾਊਨ ਕੋਰਟ ਨੇ ਪਿਛਲੇ ਸਾਲ ਨਵੰਬਰ ਮਹੀਨੇ 32 ਸਾਲਾ ਬਲਜਿੰਦਰ ਕੌਰ ਮੂਰ ਦੀ ਜਾਨ ਲੈਣ ਦੇ ਦੋਸ਼ ਹੇਠ ਅੱਜ ਹਾਸ਼ਿਮ ਅਜ਼ੀਜ਼ ਨੂੰ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਉਸ ’ਤੇ ਸੱਤ ਸਾਲ ਲਈ ਗੱਡੀ ਚਲਾਉਣ ’ਤੇ ਵੀ ਪਾਬੰਦੀ ਲਗਾਈ ਗਈ ਹੈ। ਵਰਨਣਯੋਗ ਹੈ ਕਿ ਅਜ਼ੀਜ਼ ਨੇ ਪਹਿਲਾਂ ਬਲਜਿੰਦਰ ਕੌਰ ਮੂਰ ਨੂੰ ਹਾਦਸੇ ਲਈ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਬਾਅਦ ਵਿੱਚ ਉਸ ਨੇ ਲਾਪ੍ਰਵਾਹੀ ਨਾਲ ਗੱਡੀ ਚਲਾਉਣ ਨੂੰ ਮੌਤ ਦਾ ਕਾਰਨ ਸਵੀਕਾਰ ਕਰ ਲਿਆ ਸੀ। ਜਦੋਂ ਇਹ ਹਾਦਸਾ ਵਾਪਰਿਆ ਉਸ ਵਕ਼ਤ ਪੰਜ ਮਹੀਨਿਆਂ ਦੇ ਬੱਚੇ ਦੀ ਮਾਂ ਬਲਜਿੰਦਰ ਕੌਰ ਆਪਣੇ ਪਤੀ ਨੂੰ ਉਸ ਦੇ ਭਰਾ ਘਰੋਂ ਲੈਣ ਜਾ ਰਹੀ ਸੀ। ਮੁਲਜ਼ਮ ਜੋ ਕਿ ਔਡੀ ਏ3 ਤੇ ਸਵਾਰ ਸੀ ਕਾਰ ਨੂੰ ਨਿਰਧਾਰਤ ਗਤੀ ਸੀਮਾ ਤੋਂ ਤਿੰਨ ਗੁਣਾ ਤੇਜ਼ ਰਫਤਾਰ ਨਾਲ ਚਲਾ ਰਿਹਾ ਸੀ ਅਤੇ ਜਦੋਂ ਬਲਜਿੰਦਰ ਕੌਰ ਟਰੈਫਿਕ ਲਾਈਟਾਂ ’ਤੇ ਮੁੜਨ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਅਜ਼ੀਜ਼ ਦੀ ਤੇਜ਼ ਰਫ਼ਤਾਰ ਗੱਡੀ ਨੇ ਉਸ ਨੂੰ ਟੱਕਰ ਮਾਰ ਦਿੱਤੀ।

# ਯਾਦ ਸੱਜਣਾਂ ਦੀ ਆਈ

ਪੰਜਾਬੀ ਲੋਕ ਜੀਵਨ ਦੀ ਰੂਹ ਵਿੱਚੋਂ ਨਿਕਲੇ ਇਹ ਬੋਲ (ਅਖਾਣ) ਕਿੰਨੇ ਡੂੰਘੇ ਤੇ ਰਮਜ਼ਾਂ ਭਰੇ ਹਨ ਕਿ ‘‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ’’ ਪੰਜਾਬ ਦੀ ਭੂਗੋਲਿਕ ਸਥਿਤੀ ਹੀ ਕੁਝ ਇਸ ਤਰ੍ਹਾਂ ਦੀ ਹੈ ਕਿ ਪੁਰਾਤਨ ਸਮੇਂ ਵਿੱਚ ਬਾਹਰਲੇ ਹਮਲਾਵਰਾਂ ਦਾ ਟਾਕਰਾ ਪੰਜਾਬੀ ਲੋਕਾਂ ਨੂੰ ਹੀ ਕਰਨਾ ਪਿਆ। ਇਸੇ ਲਈ ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਵੀ ਕਹਿੰਦੇ ਰਹੇ ਹਨ। ਜਦੋਂ ਲੋੜ ਪਈ ਤਾਂ ਪੰਜਾਬੀ ਨੌਜਵਾਨ ਦੇਸ਼ ਦੀ ਰੱਖਿਆ ਖ਼ਾਤਰ ਲੜਾਈ ਦੇ ਮੈਦਾਨ ਵੱਲ ਗਏ। ਇੱਥੇ ਜਾ ਕੇ ਪੰਜਾਬੀਆਂ ਨੇ ਬੜੀ ਹੀ ਬਹਾਦਰੀ ਵਾਲੇ ਕਾਰਨਾਮੇ ਕੀਤੇ।



ਜੰਗ ਦੇ ਮੈਦਾਨ ਵਿੱਚ ਗਏ ਨੌਜਵਾਨ ਕਈ ਵਾਰ ਲੰਮਾ ਸਮਾਂ ਘਰ ਨਾਂ ਮੁੜਦੇ ਜਾਂ ਘਰ ਮੁੜਨ ਦੀ ਆਸ ਹੀ ਨਾਂ ਰਹਿੰਦੀ ਤਾਂ ਘਰ ਪਰਿਵਾਰ ਖ਼ਾਸ ਕਰ ਕੇ ਪਤਨੀਆਂ ਲਈ ਇਹ ਸਮਾਂ ਬੜਾ ਹੀ ਦੁਖਦਾਈ ਹੁੰਦਾ, ਕਿਉਂਕਿ ਇਸ ਸਮੇਂ ਡਰ ਭਰਿਆ ਲੰਮੇ ਵਿਛੋੜੇ ਦਾ ਅਹਿਸਾਸ ਜਾਂ ਸੁਹਾਗ ਦੇ ਉਜੜਨ ਦਾ ਡਰ ਛੁਪਿਆ ਹੁੰਦਾ ਸੀ।

ਜਦ ਕਦੇ ਦੇਸ਼ ਦੀ ਦੁਰਦਸ਼ਾ ਵੇਖ ਕੇ ਅਣਖਾਂ ਵਾਲੇ ਜੁਆਨ ਦੇਸ਼ ਸੇਵਾ ਲਈ ਘਰੋਂ ਤੁਰਨ ਲਗਦੇ ਤਾਂ ਵਿਛੋੜੇ ਦੀ ਪੀੜ ਨੂੰ ਜੀਭਾਂ ਲੱਗ ਜਾਂਦੀਆਂ ਸਨ ਜਿਨ੍ਹਾਂ ਨੇ ਅਨੇਕਾਂ ਬੋਲੀਆਂ ਤੇ ਲੋਕ ਗੀਤਾਂ ਨੂੰ ਜਨਮ ਦਿੱਤਾ ਹੈ। ਪੁਰਾਣੇ ਗੀਤਾਂ ਵਿੱਚ ਬਹੁਤੇ ਥਾਵਾਂ ’ਤੇ ਅਜਿਹਾ ਜ਼ਿਕਰ ਮਿਲਦਾ ਹੈ ਕਿ ਇੱਕ ਪੰਜਾਬਣ ਆਪਣੇ ਪਤੀ ਨੂੰ ਵੰਗਾਰਦੀ ਹੋਈ ਜੰਗ ਵਿੱਚ ਜਾਣ ਤੋਂ ਰੋਕਦੀ ਹੈ।

“ਨਾਂ ਜਾਹ ਬਸਰੇ ਨੂੰ,<br>
ਲੇਖ ਜਾਣ ਗੇ ਨਾਲੇ “(ਲੋਕ ਗੀਤ)

ਵਿਛੋੜੇ ਦਾ ਦੂਜਾ ਰੂਪ ਪ੍ਰਦੇਸ ਗਮਨ ਹੈ। ਜਿਵੇਂ-ਜਿਵੇਂ ਸਾਂਝੇ ਪਰਿਵਾਰ ਟੁੱਟਣੇ ਸ਼ੁਰੂ ਹੋਏ ਸਿੱਟੇ ਵਜੋਂ ਜ਼ਮੀਨਾਂ, ਜਾਇਦਾਦਾਂ ਵੀ ਘਟਣ ਲੱਗੀਆਂ ਅਤੇ ਆਰਥਿਕ ਲੋੜਾਂ ਦੀ ਪੂਰਤੀ ਲਈ ਪ੍ਰਦੇਸ ਗਮਨ ਵੀ ਸ਼ੁਰੂ ਹੋ ਗਿਆ ਜੋ ਕਿ ਲਗਾਤਾਰ ਜਾਰੀ ਹੈ। ਪ੍ਰਦੇਸਾਂ ਦੀ ਚਕਾਚੌਂਧ ਨੇ ਵੀ ‘ ਦੇਸੀ ਦੀ ਥਾਂ ਵਿਦੇਸ਼ੀ ‘ ਦਾ ਸੰਕਲਪ ਸਾਡੇ ਅੰਦਰ ਕੁੱਟ-ਕੁੱਟ ਕੇ ਭਰ ਦਿੱਤਾ। ਇਸੇ ਵਰਤਾਰੇ ਅਧੀਨ ਪੰਜਾਬੀ ਲੋਕ ਖਾਸ ਕਰ ਨੌਜਵਾਨ ਲੜਕੇ-ਲੜਕੀਆਂ ਆਪਣੇ ਘਰ-ਪਰਿਵਾਰ ਦੇ ਸੁੱਖਾਂ ਨੂੰ ਛੱਡ ਕੇ ਪੈਸੇ ਕਮਾਉਣ ਤੇ ਵਿਦੇਸ਼ ਵਸ ਕੇ ਵਧੀਆ ਭਵਿੱਖ ਖ਼ਾਤਰ ਪ੍ਰਦੇਸ ਜਾਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਕਮਾਈ ਕਰਨ ਗਏ ਨੌਜਵਾਨਾਂ ਪਿੱਛੇ ਜਿੱਥੇ ਘਰ ਪਰਿਵਾਰ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਔਰਤਾਂ ‘ਤੇ ਆ ਪਈ, ਉੱਥੇ ਪਤੀ ਦਾ ਵਿਛੋੜਾ ਵੀ ਅਸਹਿ ਹੋ ਗਿਆ। ਅਜਿਹੀ ਔਰਤ ਦੀ ਬਿਹਬਲਤਾ ਵੀ ਕਿਸੇ ਤਰ੍ਹਾਂ ਜੰਗ ਵਿੱਚ ਗਏ ਫ਼ੌਜੀ ਦੀ ਪਤਨੀ ਤੋਂ ਘੱਟ ਨਹੀਂ ਹੁੰਦੀ। ਅਜਿਹੀ ਮਨੋ-ਵੇਦਨਾਂ ਨੂੰ ਔਰਤ ਮਨ ਦੀ ਤ੍ਰਾਸਦੀ ਵਜੋਂ ਵੀ ਚਿਤਰਿਆ ਹੋਇਆ ਮਿਲਦਾ ਹੈ।

ਵਿਛੋੜੇ ਦੀ ਇਸ ਅਵਸਥਾ ਨੂੰ ਬਿਆਨ ਕਰਦੇ ਕਈ ‘ ਲੋਕ ਗੀਤ ਤੇ ਲੋਕ-ਬੋਲੀਆਂ ‘ ਲੋਕ ਮਨਾਂ ਵਿੱਚੋਂ ਉਪਜੇ।

ਕਈ ਵਾਰ ਪਤਨੀ ਆਪਣੇ ਜਜ਼ਬਾਤਾਂ ਨੂੰ ਕਾਬੂ ‘ਚ ਨਾਂ ਰੱਖ ਸਕਦੀ ਤਾਂ ਮਨ ਹਲਕਾ ਕਰਨ ਲਈ ਚੋਰੀ ਛਿਪੇ ਰੋਂਦੀ ਹੈ, ਜਿਵੇਂ ਲੋਕ ਬੋਲੀ ਵਿੱਚ ਮਿਲਦਾ ਹੈ:

“ ਯਾਦ ਆਈ ਸੱਜਣਾਂ ਦੀ,<br>
ਚੁੱਲ੍ਹੇ ਬੈਠ ਕੇ,<br>
ਧੂੰਏਂ ਦੇ ਪੱਜ ਰੋਵਾਂ।" (ਲੋਕ ਬੋਲੀ)

ਵਿਯੋਗ ਦੀ ਮਾਰੀ ਮੁਟਿਆਰ ਨੂੰ ਜਦੋਂ ਕਦੇ ਕਿਸੇ ਮੌਕੇ ਨੱਚਣ ਜਾਂ ਗੀਤ ਗਾਉਣ ਦਾ ਮੌਕਾ ਮਿਲਦਾ ਹੈ ਤਾਂ ਅੰਦਰ ਦੱਬੀਆਂ ਹੋਈਆਂ ਸੱਧਰਾਂ ਨੂੰ ਗੀਤ ਜਾਂ ਬੋਲੀ ਰਾਹੀਂ ਆਪਣਾ ਦੁੱਖੜਾ ਬਿਆਨ ਕਰਦੀਆਂ ਹਨ। ਬਹੁਤ ਸਾਰੀਆਂ ਲੋਕ ਬੋਲੀਆਂ ਤੇ ਗੀਤ ਇਸ ਦੀ ਹਾਮੀ ਭਰਦੇ ਹਨ, ਜਿੱਥੇ ਨੂੰਹ ਆਪਣੀ ਸੱਸ ਨੂੰ, ਆਪਣੇ ਲਾਡਲੇ ਨੂੰ ਲਾਮ ‘ਤੇ ਜਾਣ ਤੋਂ ਰੋਕਣ ਲਈ ਕਹਿੰਦੀ ਹੈ, ਜਿਵੇਂ:

“ਸੱਸੇ ਵੇਖ ਨੀਂ ਜਵਾਨੀ ਮੇਰੀ,<br>
ਮੋੜ ਪੁੱਤ ਆਪਣੇ ਨੂੰ।" (ਲੋਕ ਬੋਲੀ)

ਜਦ ਪਰਦੇਸੀ/ਫ਼ੌਜੀ ਘਰ ਪਰਤਦਾ ਹੈ ਤਾਂ ਉਸ ਦੁਆਰਾ ਕੀਤੀ ਕਮਾਈ ਨਾਲ ਮਿਲਣ ਵਾਲੀਆਂ ਸੁੱਖ-ਸਹੂਲਤਾਂ ਕਾਰਨ ਵਿਛੋੜੇ ਦੀ ਚੀਸ ਕੁਝ ਮੱਠੀ ਪੈ ਜਾਂਦੀ ਹੈ। ਇਸ ਲਈ ਸੌਖੀ ਜ਼ਿੰਦਗੀ ਤੇ ਸਨਮਾਨ ਨੂੰ ਦੇਖ ਕੇ ਕਈ ਵਾਰ ਪਤਨੀ ਆਪਣੇ ਪਤੀ ਦੀ ਵਧੀਕੀ ਵੀ ਬਰਦਾਸ਼ਤ ਕਰ ਲੈਂਦੀ ਹੈ, ਜਿਵੇਂ ਲੋਕ ਬੋਲੀ ਦੱਸਦੀ ਹੈ:

“ਵੱਸਣਾ ਫ਼ੌਜੀ ਦੇ ਭਾਵੇਂ ,<br>
ਬੂਟ ਸਣੇ ਲੱਤ ਮਾਰੇ।"(ਲੋਕ ਬੋਲੀ)

ਫ਼ੌਜ ਵਿੱਚ ਭਰਤੀ ਹੋਣ ਦਾ ਜ਼ਿਆਦਾ ਸਮਾਂ ਅਤੇ ਰੁਝਾਨ ਅੰਗਰੇਜ਼ਾਂ ਦੇ ਰਾਜ ਵੇਲੇ ਦਾ ਹੀ ਮਿਲਦਾ ਹੈ। ਇਸੇ ਕਾਰਨ ਕਈ ਥਾਈਂ ਔਰਤ ਦੇ ਅੰਤਰੀਵ ਮਨ ਵਿੱਚ ਕਿਤੇ ਨਾਂ ਕਿਤੇ ਅੰਗਰੇਜ਼ਾਂ ਪ੍ਰਤੀ ਨਾਰਾਜ਼ਗੀ ਰਹੀ ਹੈ:

“ਸੁਣ ਵੇ ਫਿਰੰਗੀਆ ਸੱਧਰਾਂ ਮੇਰੀਆਂ,<br>
ਮੈਂ ਤੈਨੂੰ ਆਖ ਸੁਣਾਵਾਂ।<br>
ਦੇ-ਦੇ ਛੁੱਟੀ ਮੇਰੇ ਢੋਲ ਸਿਪਾਹੀ ਨੂੰ<br>
ਧਾਹ ਗਲਵੱਕੜੀ ਪਾਵਾਂ।<br>
ਫਿਰੰਗੀਆਂ ਤਰਸ ਕਰੀਂ,<br>
ਤੇਰਾ ਜਸ ਗਿੱਧਿਆਂ ਵਿੱਚ ਗਾਵਾਂ।"<br>
(ਲੋਕ ਬੋਲੀ)

**- ਗੁਰਜੀਤ ਸਿੰਘ ਟਹਿਣਾ**









# ਅੱਗ ਲਾਕੇ ਫੂਕ ਦੂੰ ਲੰਡਨ ਸ਼ਹਿਰ ਨੂੰ

ਨੀ ਪੁੱਤ ਜੱਟਾਂ ਦਾ ਹਲ ਵਾਹੁੰਦਾ, ਵੱਡੇ ਤੜਕੇ ਦਾ
ਤੇਰੀ ਅੱਖਾਂ ਮੂਹਰੇ ਦਿਸਦੀ ਸੂਰਤ ਪਿਆਰੀ
ਚਿੱਤ ਨਾ ਲਗਦਾ ਤੇਰੇ ਬਾਝੋਂ ਮੇਰੇ ਹਾਣ ਦੀਏ
ਮੈਨੂੰ ਸੁੰਨੀ ਸੁੰਨੀ ਲਗਦੀ ਦੁਨੀਆਂ ਸਾਰੀ
ਚੱਲ ਸੱਥ ਵਿੱਚ ਚੱਲ ਵਿਖਾਵਾਂ
ਨੀ ਤੇਰਾ ਵੱਢਿਆ ਯਾਰ ਪਿਆ
ਅੰਬ ਦਾ ਬੂਟਾ ਰਹਿੰਦਾ ਮਸਤ ਸਦਾ ਵਿੱਚ ਕੇਲਿਆਂ ਦੇ
ਗੱਭਰੂ ਮਸਤ ਰਹੇ ਵਿੱਚ ਹਾਣ ਦੀਆਂ ਮੁਟਿਆਰਾਂ
ਨਿੱਤਰੀ ਸ਼ਰਾਬ ਵਰਗਾ
ਕੋਈ ਪੀਜੂਨੀ ਨੀ ਗੁਲਾਬੀ ਰੰਗ ਤੇਰਾ
ਧੁੱਪੇ ਨਾ ਸੁਕਾਈਂ ਜ਼ੁਲਫ਼ਾਂ
ਹੋਜੂ ਦਿਨੇ ਮੱਸਿਆ ਦਾ ਨ੍ਹੇਰਾ
ਅੱਖਾਂ 'ਚ ਨਜਾਇਜ਼ ਵਿਕਦੀ, ਛਾਪਾ ਮਾਰ ਲੋ ਪੁਲਸੀਓ ਜਾਕੇ
ਪੀਣ ਵਾਲੇ ਲੱਖ ਬੋਤਲਾਂ, ਬਿਨ ਪੀਤੀਓਂ ਡਿੱਗਣ ਗਸ਼ ਖਾ ਕੇ
ਵੈਰੀ ਨੂੰ ਊਧਮ ਸਿੰਘ ਫਿਰੇ ਲੱਭਦਾ
ਗੱਭਰੂ ਸੀ ਗੁੱਸੇ ਵਿੱਚ ਦੰਦ ਚੱਬਦਾ
ਕਹਿੰਦਾ ਭੱਜਿਆ ਨੀ ਜਾਣ ਦਿੰਦਾ ਅੱਜ ਡਾਇਰ ਨੂੰ
ਅੱਗ ਲਾਕੇ ਫੂਕ ਦੂੰ ਲੰਡਨ ਸ਼ਹਿਰ ਨੂੰ



ਮੇਰਾ ਖਿਆਲ ਕਿ ਐਨੇ ਕੁ ਗੀਤਾਂ ਦੇ ਮੁੱਖੜੇ ਤਾਂ ਪੰਜਾਬੀਆਂ ਲਈ ਬਹੁਤ ਨੇ, ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਇਹਨਾਂ ਗੀਤਾਂ ਸਮੇਤ ਹੋਰ ਕਈ ਗੀਤ ਹਰ ਪੰਜਾਬੀ ਨੇ ਸੁਣੇ ਮਾਣੇ ਹੰਢਾਏ ਐ, ਮੈਂ ਗੱਲ ਕਰ ਰਿਹਾ ਹਾਂ ਇਹਨਾਂ ਗੀਤਾਂ ਦੇ ਗੀਤਕਾਰ 'ਗੁਰਮੁਖ ਸਿੰਘ ਗਿੱਲ' ਦੀ

ਕੁਲਦੀਪ ਮਾਣਕ ਤੋਂ ਇਲਾਵਾ ਮੁਹੰਮਦ ਸਦੀਕ ਰਣਜੀਤ ਕੌਰ ਦੀ ਆਵਾਜ਼ ਵਿੱਚ

'' ਜੱਟੀ ਚਿੱਤਲੇ ਕਬੂਤਰ ਵਰਗੀ ਦੇ
ਜਿੰਦ ਯਾਰ ਦੇ ਹਵਾਲੇ ਕਰਗੀ ਵੇ
ਜੱਟਾ ਭੂਰੀਆਂ ਮੁੱਛਾਂ ਨੂੰ ਵੱਟ ਦੇਣ ਵਾਲਿਆਂ
ਤੇਰੇ ਰੂਪ ਤੇ ਸ਼ੌਕੀਨ ਜੱਟੀ ਮਰਗੀ ਵੇ
ਤੈਨੂੰ ਵੇਖ ਕੇ ਕਲੋਲਾਂ ਕਰਦੀ ਨੂੰ
ਨਸ਼ਾ ਹੋ ਗਿਆ ਦਿਲਾਂ ਦੇ ਦਰਦੀ ਨੂੰ
ਅੱਖਾਂ ਬਿੱਲੀਆਂ ਤੇ ਕੱਜਲੇ ਦੀ ਧਾਰ ਵਾਲੀਏ
ਜਿੰਦ ਵੇਚ ਕੇ ਬਚਾ ਲਾਂ ਤੈਨੂੰ ਮਰਦੀ ਨੂੰ

ਕੁਲਦੀਪ ਮਾਣਕ, ਮੁਹੰਮਦ ਸਦੀਕ ਰਣਜੀਤ ਕੌਰ, ਨਰਿੰਦਰ ਬੀਬਾ,ਕਰਨੈਲ ਗਿੱਲ, ਅਨੀਤਾਸਮਾਣਾ, ਨਜ਼ੀਰ ਮੁਹੰਮਦ, ਸੁਰਿੰਦਰ ਸੋਨੀਆ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ 'ਗੁਰਮੁਖ ਸਿੰਘ ਗਿੱਲ' ਦੇ ਲਿਖੇ ਗੀਤ ਪੰਜਾਬੀਆਂ ਦੇ ਦਿਲਾਂ ਵਿੱਚ ਵਸੇ ਹੋਏ ਹਨ

ਗੁਰਮੁੱਖ ਗਿੱਲ ਦਾ ਸਭ ਤੋਂ ਪਹਿਲਾ ਗੀਤ ਸਤਿੰਦਰ ਬੀਬਾ ਤੇ ਅਮੀਰ ਸਿੰਘ ਰਾਣਾ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਜਿਸਦੇ ਬੋਲ ਸਨ

ਗੁੱਤ ਮੇਰੀ ਨਾਗ ਦਾ ਬੱਚਾ
ਕਿਹੜਾ ਕੀਲ ਕੇ ਪਟਾਰੀ ਵਿੱਚ ਪਾਲੂ ਮੁੰਡਿਆ

ਗੁਰਮੁੱਖ ਦਾ ਜਨਮ 12 ਦਿਸੰਬਰ1952 ਨੂੰ ਪਿਤਾ ਸ੍ਰ ਇੰਦਰ ਸਿੰਘ ਗਿੱਲ ਦੇ ਘਰ ਮਾਤਾ ਹਰਦਿਆਲ ਕੌਰ ਦੀ ਕੁੱਖੋਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਜਬੋਮਾਜਰਾ ਵਿਚ ਹੋਇਆ

ਗੁਰਮੁੱਖ ਨੇ ਅੱਠਵੀਂ ਪਿੰਡ ਦੇ ਸਕੂਲ ਤੋਂ ਦਸਵੀਂ ਭੁਰਥਲਾ ਮੰਡੇਰ ਤੋਂ ਤੇ ਬੀ ਏ ਸਰਕਾਰੀ ਕਾਲਿਜ ਮਲੇਰਕੋਟਲਾ ਤੋਂ 1974 ਵਿੱਚ ਕੀਤੀ, ਗੀਤ ਝਰੀਟਣ ਦਾ ਸ਼ੌਕ ਤਾਂ ਉਸਨੂੰ ਪਿੰਡ ਦੇ ਬਨੇਰਿਆਂ ਤੇ ਵਜਦੇ ਸਪੀਕਰਾਂ ਵਾਲੇ ਗਾਣੇ ਸੁਣ ਕੇ ਪੈ ਗਿਆ ਸੀ। ਮਲੇਰਕੋਟਲੇ ਪੜ੍ਹਦੇ ਸਮੇਂ ਉਹ ਗੀਤਕਾਰ ਗੁਰਦੇਵ ਸਿੰਘ ਮਾਨ ਦੇ ਲੜ ਜਾ ਲੱਗਾ, ਮਾਨ ਦਾ ਪਿੰਡ ਭੂਮਸੀ ਬਿਲਕੁਲ ਲਾਗੇ ਹੀ ਸੀ। ਮਾਨ ਦੀ ਸ਼ਗਿਰਦੀ ਕਰਕੇ ਗੁਰਮੁਖ ਸਿੰਘ ਗਿੱਲ ਤੋਂ ਉਹ "ਗਿੱਲ ਜਬੋਮਾਜਰੇ ਵਾਲਾ" ਬਣ ਗਿਆ

ਮੇਰੇ ਨਾਲ ਉਸਦੀ ਨੇੜਤਾ ਉਦੋਂ ਵਧੀ ਜਦੋਂ ਮਾਨਸਾ ਦੇ ਲਾਗੇ ਹੀਰੋਂ ਵਿਚ ਉਸਨੇ ਜ਼ਮੀਨ ਲੈ ਲਈ, ਮਾੜੀ ਕਿਸਮਤ ਨੂੰ ਉਹ ਜ਼ਮੀਨ ਝਗੜੇ ਵਾਲੀ, ਕਈ ਸਾਲ ਉਹ ਹੀਰੋਂ ਹੀ ਰਿਹਾ ਬੁੱਲੇਟਮੋਟਰਸਾਈਕਲ ਤੇ ਮਾਨਸਾ ਆਉਂਦਾ ਮੈਨੂੰ ਮਿਲ ਕੇ ਹੀ ਜਾਂਦਾ ਉਹਦੇ ਨਾਲ ਉਹਦਾ ਭਤੀਜਾ ਲਾਡੀ ਪਹਿਲਵਾਨ ਹੁੰਦਾ

ਆਖਿਰ ਹਾਰ ਹੰਭ ਕੇ ਗਿੱਲ ਆਪਣੇ ਪਿੰਡ ਜਬੋਮਾਜਰੇ ਵਾਪਿਸ ਚਲਾ ਗਿਆ ।ਸਿਰਫ 55 ਵਰ੍ਹਿਆਂ ਦੀ ਉਮਰ ਵਿੱਚ 19 ਜਨਵਰੀ 2008 ਨੂੰ ਗਿੱਲ ਜਬੋਮਾਜਰੇ ਵਾਲਾ ਇਸ ਜਹਾਨ ਨੂੰ ਅਲਵਿਦਾ ਆਖ ਗਿਆ ਪਰ ਉਸਦੇ ਗੀਤ ਪੰਜਾਬ ਦੀਆਂ ਪੌਣਾਂ ਵਿੱਚ ਖ਼ੁਸ਼ਬੂਬਣਕੇ ਘੁਲੇ ਰਹਿਣਗੇ




## ਪੁਲਿਸ ਵਾਲੇ ਵੱਲੋਂ ਉਡਾਇਆ ਜਾ ਰਿਹਾ ਜਸਟਿਨ ਟਰੂਡੋ ਦਾ ਮਜ਼ਾਕ ਜਾਂਚ ਦੇ ਘੇਰੇ ਵਿੱਚ ਆਇਆ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਜਦੋਂ ਵੀ ਕੋਈ ਵਿਅਕਤੀ ਕਿਸੇ ਡਸਿਪਲਨਡ ਫੋਰਸ ਵਿੱਚ ਨੌਕਰੀ ਸ਼ੁਰੂ ਕਰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਰਕਾਰ ਦੁਆਰਾ ਨਿਰਧਾਰਤ ਨਿਯਮਾਂ ਦੀ ਪਾਲਣਾ ਕਰੇ ਪਰ ਕੈਨੇਡਾ ਵਿੱਚ ਇੱਕ ਪੁਲਿਸ ਵਾਲੇ ਵੱਲੋਂ ਨਾ ਸਿਰਫ ਇਸ ਨਿਯਮ ਦੀ ਉਲੰਘਣਾ ਕੀਤੀ ਗਈ, ਸਗੋਂ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਮਜ਼ਾਕ ਉਡਾਉਣ ਵਾਲੀ ਇੱਕ ਵੈਬਸਾਈਟ ਵੀ ਚਲਾਈ ਗਈ ।ਇਸ ਵੈੱਬ ਸਾਈਟ ਉੱਪਰ ਵੱਖ ਵੱਖ ਮੁੱਦਿਆਂ ਤੇ ਪ੍ਰਧਾਨ ਮੰਤਰੀ ਉੱਪਰ ਵਿਅੰਗ ਕੀਤੇ ਜਾਂਦੇ ਹਨ ਹੁਣ ਇਸ ਵੈਬ ਸਾਈਟ ਅਤੇ ਪੁਲਿਸ ਅਧਿਕਾਰੀ ਦੀ ਜਾਂਚ ਸ਼ੁਰੂ ਹੋ ਗਈ ਹੈ।

# ਵੱਲ ਵਿਦੇਸ਼ ਦੇ ਜਾਂਦਿਓ ਜ਼ਰਾ ਦੱਸ ਕੇ ਜਾਣਾ?




ਰੋਜਗਾਰ,ਕਮਾਈ,ਭੈਅ ਮੁਕਤ ਤੇ ਅਨੁਸ਼ਾਸਨ ਮਈ ਜੀਵਨ ਜਿਉਂਣ ਦੀ ਉਮੀਦ ਤੇ ਹੋਰ ਕਿੰਨੀਆਂ ਹੀ ਕਲਪਨਾਵਾਂ ਕਰਕੇ ਵਿਦੇਸ਼ਾਂ ਵੱਲ ਜਾ ਰਹੇ ਮੇਰੇ ਹਰ ਪੰਜਾਬੀ ਰਿਸ਼ਤੇ ਨਾਤੇ ਵਾਲੇ ਭੈਣੋਭਰਾਵੋ ਇੱਕ ਗੱਲ ਜਰੂਰ ਦੱਸ ਕੇ ਜਾਇਓ ਕਿ ਅਸੀਂ ਤੁਹਾਡੀ ਘਾਟ ਤੇ ਵਿਛੋੜੇ ਨੂੰ ਕਿਵੇਂ ਕਰਕੇ ਲਈਏ? ਕੀ ਤੁਹਾਡੇ ਮੁੜ ਆਉਂਣ ਦੀ ਉਡੀਕ ਕਰੀਏ ਜਾਂ ਫਿਰ ਤੁਹਾਡੀ ਸੁਖਦ ਵਤਨ ਵਾਪਸੀ ਦਾ ਵਰਕਾ ਪਾੜ ਕੇ ਨਵੇਂ ਕਾਰਜ ਉਲੀਕੀਏ?

ਜੇ ਤੁਸੀਂ ਪਰਤੋਂਗੇ ਤਾਂ ਕਦੋਂ ਤੇ ਕਿਸ ਇਰਾਦੇ ਨਾਲ?

ਜੇ ਪੱਕੇ ਤੌਰ 'ਤੇ ਜਲਦ ਵਾਪਸ ਆਉਂਣ ਦਾ ਕੋਈ ਇਰਾਦਾ ਨਹੀਂ ਤਾਂ ਇਕਲੌਤੇ ਬੱਚਿਆਂ ਵਾਲੇ ਪਰਿਵਾਰਾਂ ਦੇ ਪਿੱਛੇ ਰਹਿ ਜਾਂਦੇ ਮਾਪਿਆਂ ਦੀਆਂ ਪ੍ਰੇਸ਼ਾਨੀਆ ਤੇ ਇਕੱਲਤਾ ਦਾ ਕੀ ਹੱਲ ਕਰੀਏ?

ਵਿਦੇਸ਼ ਗਏ ਨੌਜਵਾਨ ਧੀਆਂ ਪੁੱਤਾਂ ਦੀ ਸੁੱਖ ਸਾਂਦ ਦੇ ਫਿਕਰਾਂ 'ਚ ਝੂਰ ਝੂਰ ਦਿਨੋਂ ਦਿਨ ਬੁੱਢੇ ਹੋ ਰਹੇ ਦਾਦੇ ਦਾਦੀਆਂ, ਮਾਂ ਬਾਪ ਤੇ ਹੋਰ ਨੇੜਲੇ ਲੋਕਾਂ ਨੂੰ ਕਿਹੜਾ ਦਿਲਾਸਾ ਦੇਈਏ?

ਸ਼ਾਇਦ ਧੀਆਂ ਪੁੱਤਾਂ ਦੀ ਥਾਂ ਆਪਣੀਆਂ ਬੁੱਕਲ਼ਾਂ 'ਚ ਢੇਰਾਂ ਦਰਦ ਲੁਕੋਈਂ ਬੈਠੀਆਂ ਤੁਹਾਡੀਆਂ ਮਾਂਵਾਂ ਨੇ ਤੁਹਾਡੇ ਸਾਹਮਣੇ ਕਦੇ ਉਦਰੇਵਾਂ ਨਾ ਕੀਤਾ ਹੋਵੇ ਪਰ ਨੀਂਦ ਤੇ ਮਾਨਸਿਕ ਪਰੇਸ਼ਾਨੀ ਦੀਆਂ ਹਰੀਆਂ ਪੀਲ਼ੀਆਂ ਜਿਹੜੀਆਂ ਗੋਲ਼ੀਆਂ ਉਹ ਖਾਣ ਲੱਗ ਪਈਆਂ ਹਨ ਉਹ ਕੋਈ ਡਾਕਟਰ ਜਾਂ ਦਵਾਈਆਂ ਦੀ ਦੁਕਾਨ ਵਾਲਾ ਹੀ ਦੱਸ ਸਕਦਾ ਹੈ। ਹੁਣ ਇਹ ਵੀ ਦੱਸ ਦਿਓ ਕਿ ਜਿੰਨਾਂ ਦੇ ਸੁੰਨੇ ਘਰਾਂ ਨੂੰ ਪੱਕੇ ਜੰਦਰੇ ਮਾਰ ਦਿੱਤੇ ਹਨ ਪਿੰਡਾਂ ਦੀਆਂ ਫਿਰਨੀਆਂ ਤੇ ਸੱਥਾਂ 'ਚ ਖੜ੍ਹੀਆਂ ਉਨ੍ਹਾਂ ਕੋਠੀਆਂ ਦਾ ਕੀ ਕਰੀਏ। ਓਏ ਨਿਰਮੋਹਿਓ ਸੁੰਨੇ ਪਏ ਤੁਹਾਡੇ ਘਰਾਂ 'ਚ ਤਾਂ ਹੁਣ ਚੋਗਾ ਨਾ ਮਿਲਣ ਕਰਕੇ ਪੰਛੀ ਵੀ ਗੇੜਾ ਮਾਰਨਾ ਭੁੱਲ ਗਏ ਹਨ।

ਇਹ ਵੀ ਦੱਸਿਓ ਕਿ ਠੇਕੇ 'ਤੇ ਦਿੱਤੀਆਂ ਤੁਹਾਡੀਆਂ ਜ਼ਮੀਨਾਂ ਦੀ ਮਾਲਕੀ ਕਦੋਂ ਤੱਕ ਹੈ? ਕੀ ਤੁਸੀਂ ਆਪਣੇ ਖੇਤਾਂ ਦੀਆਂ ਉਲ਼ਟਾਈਆਂ ਜਾਂ ਰਹੀਆਂ ਵੱਟਾਂ ਦੀ ਮਿਣਤੀ ਕਰਵਾਉਣਆਓਂਗੇ ਕਦੇ ਜਾਂ ਫਿਰ ਤੁਹਾਡੇ ਗੁਆਂਢ ਦੀ ਆਸ ਢਾਹ ਦੇਈਏ। ਮੇਰਾ ਬਾਪੂ ਦੱਸਦਾ ਸੀ ਕਿ ਕਿਵੇਂ ਤੁਹਾਡੇ



ਦਾਦੇ ਪੜਦਾਦਿਆਂ ਨੇ ਖੇਤਾਂ 'ਚੋਂ ਬੂੰਈਆਂ, ਖਿੱਪ, ਕਰੀਰ , ਕੰਡੀ , ਪੋਹਲ਼ੀ ਪੁੱਟੀ ਕੇ ਅਬਾਦ ਕੀਤੇ ਸਨ। ਪਾਣੀ ਦੀਆਂ ਵਾਰੀਆਂ ਲਈ



ਮਿੰਟ ਮਿੰਟ 'ਤੇ ਹੱਕ ਜਤਾਏ ਤੇ ਪਹੀਆਂ ਰਸਤਿਆਂ ਲਈ ਲੰਬੀਆਂ ਲੜਾਈਆਂ ਲੜੀਆਂ ਸਨ ਤੇ ਤੁਸੀਂ ਡਾਲਰਾਂ ਪਿੱਛੇ ਲੱਗ ਪਲਾਂ ਹੀ ਜੱਦੀ ਜਾਇਦਾਦਾਂ ਛੱਡ ਬੇਗਾਨੇ ਹੋ ਗਏ। ਸੱਚ ਇਹ ਵੀ ਦੱਸਿਓ ਕਿ ਹੁਣ ਅਸੀਂ ਵੀ ਪੰਜਾਬ ਦੇ ਪਿੰਡਾਂ ਵੱਲ ਰੁੱਖ ਕਰ ਰਹੇ ਯੂ ਪੀ ਬਿਹਾਰ ਦੇ ਲੋਕਾਂ ਨੂੰ ਵਿਹਲੇ ਪਏ ਮਕਾਨ ਕਿਰਾਏ 'ਤੇ ਦਿੱਤੇ ਜਾਣ ਦੀ ਦੱਸ ਪਾਉਂਣ ਲੱਗ ਪਈਏ ਜਾਂ ਫਿਰ ਪੰਜ ਚਾਰ ਸਾਲ ਉਡੀਕੀਏ? ਗਲਤੀ ਤੇ ਭੁੱਲ ਭੁਲੇਖੇ ਤੁਹਾਡੇ ਦਰਾਂ ਮੂਹਰੇ ਅਲਖਜਗਾਉਂਣ ਵਾਲੇ ਮੰਗਤਿਆਂ ਨੂੰ ਕੀ ਕਿਹਾ ਕਰੀਏ। ਪਰਸੋਂ ਪੋਲੀਓ ਬੂੰਦਾਂ ਵਾਲੀਆਂ ਕੁੜੀਆਂ ਵਾਰੀ ਅਨੁਸਾਰ ਤੁਹਾਡੇ ਤਖ਼ਤੇ 'ਤੇ ਕਾਲੇ ਪੈਨ ਨਾਲ ਇੱਕ ਨੰਬਰ ਲਿਖਦੀਆਂ ਦਿਸੀਆਂ ਸਨ ਉਨ੍ਹਾਂ ਨੂੰ ਰੋਕ ਦੇਈਏ ਬੀ ਭਾਈ ਏਸ ਘਰੇ ਹੁਣ ਪੀਲੀਏ ਬੂੰਦਾਂ ਪੀਣ ਵਾਲੇ ਨਹੀਂ ਰਹਿੰਦੇ ।

ਜੇ ਕਦੇ ਖੁਸਰੇ ਆਏ ਤਾਂ ਉਨ੍ਹਾਂ ਨੂੰ ਕੀ ਕਹੀਏ?

ਮੈਂ ਵੀ ਕਮਲਾ ਹੀ ਹਾਂ ਪੰਜਾਬ ਦਾ ਉਜਾੜਾ ਵੇਖ ਭਾਵੁਕ ਹੋ ਬੈਠਾ ਸੀ। ਚਲੋ ਛੱਡੋ ਐਸੀਆਂ ਗੱਲਾਂ ਤੇ ਆਪਣੀ ਸੁੱਖ ਸਾਂਦ ਦੱਸੋ । ਕੰਮ ਕਾਰ ਦੱਸੋ ਕਿਵੇਂ ਚੱਲਦੇ ਨੇ !

ਤੁਹਾਡੀ ਸਭਨਾਂ ਦੀ ਸੁੱਖ ਸ਼ਾਂਤੀ ਦੀ ਅਰਦਾਸ ਬੇਨਤੀ ਕਰਤਾ

**ਹਰਦੀਪ ਸਿੰਘ ਜਟਾਣਾ,**
**ਮਾਨਸਾ( ਪੰਜਾਬ)**
**9417254517**

# ਉਹ ਵੇਲਾ ਯਾਦ ਕਰ



ਬਲਵਿੰਦਰ ਕੌਰ ਬਰਾੜ
403 590 9629




**ਚੱਲ ਪਾਤਰ ਹੁਣ ਢੂੰਡਣ ਚੱਲੀਏ**
**ਭੁੱਲੀਆਂ ਹੋਈਆਂ ਥਾਵਾਂ।**
**ਕਿੱਥੇ ਕਿੱਥੇ ਛੱਡ ਆਏ ਹਾਂ**
**ਅਣਲਿਖੀਆਂ ਕਵਿਤਾਵਾਂ।**
**(ਸੁਰਜੀਤ ਪਾਤਰ)**

ਇਸ ਵਾਰੀ ਪੰਜਾਬ ਗਿਆਂ ਮੈਨੂੰ ਅਲੂੰਆਂ ਜਿਹਾ ਛੋਹਰ ਮਿਲਿਆ ਜੋ ਸਟੂਡੈਂਟ ਵੀਜ਼ਾ ਮਿਲ ਜਾਣ ਤੇ ਕੈਨੇਡਾ ਲਈ ਤਿਆਰੀ ਕਰ ਰਿਹਾ ਆਪਣੀ ਮਰਜ਼ੀ ਜਿੰਨਾਂ ਖ਼ੁਸ਼ ਹੋਇਆ ਲਗਦਾ ਸੀ। ਮੈਂ ਉਸ ਨੂੰ ਮਾਸਟਰਾਂ ਵਾਲੀ ਸਮਝੌਤੀ ਪਰੋਸੀ- 'ਕਾਕਾ ?ਥੇ ਜਾ ਕੇ ਹੱਥੀਂ ਕਿਰਤ ਬਹੁਤ ਕਰਨੀ ਪੈਣੀ ਐਂ, ਬੱਸ ਉੱਖਲ਼ੀ ਚ ਸਿਰ ਦੇਣ ਵਾਂਗ ਤਿਆਰ ਹੋ ਕੇ ਜਾਈਂ'। ਉਹ ਪੂਰੀ ਬੇਪਰਵਾਹੀ ਨਾਲ ਬੋਲ ਰਿਹਾ ਸੀ-'ਲ? ਜੀ ਮੈਂ ਤਾਂ ਕੰਮ ਕਰਨ ਵਾਲਾ ਪਾ ਦੂੰ ਗਾਹ'। ਉਸ ਦਾ ਡੁਲ੍ਹਦਾ ਚਾਅ ਦੇਖ ਕੇ ਮੈਨੂੰ ਬਰਫਾਂ ਤੇ ਠਿਠਰਦੇ ਕਈ ਬੱਚੇ ਯਾਦ ਆਏ। ਅੱਲ੍ਹੜ ਵਰੇਸ ਦੀਆਂ ਬਾਹਾਂ ਵਿਚਲਾ ਜ਼ੋਰ ਕੁੱਝ ਕਰ ਗੁਜ਼ਰਨ ਦੀ ਕਾਹਲ ਨਾਲ ਹੀ ਬਿਗਾਨੀ ਜੂਹ ਵਿੱਚ ਆਉਂਦੇ ਹਨ। ਜਦੋਂ ਸੌ ਪਾਪੜ ਵੇਲਣ ਮਗਰੋਂ ਵੀ ਜਵਾਨ ਪੀੜ੍ਹੀ ਦੇ ਭਵਿੱਖ ਸਿਰ ਖਤਰਾ ਮੰਡਰਾ ਰਿਹਾ ਹੋਵੇ ਜਾਂ ਜਦੋਂ ਆਮ ਜੀਵਨ ਵੀ ਅਸਹਿ ਅਤੇ ਦੁੱਭਰ ਹੋ ਜਾਵੇ ਤਾਂ ਮਨ ਹੋਰਨਾ ਧਰਤੀਆਂ ਵੱਲ ਨੂੰ ਅਹੁਲਦਾ ਹੀ ਹੈ। ਪੰਜਾਬ ਦੀ ਧਰਤੀ ਨੂੰ ਅਲਵਿਦਾ ਆਖਦਿਆਂ ਹੀ ਕਈ ਮਨਾਂ ਅੰਦਰ ਸੂਕਦੇ ਦਰਿਆਵਾਂ ਵਰਗੀ ਖ਼ੁਸ਼ੀ ਇਸ ਰੀਝ ਨੂੰ ਜਨਮਦੀ ਹੈ ਕਿ ਅਸੀਂ ਤਾਰਿਆਂ ਦੀ ਧਰਤ ਵੱਲ ਜਾ ਰਹੇ ਹਾਂ। ਮਿੱਟੀ-ਘੱਟੇ, ਧੂੜ, ਸ਼ੋਰ-ਸ਼ਰਾਬਾ ਤੇ ਸਭ ਤੋਂ ਵੱਧ ਬੇਈਮਾਨੀ ਅਤੇ ਬੇ-ਇਨਸਾਫ਼ੀ ਤੋਂ ਦੂਰ ਭੱਜਣ ਨੂੰ ਮਨ ਸੱਚੀਂ? ਹੀ ਵਿਆਕੁਲ ਹੋ ਉਠਦਾ ਹੋਵੇਗਾ। ਆਪਣੀ ਧਰਤੀ ਤੁਰਨ ਵੇਲੇ ਭੀੜੀ ਭੀੜੀ ਲੱਗਦੀ ਹੈ, ਜਿੱਥੇ ਕਲਮ ਦੀ ਨੋਕ ਤੇ ਵੀ ਸੰਗੀਨਾਂ ਦਾ ਪਹਿਰਾ ਹੈ, ਜਿੱਥੇ ਮੂੰਹ ਨੂੰ ਜਾਂਦੀ ਬੁਰਕੀ ਤੇ ਕਿਸੇ ਹੋਰ ਦਾ ਝਪਟਾ ਪੈ ਜਾਣ ਦਾ ਖ਼ਦਸ਼ਾ ਪਲ਼ਦਾ ਹੈ। ਫੇਰ ਗਰੀਬੀ ਤੋਂ ਪਾਰ ਰੁਪਈਆਂ ਦੇ ਬੋਹਲ਼ ਲਾ ਲੈਣ ਜਿਹਾ ਸੁਪਨਾ ਹਿੱਕ ਵਿੱਚ ਕਰਵਟਾਂ ਲੈਣ ਲਗਦਾ ਹੈ। ਸੁਪਨ-ਸੰਸਾਰ ਵੱਲ ਵਧਦੇ ਕਦਮ ਜਿੱਥੇ ਕੋਈ ਵੀ ਦੁਖੀਆ ਨਹੀਂ ਹੋਵੇਗਾ, ਘੱਟੋ ਘੱਟ ਭੁੱਖ-ਨੰਗ ਦੀ ਅਲਾਮਤ ਤਾਂ ਉੱਕਾ ਹੀ ਨਹੀਂ ਹੋਵੇਗੀ। ਪਰ ਜਦੋਂ ਹੀ ਇਸ ਨਸ਼ੇ ਦੀ ਪਹਿਲੀ ਪਰਤ ਉਤਰਦੀ ਹੈ, ਅਸਲ ਵਿੱਚ ?ਦੋਂ ਹੀ ਮਨ ਪਰਦੇਸੀ ਹੋਣ ਲੱਗਦਾ ਹੈ। ਕਿਸੇ ਆਪਣੇ ਦੀ ਅਣਹੋਂਦ ਜਾਂ ਜਿਹੜੇ ਆਪਣਾ ਹੋਣ ਦਾ ਝਾਉਲ਼ਾ ਵੀ ਹੋਵੇ, ਉਹ ਵੀ ਬਿਗਾਨੇ ਹੋ ਜਾਣ ਜਿਹਾ ਅਹਿਸਾਸ ਕਾਲ਼ਜਾ ਖੁਰਚਦਾ ਹੈ। ਲੋਕਾਂ ਦੀ ਭੀੜ ਵਿੱਚ ਵੀ ਇਕੱਲੇ ਹੋ ਜਾਂਦੇ ਨੇ, ਦੁਆਲ਼ੇ ਦੀ ਭੀੜ ਵਿੱਚ ਅਜਿਹੀ ਚੀਸ ਮੇਲਿਆਂ ਵਿੱਚ ਸੰਧੂਰੀ ਪੱਗ ਦਾ ਭੁਲੇਖਾ ਪਾਲ਼ਦੀ ਹੈ। ਕਿਸੇ ਮੋਢੇ ਤੇ ਸਿਰ ਰੱਖ ਕੇ ਹੰਝੂ ਕੇਰਨ ਜਿਹੀ ਰੀਝ ਸੀਨੇ ਅੰਦਰ ਦਫ਼ਨ ਕਰਨ ਦੀ ਵਿਉਂਤ ਆ ਜਾਂਦੀ ਹੈ।

ਇਹ ਸਭ ਮੇਰੀ ਧਰਤੀ ਦੀ ਹਿੱਕ ਤੇ ਨਿੱਤ ਵਾਪਰ ਰਿਹਾ ਹੈ। ਕਿੰਨੀਆਂ ਹੀ ਮਾਸੂਮ ਜ਼ਿੰਦਗੀਆਂ ਪਿੰਡ ਦੀ ਫਿਰਨੀ ਤੋਂ ਹਵਾ ਵਿਚਲੇ ਟਾਇਰਾਂ ਤੱਕ ਜਾ ਅੱਪੜਦੀਆਂ ਹਨ। ਇਸ ਵਿੱਚ ਸ਼ੱਕ ਨਹੀਂ ਕਿ ਸਰੀਰਕ ਸੁੱਖ ਸਾਧਨ ਉਹ ਆਪਣੀਆਂ ਅਤ੍ਰਿਪਤੀਆਂ ਤੋਂ ਵੱਧ ਛੇਤੀ ਹੀ ਜੁਟਾ ਵੀ ਲੈਂਦੇ ਹਨ। ਬਿਗਾਨੇ ਮੁਲਕ ਦੇ ਕਿਸੇ ਚੌਰਾਹੇ ਵਿੱਚ ਖੜ੍ਹ ਕੇ ਵੇਖ ਲਵੇ, ਹਰ ਚੌਥੀ ਜਾਂ ਪੰਜਵੀਂ ਵੱਡੀ ਕਾਰ ਪੰਜਾਬੀ ਦੀ ਹੀ ਲੰਘਦੀ ਹੋਵੇਗੀ ਪਰ ਫੇਰ ਵੀ ਹਰ ਪੰਜਾਬੀ ਇਹ ਜ਼ਰੂਰ ਆਖਦਾ ਹੈ ਕਿ ਜੋ ਟੌਹਰ ਪੰਜਾਬ ਹੰਢਾ ਆਏ, ਉਹ ਏਥੇ ਨਹੀਂ ਹੈ। ਬਚਪਨ ਦੀਆਂ ਯਾਦਾਂ ਘੇਰਦੀਆਂ ਹਨ। ਆਪਣਾ ਆਪ ਤਰਾਸ਼ਣਾ ਔਖਾ ਲੱਗਦਾ ਹੈ। ਉਹ ਜੋ ਕਦੇ ਕੱਚੇ

> ਇਹ ਸਭ ਮੇਰੀ ਧਰਤੀ ਦੀ ਹਿੱਕ ਤੇ ਨਿੱਤ ਵਾਪਰ ਰਿਹਾ ਹੈ। ਕਿੰਨੀਆਂ ਹੀ ਮਾਸੂਮ ਜ਼ਿੰਦਗੀਆਂ ਪਿੰਡ ਦੀ ਫਿਰਨੀ ਤੋਂ ਹਵਾ ਵਿਚਲੇ ਟਾਇਰਾਂ ਤੱਕ ਜਾ ਅੱਪੜਦੀਆਂ ਹਨ। ਇਸ ਵਿੱਚ ਸ਼ੱਕ ਨਹੀਂ ਕਿ ਸਰੀਰਕ ਸੁੱਖ ਸਾਧਨ ਉਹ ਆਪਣੀਆਂ ਅਤ੍ਰਿਪਤੀਆਂ ਤੋਂ ਵੱਧ ਛੇਤੀ ਹੀ ਜੁਟਾ ਵੀ ਲੈਂਦੇ ਹਨ। ਬਿਗਾਨੇ ਮੁਲਕ ਦੇ ਕਿਸੇ ਚੌਰਾਹੇ ਵਿੱਚ ਖੜ੍ਹ ਕੇ ਵੇਖ ਲਵੇ, ਹਰ ਚੌਥੀ ਜਾਂ ਪੰਜਵੀਂ ਵੱਡੀ ਕਾਰ ਪੰਜਾਬੀ ਦੀ ਹੀ ਲੰਘਦੀ ਹੋਵੇਗੀ ਪਰ ਫੇਰ ਵੀ ਹਰ ਪੰਜਾਬੀ ਇਹ ਜ਼ਰੂਰ ਆਖਦਾ ਹੈ ਕਿ ਜੋ ਟੌਹਰ ਪੰਜਾਬ ਹੰਢਾ ਆਏ, ਉਹ ਏਥੇ ਨਹੀਂ ਹੈ। ਬਚਪਨ ਦੀਆਂ ਯਾਦਾਂ ਘੇਰਦੀਆਂ ਹਨ। ਆਪਣਾ ਆਪ ਤਰਾਸ਼ਣਾ ਔਖਾ ਲੱਗਦਾ ਹੈ। ਉਹ ਜੋ ਕਦੇ ਕੱਚੇ ਕੋਠਿਆਂ ਦੀ ਛੱਤ ਤੇ ਪੈ ਕੇ ਤਾਰਿਆਂ ਨਾਲ ਗ਼ਰੀਬੀ ਦੀ ਬਾਤ ਪਾਉਂਦੇ ਸਨ, ਉਹ ਗੁਸਲਖਾਨੇ ਵਿੱਚ ਜਾ ਕੇ ਵਤਨੋਂ ਆਏ ਖ਼ਤ ਪੜ੍ਹ ਪੜ੍ਹ ਰੋਂਦੇ ਨੇ। ਸਾਰੀ ਵਾਰਤਾ ਵਿੱਚੋਂ ਪੈਸੇ ਦੀ ਇਬਾਰਤ ਕੱਟ ਕੇ ਵਿਛੜੇ ਮੋਹ ਦੀ ਬਾਤ ਤਲਾਸ਼ਦੇ ਹਨ।

ਕੋਠਿਆਂ ਦੀ ਛੱਤ ਤੇ ਪੈ ਕੇ ਤਾਰਿਆਂ ਨਾਲ ਗ਼ਰੀਬੀ ਦੀ ਬਾਤ ਪਾਉਂਦੇ ਸਨ, ਉਹ ਗੁਸਲਖਾਨੇ ਵਿੱਚ ਜਾ ਕੇ ਵਤਨੋਂ ਆਏ ਖ਼ਤ ਪੜ੍ਹ ਪੜ੍ਹ ਰੋਂਦੇ ਨੇ। ਸਾਰੀ ਵਾਰਤਾ ਵਿੱਚੋਂ ਪੈਸੇ ਦੀ ਇਬਾਰਤ ਕੱਟ ਕੇ ਵਿਛੜੇ ਮੋਹ ਦੀ ਬਾਤ ਤਲਾਸ਼ਦੇ ਹਨ। ਮਾਂ ਦੀ ਬਣਾਈ ਰੋਟੀ ਜੋ ਤਵੇ ਤੋਂ ਥਾਲ਼ੀ ਤੱਕ ਪਰੋਸੀ ਦੀ ਮਹਿਕ ਸੱਜਰੀ ਹੋਣ ਦਾ ਭੁਲੇਖਾ ਯਾਦ ਆਉਂਦਾ ਹੈ। ਪਰ ਫੇਰ ਉਠਦੇ ਹਨ ਕਿ ਇਸ ਦੇਹੀ ਤੋਂ ਹੋਰ ਕਰਵਾਉਣਾ ਕੀ ਹੈ। ਅੱਜ ਦੀ ਮਿਹਨਤ ਕੱਲ੍ਹ ਦੀਆਂ ਲਿਟਾਂ ਸੰਵਾਰ ਕੇ ਇੱਕ ਖ਼ੂਬਸੂਰਤ ਭਵਿੱਖ ਮੁਸਕਰਾਏਗਾ। ਪਹਿਲਾਂ ਕੁੱਝ ਸਮਾਂ ਸੁਰੰਗ ਪਾਰ ਕਰਨ ਦਾ ਹੈ, ਫੇਰ ਆਉਣ ਵਾਲਾ ਕੱਲ੍ਹ ਤੁਹਾਡਾ ਹੀ ਹੋਵੇਗਾ। ਅਰਦਾਸ ਕਰਦੇ ਹਾਂ ਸਭ ਬੱਚੇ ਇੱਕ ਖ਼ੂਬਸੂਰਤ ਭਵਿੱਖ ਲਈ ਅੱਜ ਮਿਹਨਤ ਕਰ ਵੇਖਣ, ਉਨ੍ਹਾਂ ਦੇ ਹਰ ਕਦਮ ਤੇ ਕਾਮਯਾਬੀ ਮਿਲੇ। ਉਨ੍ਹਾਂ ਦੇ ਵਰਤਮਾਨ ਨੂੰ ਉਧੇੜ ਕੇ ਭਵਿੱਖ ਨੂੰ ਸਿਉਂ ਲੈਣ ਦੀ ਇਸ ਜੁਰੱਅਤ ਨੂੰ ਸਾਡੀ ਸਲਾਮ ਹੈ।




# ਬ੍ਰਿਟਿਸ਼ ਕੋਲੰਬੀਆ 'ਚ ਘਰਾਂ ਦੀ ਉਸਾਰੀ 'ਚ ਤੇਜ਼ੀ ਲਿਆਉਣ ਲਈ ਅਹਿਮ ਕਦਮ ਚੁੱਕੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੇਕਰ ਪੂਰੇ ਕਨੇਡਾ ਦੇ ਹਾਊਸਿੰਗ ਮਾਰਕੀਟ ਦੀ ਗੱਲ ਕੀਤੀ ਜਾਵੇ ਤਾਂ ਇਸ ਵਕਤ ਡਿਮਾਂਡ ਜ਼ਿਆਦਾ ਹੈ ਅਤੇ ਸਪਲਾਈ ਘੱਟ ਹੈ ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ ਵੱਖ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਆਪੋ-ਆਪਣੇ ਪੱਧਰ ਤੇ ਇਸ ਸਮੱਸਿਆ ਦੇ ਹੱਲ ਲਈ ਯਤਨ ਕੀਤੇ ਜਾ ਰਹੇ ਹਨ। ਇਸੇ ਤਰਜ਼ ਤੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਵੱਲੋਂ ਵੀ ਪੂਰੇ ਸੂਬੇ ਵਿੱਚ ਘਰਾਂ ਦੀ ਉਸਾਰੀ ਵਿੱਚ ਤੇਜੀ ਲਿਆਉਣ ਦੇ ਮਕਸਦ ਨਾਲ ਕਈ ਅਹਿਮ ਕਦਮ ਚੁੱਕੇ ਜਾ ਰਹੇ ਹਨ। ਇਨ੍ਹਾਂ ਵਿੱਚੋਂ ਅਹਿਮ ਹੈ ਘਰਾਂ ਦੀ ਉਸਾਰੀ ਲਈ ਜਾਰੀ ਕੀਤੇ ਜਾਂਦੇ ਪਰਮਿਟ ਵਿਚ ਤੇਜ਼ੀ ਲਿਆਉਣ ਨਾਲ ਘਰਾਂ ਦੀ ਉਸਾਰੀ ਵਿੱਚ ਵੀ ਤੇਜੀ ਆਵੇਗੀ।

# ਜਪਾਨ ਦੇ ਪ੍ਰਧਾਨ ਮੰਤਰੀ ਨੇ ਕਨੇਡਾ-ਜਪਾਨ ਦੀ ਸਾਂਝ ਨੂੰ ਹੋਰ ਮਜਬੂਤ ਕਰਨ ਦੀ ਗੱਲ ਆਖੀ

ਰੀਜਾਇਨਾ ( ਪੰਜਾਬੀ ਅਖ਼ਬਾਰ ਬਿਊਰੋ ) ਜਪਾਨ ਦੇ ਪ੍ਰਧਾਨ ਮੰਤਰੀ ਕਿਸ਼ੀਦਾ ਫੂਮੀਓ ਸਾਲ 2021 ਵਿੱਚ ਅਹੁਦਾ ਸੰਭਾਲਣ ਉਪਰੰਤ ਪਹਿਲੀ ਵਾਰ ਕੈਨੇਡਾ ਦੇ ਦੌਰੇ ਤੇ ਪਹੁੰਚੇ। ਓਟਵਾ 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਉਨਾਂ ਦੀ ਵੱਖ ਵੱਖ ਮੁੱਦਿਆਂ 'ਤੇ ਦੁਵੱਲੀ ਗੱਲਬਾਤ ਹੋਈ, ਜਿਸ ਉਪਰੰਤ ਦੋਹਾਂ ਆਗੂਆਂ ਨੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਟਰੂਡੋ ਨੇ ਦੋਹਾਂ ਦੇਸ਼ਾਂ ਦੇ ਲੰਬੇ ਰਿਸ਼ਤਿਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਸ ਵਕ਼ਤ ਕੈਨੇਡਾ ਵੱਲੋਂ ਜਪਾਨ ਨਾਲ 27 ਫ਼ੀਸਦ ਐਕਸਪੋਰਟ ਅਤੇ 11 ਫੀਸਦੀ ਇੰਪੋਰਟ ਚੱਲ ਰਹੀ ਹੈ ਅਤੇ ਭਵਿੱਖ ਵਿੱਚ ਇਸ ਨੂੰ ਹੋਰ ਅੱਗੇ ਲੈਕੇ ਜਾਵਾਂਗੇ। ਊਨਾ ਅੱਗੇ ਆਖਿਆ ਕਿ ਕੈਨੇਡਾ ਜਪਾਨ ਦਾ ਇੱਕ ਭਰੋਸੇਯੋਗ ਭਾਈਵਾਲ ਹੈ।

# ਅਲਬਰਟਾ ਵਿੱਚ ਐਮਰਜੈਂਸੀ ਹਾਲਾਤਾਂ ਲਈ 20 ਹੋਰ ਨਵੀਆਂ ਐਂਬੂਲੈਂਸ ਆ ਰਹੀਆਂ ਹਨ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੇ ਪ੍ਰਮੁੱਖ ਸ਼ਹਿਰਾਂ ਕੈਲਗਰੀ ਤੇ ਐਡਮੰਟਨ ਵਿੱਚ ਐਂਬੂਲੈਂਸ ਦੀ ਵੱਡੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਕਈ ਵਾਰ ਹਾਲਾਤ ਬਣ ਜਾਂਦੇ ਹਨ ਕਿ ਲੋਕਾਂ ਨੂੰ ਘੰਟਿਆਂ ਬੱਧੀ ਐਂਬੂਲੈਂਸ ਲਈ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਸਮੱਸਿਆ ਦੇ ਹੱਲ ਲਈ ਸੂਬੇ ਦੇ ਸਿਹਤ ਮੰਤਰੀ ਜੇਸ਼ਨ ਕੋਪਿੰਗ ਨੇ ਐਲਾਨ ਕੀਤਾ ਹੈ ਕਿ ਸੂਬੇ ਵਿੱਚ 20 ਹੋਰ ਐਂਬੂਲੈਂਸ ਲਿਆਂਦੀਆਂ ਜਾ ਰਹੀਆਂ ਹਨ। ਨਵੀਆਂ ਐਂਬੂਲੈਂਸ ਦੇ ਆਉਣ ਨਾਲ ਦਰਪੇਸ਼ ਸਮੱਸਿਆ ਤੋਂ ਕੁੱਝ ਰਾਹਤ ਮਿਲੇਗੀ।




# ਕੈਲਗਰੀ ਵਾਸੀ ਰਾਮ ਸਿੰਘ ਸਿੱਧੂ ਨੂੰ ਸਦਮਾ, ਮਾਤਾ ਸੁਖਦੇਵ ਕੌਰ ਸਿੱਧੂ ਅਕਾਲ ਚਲਾਣਾ ਕਰ ਗਏ


ਸਵ: ਮਾਤਾ ਸੁਖਦੇਵ ਕੌਰ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਐਗਰੀਕਲਚਰਲ ਯੂਨੀਵਰਿਸਟੀ ਲੁਧਿਆਣਾ ਦੇ ਸਾਬਕਾ ਵਿਦਿਆਰਥੀ ਕੈਲਗਰੀ ਵਾਸੀ ਰਾਮ ਸਿੰਘ ਸਿੱਧੂ, ਜੋ ਕਿ ਇਸ ਸਮੇਂ ਕੈਲਗਰੀ ਟਰਾਂਜ਼ਿਟ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ,ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਪੰਜਾਬ ਰਹਿੰਦੇ ਮਾਤਾ ਸਰਦਾਰਨੀ ਸੁਖਦੇਵ ਕੌਰ ਪਤਨੀ ਸਵ: ਸ: ਮਿੱਤ ਸਿੰਘ ਦੀ 2 ਜਨਵਰੀ 2023 ਨੂੰ ਦਿਲ ਦਾ ਦੌਰਾ ਪੈਣ ਕਾਰਣ ਮੌਤ ਹੋ ਗਈ। ਸਵ: ਮਾਤਾ ਸੁਖਦੇਵ ਕੌਰ ਸਿੱਧੂ ਜੀ ਦੀ ਮ੍ਰਿਤਕ ਦੇਹ ਦੇ ਅੰਤਿਮ ਸਸਕਾਰ ਉਪਰੰਤ ਵਿਛੜੀ ਰੂਹ ਦੀ ਆਤਮਿਕ ਸਾਂਤੀ ਲਈ ਸਾਹਿਬ ਸ੍ਰੀ ਗੁਰੁ ਗਰੰਥ ਸਾਹਿਬ ਜੀ ਦੇ ਪਾਠ ਦੇ ਭੋਗ 10 ਜਨਵਰੀ ਦਿਨ ਮੰਗਲਵਾਰ ਨੂੰ ਪਿੰਡ ਕੋਟ ਧਰਮੂੰ ਜਿਲਾ ਮਾਨਸਾ (ਪੰਜਾਬ) ਵਿਖੇ ਪਾਏ ਗਏ। ਪੰਜਾਬ ਐਗਰੀਕਲਚਰਲ ਯੂਨੀਵਰਿਸਟੀ ਦੇ ਕੈਲਗਰੀ ਰਹਿੰਦੇ ਸਾਬਕਾ ਵਿਦਿਆਰਥੀਆਂ ਡਾ: ਜਗਦੀਸ਼ ਸਿੰਘ ਸਰਾਂ, ਮਨਮੋਹਨ ਸਿੰਘ ਬਰਾੜ, ਮਨਜੋਤ ਸਿੰਘ ਗਿੱਲ, ਡਾ: ਬਿੱਕਰ ਸਿੰਘ ਸਿੱਧੂ, ਕੁਲਦੀਪ ਸਿੰਘ ਮਾਨ, ਜਗਰਾਜ ਗਿੱਲ, ਅਤੇ ਕੈਲਗਰੀ ਟਰਾਂਜ਼ਿਟ ਦੇ ਸਟਾਫ ਮੈਂਬਰਾਂ ਰਵਿੰਦਰ ਸੇਖੋਂ, ਸੰਜੀਵ ਅਗਨੀਹੋਤਰੀ, ਮਨਦੀਪ ਚਤਰਥ, ਸਰਵਜੀਤ ਸੈਣੀ, ਹਰਿੰਦਰ ਨੱਤ, ਵੱਲੋਂ ਰਾਮ ਸਿੰਘ ਸਿੱਧੂ ਨਾਲ ਉਹਨਾਂ ਦੇ ਗ੍ਰਹਿ ਵਿਖੇ ਦੁੱਖ ਦਾ ਪ੍ਰਗਟਾਵਾ ਕੀਤਾ। ਸਿੱਧੂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 403 604 3394 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।






# 'ਮਹਿਕ ਪੀੜਾਂ ਦੀ' ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ ਵਿੱਚ ਲੋਕ ਅਰਪਨ ਕੀਤੀ ਗਈ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਸਿਕ ਇੱਕਤੱਤਰਤਾ 14 ਜਨਵਰੀ ਨੂੰ ਕੋਸੋ ਹਾਲ ਵਿੱਚ ਹੋਈ।ਸਕੱਤਰ ਜਰਨੈਲ ਸਿੰਘ ਤੱਗੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਦਾ ਜਨਮ ਦਿਨ ਵੀ ਹੈ ਅਤੇ ਅੱਜ ਹੀ ਉਨ੍ਹਾਂ ਦੀ ਬਾਰਮੀਂ ਪੁਸਤਕ ਗ਼ਜ਼ਲ ਸੰਗ੍ਰਹਿ 'ਮਹਿਕ ਪੀੜਾਂ ਦੀ' ਰੀਲੀਜ਼ ਕੀਤੀ ਜਾਵੇਗੀ।

ਅਰਪਨ ਲਿਖਾਰੀ ਸਭਾ ਦੇ ਕਾਰਜਕਾਰਨੀ ਮੈਂਬਰਾਂ ਅਤੇ ਪਰਿਵਾਰਕ ਮੈਂਬਰਾਂ ਨੇ ਕੇਸਰ ਸਿੰਘ ਨੀਰ ਦੀ ਕਿਤਾਬ ਲੋਕ ਅਰਪਣ ਕੀਤੀ। ਉਪਰੰਤ ਨਾਮਵਰ ਸਾਹਿਤਕਾਰ ਜਗਦੇਵ ਸਿੰਘ ਸਿੱਧੂ ਨੇ ਬਹੁਤ ਹੀ ਭਾਵਪੂਰਤ ਸ਼ਬਦਾਂ ਵਿਚ ਕੇਸਰ ਸਿੰਘ ਨੀਰ ਦੀ ਇਸ ਨਵੀਂ ਪੁਸਤਕ ਬਾਰੇ ਪਰਚਾ ਪੜ੍ਹਿਆ।ਜਗਦੇਵ ਸਿੰਘ ਨੇ ਦੱਸਿਆ ਕਿ ਨੀਰ ਨੂੰ ਵੱਖ ਵੱਖ ਲੇਖਕਾਂ ਨੇ, ਹਰਭਜਨ ਹੁੰਦਲ, ਹਰਭਜਨ ਹਲਵਾਰਵੀ, ਡਾ. ਜਗਤਾਰ ਅਤੇ ਸੁਰਜੀਤ ਪਾਤਰ ਦੇ ਬਰਾਬਰ ਦਾ ਸ਼ਾਇਰ ਮੰਨਿਆ ਹੈ। ਇਸੇ ਤਰ੍ਹਾਂ ਗੁਰਚਰਨ ਕੌਰ ਥਿੰਦ ਨੇ ਵੀ ਕੇਸਰ ਸਿੰਘ ਦੇ ਹੁਣ ਤੱਕ ਦੇ ਸਾਹਿਤਕ ਸਫ਼ਰ ਅਤੇ ਅਧਿਆਪਕ ਯੂਨੀਅਨ ਵਿਚ ਕੀਤੇ ਕੰਮਾਂ ਤੇ ਵਿਸਥਾਰ ਸਹਿਤ ਚਾਨਣਾ ਪਾਇਆ। ਉਨ੍ਹਾਂ ਨੇ ਇਹ ਵੀ ਜਿਕਰ ਕੀਤਾ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸ਼੍ਰੋਮਣੀ ਪੰਜਾਬੀ ਪੁਰਸਕਾਰ ਵਿਦੇਸ਼ੀ' ਦਿੱਤਾ ਗਿਆ ਹੈ। ਜੋ ਕਿ ਕੈਲਗਰੀ ਨਿਵਾਸੀਆਂ ਲਈ ਬੜੇ ਮਾਣ ਦੀ ਗੱਲ ਹੈ। ਨਰਿੰਦਰ ਸਿੰਘ ਢਿੱਲੋਂ ਜੋ ਕਿ ਨੇ ਵੀ ਕੇਸਰ ਸਿੰਘ ਦਾ ਜ਼ੇਲ੍ਹ ਸਾਥੀ ਰਿਹਾ, ਉਨ੍ਹਾਂ ਨੇ ਵਧਾਈ ਦਿੱਤੀ ਅਧਿਆਪਕ ਯੂਨੀਅਨ ਸਮੇਂ ਜ਼ੇਲ੍ਹ ਯਾਤਰਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਉਪਰੰਤ ਕੇਸਰ ਸਿੰਘ ਨੀਰ ਨੇ ਆਪਣੀ ਗ਼ਜ਼ਲ ਸਿਰਜਣਾ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਨਾਲ ਹੀ ਕੇਸਰ ਸਿੰਘ ਨੇ ਆਪਣੀ ਮਕਬੂਲ ਗ਼ਜ਼ਲ ਵੀ ਪੇਸ਼ ਕੀਤੀ। ਸੁਖਵਿੰਦਰ ਸਿੰਘ ਤੂਰ ਨੇ ਕੇਸਰ ਸਿੰਘ ਨੀਰ ਦਾ ਲਿਖਿਆ ਗੀਤ 'ਜ਼ਿੰਦੀਏ ਨੀ ਜ਼ਿੰਦੀਏ' ਆਪਣੀ ਬੁਲੰਦ ਅਵਾਜ਼ ਵਿਚ ਪੇਸ਼ ਕੀਤਾ।ਸਰਬਜੀਤ ਉੱਪਲ,ਜਗਜੀਤ ਸਿੰਘ ਰਹਿਸੀ,ਡਾ. ਜੋਗਾ ਸਿੰਘ,ਗੁਰਦੀਸ਼ ਕੌਰ,ਰੁਪਿੰਦਰ ਦਿਉਲ,ਰਵੀ ਜਨਾਗਲ, ਡਾ. ਮਨਮੋਹਣ ਸਿੰਘ ਬਾਠ,ਇਕਬਾਲ ਖ਼ਾਨ, ਜਰਨੈਲ ਸਿੰਘ,ਕੁਲਦੀਪ ਕੌਰ ਘਟੌੜਾ ਨੇ ਮੰਚ ਉਪਰੋਂ ਹਾਜਰੀ ਲਗਵਾਉਂਦਿਆਂ ਨੀਰ ਸਾਹਿਬ ਨੂੰ ਉਹਨਾਂ ਦੀ ਨਵੀਂ ਕਿਤਾਬ ਲਈ ਵਧਾਈ ਦਿੱਤੀ।ਸਤਨਾਮ ਸਿੰਘ ਢਾਅ ਨੇ ਕੇਸਰ ਸਿੰਘ ਨੀਰ ਨੂੰ ਨਵੀਂ ਪੁਸਤਕ ਲਈ ਵਧਾਈ ਦਿੱਤੀ। ਨਾਲ ਹੀ ਚਾਲ਼ੀ ਮੁਕਤਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਚਰਨ ਸਿੰਘ ਸਫ਼ਰੀ ਦੀ ਕਵਿਤਾ 'ਮਾਤਾ ਭਾਗੋ': 'ਤੂੰ ਸਿੰਘਾਂ ਦੀ ਟੁੱਟੀ ਗੰਢੀ, ਤੂੰ ਸਿੰਘਾਂ ਦੀ ਰੱਖ ਵਿਖਾਈ' ਸੁਣਾ ਕੇ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਸਾਂਝਾ ਕੀਤਾ। ਅਖ਼ੀਰ ਤੇ ਡਾ. ਜੋਗਾ ਸਿੰਘ ਨੇ ਆਏ ਹੋਏ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ ਨਾਲ ਹੀ ਅਗਲੀ ਮੀਟਿੰਗ 12 ਫਰਵਰੀ ਨੂੰ ਹੋਣ ਦੀ ਜਾਣਕਾਰੀ ਦਿੰਦਿਆਂ, ਇਸੇ ਤਰ੍ਹਾਂ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਬੇਨਤੀ ਕੀਤੀ।

## ਅਮਰੀਕਾ 'ਚ ਸਕੂਲ ਵਾਲਿਆਂ ਸੋਸ਼ਲ ਮੀਡੀਆ ਕੰਪਨੀਆਂ ਖ਼ਿਲਾਫ਼ ਖੋਲ੍ਹਿਆ ਮੋਰਚਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਜਦੋਂ ਤੋਂ ਸੋਸ਼ਲ ਮੀਡੀਆ ਦਾ ਯੁੱਗ ਸ਼ੁਰੂ ਹੋਇਆ ਹੈ ਤਾਂ ਇਸ ਨੇ ਤੇਜ਼ੀ ਨਾਲ ਹਰੇਕ ਨੂੰ ਆਪਣੇ ਚੁੰਗਲ ਵਿੱਚ ਫਸਾ ਲਿਆ ਹੈ। ਲਗਾਤਾਰ ਬਹੁਤ ਜ਼ਿਆਦਾ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਦਾ ਹਰੇਕ ਉਮਰ ਵਰਗ ਦੇ ਵਿਅਕਤੀ ਉਪਰ ਡੂੰਘਾ ਅਸਰ ਪੈ ਰਿਹਾ ਹੈ । ਪਰ ਇਸਦਾ ਸਭ ਤੋਂ ਜ਼ਿਆਦਾ ਅਤੇ ਗੰਭੀਰ ਅਸਰ ਬੱਚਿਆਂ ਉਪਰ ਪੈ ਰਿਹਾ ਹੈ । ਸੋਸ਼ਲ ਮੀਡੀਆ ਦੀ ਲਗਾਤਾਰ ਵਰਤੋਂ ਨਾਲ ਬੱਚਿਆਂ ਦੇ ਦਿਮਾਗ ਗਲਤ ਆਦਤਾਂ ਦਾ ਸ਼ਿਕਾਰ ਹੋ ਰਹੇ ਹਨ। ਸੋਸ਼ਲ ਮੀਡੀਆ ਦੇ ਪ੍ਰਭਾਵ ਅਧੀਨ ਬੱਚਿਆਂ ਵੱਲੋਂ ਆਤਮ ਹੱਤਿਆਂ ਤੱਕ ਕੀਤੀਆਂ ਜਾ ਰਹੀਆਂ ਹਨ ਹੁਣ ਇਸ ਵਰਤਾਰੇ ਖ਼ਿਲਾਫ਼ ਅਮਰੀਕਾ ਦੇ ਸਕੂਲਾਂ ਨੇ ਮੋਰਚਾ ਖੋਲ੍ਹ ਦਿੱਤਾ ਹੈ ਅਤੇ ਇਨ੍ਹਾਂ ਸੋਸ਼ਲ ਮੀਡੀਆ ਕੰਪਨੀਆਂ ਖ਼ਿਲਾਫ਼ ਮਾਮਲਾ ਦਾਇਰ ਕਰ ਦਿੱਤਾ ਹੈ।

## ਕਬੱਡੀ 'ਚ ਵੱਡਾ ਨਾਮਣਾ ਖੱਟਣ ਵਾਲੇ ਚੋਟੀ ਦੇ ਰੇਡਰ ਦੀ ਕੈਨੇਡਾ 'ਚ ਮੌਤ

ਨਿਹਾਲ ਸਿੰਘ ਵਾਲਾ (ਪੰਜਾਬੀ ਅਖਬਾਰ ਬਿਊਰੋ)-ਮੋਗਾ ਦੇ ਕਸਬਾ ਨਿਹਾਲ ਸਿੰਘ ਵਾਲਾ ਦੇ ਪਿੰਡ ਪੱਤੋ ਹੀਰਾ ਸਿੰਘ ਦੇ ਨਾਮੀ ਕਬੱਡੀ ਰੇਡਰ ਅਮਰਪ੍ਰੀਤ ਅਮਰੀ ਦੀ ਕੈਨੇਡਾ ਦੇ ਸਰੀ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਿੰਡ ਪੱਤੋ ਹੀਰਾ ਤੋਂ ਮਿਲੀ ਜਾਣਕਾਰੀ ਮੁਤਾਬਿਕ 28 ਵਰ੍ਹਿਆਂ ਦਾ ਅਮਰਪ੍ਰੀਤ ਸਿੰਘ ਦਸੰਬਰ ਮਹੀਨੇ 'ਚ ਹੀ ਵਿਆਹ ਕਰਵਾਉਣ ਕੈਨੇਡਾ ਗਿਆ ਸੀ ਅਤੇ ਪਿਛਲੇ ਸਾਲ ਉਸ ਦਾ ਵਿਆਹ ਹੋਇਆ ਸੀ। ਅਮਰਪ੍ਰੀਤ ਅਮਰੀ ਕਬੱਡੀ ਦੇ ਚੋਟੀ ਦੇ ਰੇਡਰਾਂ 'ਚ ਆਉਂਦਾ ਸੀ।ਜਿਵੇਂ ਹੀ ਅਮਰਪ੍ਰੀਤ ਅਮਰੀ ਦੀ ਮੌਤ ਦੀ ਖਬਰ ਪਿੰਡ ਪਹੁੰਚੀ ਤਾਂ ਪਰਿਵਾਰ ਸਮੇਤ ਪਿੰਡ 'ਚ ਸੋਗ ਦੀ ਲਹਿਰ ਦੌੜ ਗਈ। ਇਸ ਘਟਨਾ ਤੋਂ ਬਾਅਦ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਕਬੱਡੀ 'ਚ ਵੱਡਾ ਨਾਮਣਾ ਖੱਟਣਵਾਲੇ ਅਮਰੀ ਦੀ ਮੌਤ ਨਾਲ ਜਿੱਥੇ ਕਬੱਡੀ ਜਗਤ ਨੂੰ ਵੱਡਾ ਘਾਟਾ ਪਿਆ ਹੈ, ਉੱਥੇ ਹੀ ਨੌਜਵਾਨ ਪੁੱਤ ਗੁਆਉਣ ਵਾਲੇ ਪਰਿਵਾਰ ਨੂੰ ਅਸਹਿ ਦੁੱਖ ਦਾ ਸਾਹਮਣਾ ਕਰਨਾ ਪਿਆ ਹੈ।

## ਇਸ ਸਾਲ ਕੈਨੇਡਾ ਵੱਲੋਂ 90,000 ਕੌਮਾਂਤਰੀ ਨੌਜਵਾਨਾਂ ਨੂੰ ਕਨੇਡਾ ਆਉਣ ਦਾ ਮੌਕਾ ਦਿੱਤਾ ਜਾਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਨੇ ਐਲਾਨ ਕੀਤਾ ਕਿ ਕੈਨੇਡਾ ਹੁਣ ਉਨ੍ਹਾਂ ਕੌਮਾਂਤਰੀ ਨੌਜਵਾਨਾਂ ਲਈ ਖੁੱਲ੍ਹ ਚੁੱਕਿਆ ਹੈ ਜਿਨ੍ਹਾਂ ਨੇ ਕੈਨੇਡਾ ਵਿੱਚ ਕੰਮ ਕਰਨ ਤੇ ਟਰੈਵਲ ਕਰਨ ਦਾ ਤਜਰਬਾ ਹਾਸਲ ਕਰਨ ਲਈ ਦਿਲਚਸਪੀ ਵਿਖਾਈ ਹੈ। ਜਿਹੜੇ ਪਹਿਲਾਂ ਹੀ ਆਈਈਸੀ ਪੂਲ ਵਿੱਚ ਸ਼ਾਮਲ ਹਨ ਉਨ੍ਹਾਂ ਨੂੰ ਵਰਕ ਪਰਮਿਟ ਲਈ ਅਪਲਾਈ ਕਰਨ ਦਾ ਸੱਦਾ ਮਿਲਣਾ ਸ਼ੁਰੂ ਹੋ ਜਾਵੇਗਾ। ਇਸ ਸਾਲ ਕੈਨੇਡਾ ਵੱਲੋਂ ਇਹ ਮੌਕਾ 90,000 ਕੌਮਾਂਤਰੀ ਨੌਜਵਾਨਾਂ ਨੂੰ ਦਿੱਤਾ ਜਾਵੇਗਾ ਤੇ ਇਸ ਸਬੰਧੀ ਐਲਾਨ ਪਹਿਲੀ ਦਸੰਬਰ, 2022 ਨੂੰ ਕੀਤਾ ਗਿਆ ਸੀ। ਇਸ ਪਸਾਰ ਨਾਲ ਕੈਨੇਡੀਅਨ ਇੰਪਲੌਇਰਜ਼ ਨੂੰ ਉਨ੍ਹਾਂ ਵਰਕਰਜ਼ ਨੂੰ ਲੱਭਣ ਵਿੱਚ ਮਦਦ ਮਿਲੇਗੀ ਜਿਹੜੇ ਦੇਸ਼ ਭਰ ਵਿੱਚ ਲੇਬਰ ਸਬੰਧੀ ਘਾਟ ਨੂੰ ਪੂਰਾ ਕਰਨ ਲਈ ਲੋੜੀਂਦੇ ਹੋਣਗੇ।

## ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਲੋਹੜੀ - ਮਾਘੀ ਦੇ ਤਿਉਹਾਰ ਮਨਾਏ

**ਅੱਗੇ ਅੱਗੇ ਤੁਰ ਬੁੱਲ੍ਹੜਾ, ਤੇਰੇ ਮਗਰ ਮੇਲ੍ਹਦੀ ਆਵਾਂ। ਆਈ ਖ਼ੁਸ਼ੀਆਂ ਦੀ ਰੁੱਤ ਵੇ ਨਿਰੰਜਣਾਂ \ ਕੋਠੇ ਚੜ੍ਹ ਕੇ ਬੁੱਕ ਵੇ ਨਿਰੰਜਣਾਂ।**



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ)ਨਵੇਂ ਵਰ੍ਹੇ ਵਿੱਚ ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਪਹਿਲੀ ਮੀਟਿੰਗ ਦੌਰਾਨ ਨਵਾਂ ਸਾਲ, ਲੋਹੜੀ ਅਤੇ ਮਾਘੀ ਦੇ ਜਸ਼ਨ ਮਨਾਏ ਗਏ। ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰਜੀਤ ਸਿੰਘ ਪਲਾਹਾ ਨੇ ਇਨ੍ਹਾਂ ਮੁਕੱਦਸ ਦਿਵਸਾਂ ਲਈ ਮੁਬਾਰਕਾਂ ਦਿੰਦਿਆਂ ਸਾਰਿਆਂ ਲਈ ਖ਼ੁਸ਼ੀਆਂ ਤੇ ਖੇੜਿਆਂ ਭਰਪੂਰ ਜ਼ਿੰਦਗੀ ਦੀ ਕਾਮਨਾ ਕੀਤੀ। ਪਿਛਲੇ ਸਾਲ ਦੌਰਾਨ ਹੋਈਆਂ ਪ੍ਰਾਪਤੀਆਂ ਅਤੇ ਚਾਲੂ ਸਾਲ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ ਦਾ ਸੰਖੇਪ ਬਿ?ਰਾ ਦਿੱਤਾ। ਫੂਡ ਬੈਂਕ ਤੋਂ ਉਚੇਚੇ ਤੌਰ ਤੇ ਸ਼ਾਮਲ ਹੋਏ ਜੈਰਮੀ ਅਤੇ ਸਾਇਰਾ ਨੇ ਐਸੋਸੀਏਸ਼ਨ ਦੁਆਰਾ ਪਾਏ ਜ਼ਿਕਰਯੋਗ ਮਾਇਕ ਯੋਗਦਾਨ ਲਈ ਸ਼ਲਾਘਾ ਕੀਤੀ ਅਤੇ ਫੂਡ ਬੈਂਕ ਦੀ ਤਰਫੋਂ ਆਭਾਰ ਪ੍ਰਗਟ ਕਰਦਿਆਂ ਦਿਲੋਂ ਧੰਨਵਾਦ ਕੀਤਾ। ਜਨਵਰੀ ਮਹੀਨੇ ਅੰਦਰ ਪੈਂਦੇ ਜਨਮ ਦਿਨ ਵਾਲੇ ਮੈਂਬਰਾਂ ਨੂੰ ਵਧਾਈ-ਪੱਤਰ ਦੇ ਕੇ ਖ਼ੁਸ਼ੀ ਸਾਂਝੀ ਕੀਤੀ ਗਈ। ਗੁਰਦਿਆਲ ਸਿੰਘ ਖਹਿਰਾ ਨੇ ਨਵੇਂ ਵਰ੍ਹੇ ਵਧੀਆ ਸੰਕਲਪ ਲੈਣ ਲਈ ਕਵਿਤਾ ਸੁਣਾਈ - ਸੋਚ ਬਦਲੋ ਤੋ ਕੋਈ ਬਾਤ ਬਨੇ। ਡਾ। ਰਾਜਵੰਤ ਕੌਰ ਮਾਨ ਨੇ ਲੋਹੜੀ ਅਤੇ ਜਗਦੇਵ ਸਿੱਧੂ ਨੇ ਮਾਘੀ ਦੇ ਇਤਿਹਾਸਕ ਹਵਾਲਿਆਂ ਨਾਲ ਇਨ੍ਹਾਂ ਦਿਨਾਂ ਦੇ ਸਮਾਜਿਕ ਮਹੱਤਵ ਬਾਰੇ ਵਿਚਾਰ ਰੱਖੇ। ਨਰਿੰਦਰ ਢਿੱਲੋਂ ਨੇ ਪਰਿਵਾਰ ਦੇ ਸੁਖਾਵੇਂ ਮਾਹੌਲ ਅਤੇ ਅੰਦਰੂਨੀ ਖ਼ੁਸ਼ੀ ਲਈ ਸੌਖੇ ਉਪਰਾਲਿਆਂ ਦਾ ਜ਼ਿਕਰ ਕੀਤਾ ਅਤੇ ਬਦਲੇ ਹੋਏ ਹਾਲਾਤ ਮੁਤਾਬਕ ਨਵੀਂ ਪੀੜ੍ਹੀ ਦੇ ਮੇਚ ਦਾ ਹੋਣ ਲਈ ਰੋਜ਼ਾਨਾ ਵਤੀਰੇ ਵਿਚ ਜ਼ਰੂਰੀ ਇਹਤਿਆਤ ਵਰਤਣ ਦੇ ਸੁਝਾਅ ਦਿੱਤੇ। ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਦੀ ਦੰਪਤੀ ਜੋੜੀ ਨੇ ਧੀਆਂ ਦੀ ਲੋਹੜੀ ਬਾਰੇ ਗੀਤ ਅਤੇ ਟੱਪੇ ਪੇਸ਼ ਕੀਤੇ - ਪੁੱਤਾਂ ਵਾਂਗਰਾਂ ਮਨਾਈਏ ਧੀਆਂ ਦੀਆਂ ਲੋਹੜੀਆਂ ਸੁੱਖ ਮਾਪਿਆਂ ਦੇ ਮੰਗਦੀਆਂ ਅੱਡ ਝੋਲ਼ੀਆਂ। ਵਿਨੋਦ ਕੁਮਾਰੀ ਦੀ ਸੁਰੀਲੀ ਆਵਾਜ਼ ਸੁਰਿੰਦਰ ਕੌਰ ਦੀ ਯਾਦ ਤਾਜ਼ਾ ਕਰ ਗਈ - ਇੱਕ ਤੇਰੀ ਅੱਖ ਕਾਸ਼ਨੀ। ਜੋਗਾ ਸਿੰਘ ਲੈਹਲ ਨੇ ਹਾਸਰਸ ਬਿਖੇਰਿਆ, ਭਜਨ ਸਿੰਘ ਸੱਗੂ ਨੇ ਪਾਣੀ ਦੇ ਕਈ ਰੂਪ ਸਾਕਾਰ ਕੀਤੇ ਅਤੇ ਗੁਰਬਚਨ ਬਰਾੜ ਨੇ ਸੁਰਜੀਤ ਪਾਤਰ ਦੀ ਕਵਿਤਾ ਸੁਣਾਈ। ਪਿਛਲਾ ਸਾਰਾ ਸਮਾਂ ਅਤੇ ਮੂਹਰਲਾ ਸਾਰਾ ਵਿਹੜਾ ਕੈਲਗਰੀ ਦੀਆਂ ਊਰਜਾਵਾਨ ਪੰਜਾਬਣਾਂ ਦੇ ਗਿੱਧੇ ਲਈ ਰਾਖਵਾਂ ਰਿਹਾ। ਅਮਰਜੀਤ ਕੌਰ ਪਲਾਹਾ, ਪਰਮਜੀਤ ਕੌਰ ਖੋਸਾ, ਸੁਰਜੀਤ ਕੌਰ, ਮਨਦੀਪ ਹੁੰਦਲ, ਸੁੱਖੀ ਕੁੰਡੂ,ਹਰਿੰਦਰ ਮੁੰਡੀ, ਸਰਬਜੀਤ ਸੰਘੇਰਾ ਤੇ ਸਾਥਣਾਂ ਨੇ ਬੋਲੀਆਂ ਪਾ ਕੇ ਹਾਲ ਨੂੰ ਗੂੰਜਣ ਲਾ ਦਿੱਤਾ, ਢੋਲ ਤੇ ਡੱਗੇ ਵਾਲੇ ਗੀਤਾਂ ਦੀ ਤਾਲ ਤੇ ਨੱਚ ਕੇ ਧਮਾਲਾਂ ਪਾਈਆਂ, ਉਪਰੋਥਲ਼ੀ ਪਾਈਆਂ ਬੋਲੀਆਂ ਨੇ ਦਰਸ਼ਕਾਂ ਨੂੰ ਵੀ ਨੱਚਣ ਲਾ ਦਿੱਤਾ - ਅੱਗੇ ਅੱਗੇ ਤੁਰ ਬੁਲ੍ਹੜਾ, ਤੇਰੇ ਮਗਰ ਮੇਲ੍ਹਦੀ ਆਵਾਂ। ਆਈ ਖ਼ੁਸ਼ੀਆਂ ਦੀ ਰੁੱਤ ਵੇ ਨਿਰੰਜਣਾਂ \ ਕੋਠੇ ਚੜ੍ਹ ਕੇ ਬੁੱਕ ਵੇ ਨਿਰੰਜਣਾਂ। ਗੁਰਦਿਆਲ ਸਿੰਘ ਦੁਆਰਾ ਪਰਬੀਨਤਾ ਨਾਲ ਕੀਤਾ ਸੰਚਾਲਨ ਸੋਨੇ ਤੇ ਸੁਹਾਗਾ ਰਿਹਾ। ਅੰਤ ਵਿਚ ਸੁਰਿੰਦਰ ਸਿੰਘ ਪਲਾਹਾ ਨੇ ਇਸ ਸ਼ਾਨਦਾਰ ਤੇ ਯਾਦਗਾਰੀ ਪ੍ਰੋਗਰਾਮ ਲਈ ਸਾਰਿਆ ਦਾ ਧੰਨਵਾਦ ਕੀਤਾ। ਸਾਰਿਆਂ ਨੇ ਜੀਅ ਭਰ ਕੇ ਮੂੰਗਫ਼ਲੀ, ਰਿ?ੜੀਆਂ, ਜਲੇਬੀਆਂ ਅਤੇ ਭਾਂਤ-ਸੁਭਾਂਤੇ ਵਿਅੰਜਨਾਂ ਦਾ ਲੁਤਫ਼ ਲਿਆ।



# ਅਲਬਰਟਾ ਸੂਬੇ ਅੰਦਰ ਰੈਡ ਡੀਅਰ ਵਿਖੇ ਪਹਿਲੇ ਗੁਰੂ ਘਰ ਦੀ ਰਸਮੀ ਸਥਾਪਨਾ ਹੋਈ

ਰੈਡ ਡੀਅਰ (ਪੰਜਾਬੀ ਅਖ਼ਬਾਰ ਬਿਊਰੋ) 8 ਜਨਵਰੀ 2023 ਦਿਨ ਐਤਵਾਰ ਰੈਡ ਡੀਅਰ ਸ਼ਹਿਰ ਦੀਆਂ ਸਿੱਖ ਸੰਗਤਾਂ ਲਈ ਇਤਿਹਾਸਕ ਹੋ ਨਿੱਬੜਿਆ। ਇਸ ਦਿਨ ਰਸਮੀ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਸਰੂਪਾਂ ਦੀ ਬਾਕਾਇਦਾ ਸਥਾਪਨਾ ਦੇ ਮੌਕੇ ਤੇ ਦੀਵਾਨ ਸਜਾਏ ਗਏ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ। ਉਪਰੰਤ ਸ਼ਬਦ ਕੀਰਤਨ ਤੇ ਗੁਰਮਤਿ ਵਿਚਾਰਾਂ ਹੋਈਆਂ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਵਨ ਸਰੂਪ ਕੈਲਗਰੀ ਦੇ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਤੋਂ ਰਿਵਾਇਤੀ ਅਦਬ ਸਤਿਕਾਰ ਸਹਿਤ ਇੱਕ ਦਿਨ ਪਹਿਲਾਂ ਲਿਆਂਦੇ ਗਏ। ਇਹ ਗੁਰੂ ਘਰ ਗੁਰੂ ਨਾਨਕ ਦਰਬਾਰ ਦੇ ਨਾਮ ਨਾਲ ਜਾਣਿਆ ਜਾਏਗਾ, ਸ੍ਰ ਨਿਸ਼ਾਨ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਟੀਮ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਸਦਕਾ ਇਹ ਸ਼ਾਇਦ ਕਨੇਡਾ ਦਾ ਪਹਿਲਾ ਗੁਰੂ ਘਰ ਹੋਵੇਗਾ , ਜਿਸ ਉੱਪਰ ਕਿਸੇ ਵੀ ਕਿਸਮ ਦਾ ਕੋਈ ਕਰਜ਼ਾ ਨਹੀ ਹੈ। ਗੁਰਦਵਾਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਦਾ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਅਹਿਮ ਯੋਗਦਾਨ ਹੈ।




1937 ਦੀ ਬਣੀ ਇਸ ਅਤਿ ਸੁੰਦਰ ਇਮਾਰਤ, ਏਨੀ ਪੁਰਾਣੀ ਇਮਾਰਤ ਹੋਣ ਦੇ ਬਾਵਜੂਦ ਇਸਦੀ ਸਾਂਭ ਸੰਭਾਲ ਕਮਾਲ ਦੀ ਹੈ। ਦਰਬਾਰ ਸਾਹਿਬ ਦੀ ਛੱਤ ਦਾ ਡਿਜ਼ਾਈਨ ਅਤੇ ਲੱਕੜ ਦੀ ਕਾਰੀਗਿਰੀ ਬੇਮਿਸਾਲ ਹੈ। ਸਿੱਖ ਸੰਗਤਾਂ ਨੇ ਇਸ ਨੂੰ ਕਾਰਨਰਸਟੋਨ ਗੋਸਪਲ ਚੈਪਲ ਚਰਚ ਦੀ ਪ੍ਰਬੰਧਕ ਕਮੇਟੀ ਤੋਂ ਖਰੀਦਿਆ ਹੈ। ਇਸ ਇਮਾਰਤ ਦੀ ਸਿੱਖ ਸੰਗਤਾਂ ਨੂੰ ਹਵਾਲਗੀ ਬੀਤੀ 1 ਦਸੰਬਰ 2022 ਨੂੰ ਮਿਲੀ ਸੀ। ਇਸ ਇਮਾਰਤ ਵਿੱਚ ਮੇਨ ਫਲੋਰ ਉੱਪਰ ਸ਼ਾਨਦਾਰ ਦਰਬਾਰ ਸਾਹਿਬ ਹੈ , ਬੇਸਮੈਂਟ ਵਿੱਚ ਲੰਗਰ ਹਾਲ ਅਤੇ ਵਾਸ਼ਰੂਮ ਦੀ ਸੁਵਿਧਾ ਹੈ। ਗੁਰਦਵਾਰਾ ਸਾਹਿਬ ਵਿੱਚ ਬਜ਼ੁਰਗਾਂ ਲਈ ਐਲੀਵੇਟਿਰ ਦੀ ਵਿਸ਼ੇਸ਼ ਸਹੂਲਤ ਉਪਲੱਬਧ ਹੈ।



ਪ੍ਰੀਤਮ ਸਿੰਘ ਕਾਹਲੋਂ ਨੂੰ ਉਹਨਾਂ ਦੀਆਂ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਬਦਲੇ ਅਲਬਰਟਾ ਸਰਕਾਰ ਦੀ ਮੰਤਰੀ ਰਾਜਨ ਸਾਹਨੀ ਅਤੇ ਅਲਬਰਟਾ ਸੂਬੇ ਦੀ ਗਵਰਨਰ ਸਲਮਾ ਲਖਾਨੀ ਵੱਲੋਂ ਕੁਈਨਜ਼ ਪਲੈਟੀਨਮ ਜੁਬਲੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

# 'ਆ ਕਲੰਡਰ ਬਦਲ ਦੇਈਏ' ਦਾ ਸੁਨੇਹਾ ਦੇਂਦੀ ਰਾਈਟਰਜ਼ ਫੋਰਮ ਦੀ ਨਵੇਂ ਸਾਲ ਦੀ ਪਹਿਲੀ ਮਿਲਣੀ ਹੋਈ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਰਾਈਟਰਜ਼ ਫੋਰਮ ਦੀ ਨਵੇਂ ਸਾਲ ਦੀ ਇੱਕਤਰਤਾ,7ਜਨਵਰੀ2023 ਨੂੰ ਕੋਸੋ ਹਾਲ ਵਿੱਚ ਪ੍ਰਧਾਨ ਜਸਵੀਰ ਸਹੋਤਾ ਅਤੇ ਕੈਮਿਸਟਰੀ ਵਿਸ਼ੇ ਦੇ ਮਾਹਿਰ, ਵਿਜ਼ਿਟਿੰਗ ਫੈਕਲਟੀ, ਯੂਨੀਵਰਸਿਟੀ ਆਫ਼ ਕੈਲਗਰੀ, ਮੁੱਖ ਮਹਿਮਾਨ ਡਾ: ਭਗਤ ਸਿੰਘ ਅਟਵਾਲ ਜੀ ਦੀ ਪ੍ਰਧਾਨਗੀ ਵਿੱਚ ਹੋਈ।ਕਵਿੱਤਰੀ ਗੁਰਦੀਸ਼ ਗਰੇਵਾਲ ਨੇ 'ਲੱਤਾਂ ਖਿੱਚਣ ਦੀ ਰੀਤ ਨੂੰ ਮੇਟ ਦੇਈਏ, ਨਵੇਂ ਪੂਰਨੇ ਅੱਜ ਪਾ ਲਈਏ' ਦਾ ਸੰਕਲਪ ਕਰਨ ਦਾ ਸੁਨੇਹਾ ਦੇ ਨਵੇਂ ਸਾਲ ਨੂੰ ਜੀ ਆਇਆਂ ਆਖਿਆ।ਡਾ: ਅਟਵਾਲ ਜੀ ਨੇ ਹਾਜ਼ਰੀਨ ਨਾਲ ਸਵਾਲਾਂ ਜੁਵਾਬਾਂ ਦੀ ਸਾਂਝ ਵੀ ਪਾਈ। ਗੁਰਚਰਨ ਥਿੰਦ ਨੇ ਵਿਗਿਆਨ ਤੇ ਅਧਾਰਤ ਆਪਣਾ ਨਾਵਲ 'ਮਿਸ਼ਨ ਰੈੱਡ ਸਟਾਰ' ਡਾ: ਅਟਵਾਲ ਨੂੰ ਭੇਟ ਕੀਤਾ।ਜਗਦੇਵ ਸਿੱਧੂ ਨੇ ਇੱਥੋਂ ਦੇ ਨੇਟਿਵ ਲੋਕਾਂ ਨਾਲ ਇੱਥੋਂ ਦੀਆਂ ਸਰਕਾਰਾਂ ਦੁਆਰਾ ਸਦੀਆਂ ਤੱਕ ਕੀਤੀਆਂ ਗਈਆਂ ਵਧੀਕੀਆਂ ਬਾਰੇ ਗੱਲ ਕੀਤੀ ਅਤੇ ਪਿਛਲੇ ਸਾਲ ਮੁੱਖ ਪੋਪ ਵਲੋਂ ਇਸ ਸਬੰਧੀ ਮੰਗੀ ਗਈ ਮੁਆਫ਼ੀ ਦੀ ਸ਼ਲਾਘਾ ਕੀਤੀ। ਉਨ੍ਹਾਂ ਦਾ ਗਿਲਾ ਹੈ ਕਿ ਅਸੀਂ ਪੰਜਾਬੀ ਹੋਣ ਦਾ ਦਮ ਤਾਂ ਭਰਦੇ ਹਾਂ ਪ੍ਰੰਤੂ ਪੰਜਾਬੀ ਦੇ ਸਿਰਮੌਰ ਸ਼ਾਇਰ ਵਾਰਿਸ ਸ਼ਾਹ ਦੀ ਯਾਦ ਨੂੰ ਅਤੇ ਉਸ ਦੀ ਉੱਤਮ ਕਾਵਿ-ਕਲਾ ਨੂੰ ਅਣਗੌਲ਼ਿਆ ਕੀਤਾ ਹੋਇਆ ਹੈ ਜਦੋਂ ਕਿ ਪੱਛਮੀ ਪੰਜਾਬ ਵਿੱਚ ਵਾਰਿਸ ਸ਼ਾਹ ਦੀ ਯਾਦ ਵਿੱਚ ਮੇਲੇ ਲਗਾਏ ਜਾਂਦੇ ਹਨ।ਸੁਖਜੀਤ ਸਿਮਰਨ ਨੇ ਆਪਣੀ ਭਾਵਪੂਰਤ ਰਚਨਾ, 'ਚਾਲ ਕਲੰਡਰ ਬਦਲ ਦੇਈਏ, ਹਰ ਵਾਰੀ ਬਾਹਰੋਂ ਬਦਲੇ ਹਾਂ, ਇਸ ਵਾਰੀ ਅੰਦਰੋਂ ਬਦਲ ਦੇਈਏ।' ਪੇਸ਼ ਕਰਕੇ ਵਾਹ ਵਾਹ ਖੱਟੀ।ਨਰਿੰਦਰ ਢਿਲੋਂ, ਬਲਵਿੰਦਰ ਬਰਾੜ, ਸਰਬਜੀਤ ਜਵੰਦਾ,ਬਿੱਕਰ ਸਿੰਘ ਸੰਧੂ, ਮਨਮੋਹਣ ਸਿੰਘ ਬਾਠ, ਸਰਬਜੀਤ ਉੱਪਲ, ਜਸਪਾਲ ਸਿੰਘ ਕੰਗ, ਸੇਵਾ ਸਿੰਘ ਬਚਨ, ਪੈਰੀ ਮਾਹਲ,ਜਸਵੀਰ ਸਹੋਤਾ ਨੇ ਵੀ ਮੰਚ ਉਪਰੋਂ ਹਾਜਰੀ ਲਗਵਾਈ।ਅੰਤ ਵਿੱਚ ਗੁਰਚਰਨ ਥਿੰਦ ਨੇ ਹਾਜ਼ਰੀਨ ਦਾ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕੀਤੀ।ਸਿਮਰ ਚੀਮਾ, ਸੁਰਿੰਦਰ ਚੀਮਾ, ਅਵਤਾਰ ਕੌਰ, ਇਨਾਇਤ ਜਵੰਦਾ, ਹਰਨੀਤ ਕੌਰ ਅਤੇ ਹਰਭਜਨ ਕੌਰ ਜੌਹਲ ਜੀ ਦੀ ਹਾਜ਼ਰੀ ਜ਼ਿਕਰਯੋਗ ਰਹੀ।



# ਮਲਟੀ ਕਲਚਰਲ ਸੀਨੀਅਰ ਸੁਸਾਇਟੀ ਆਫ ਅਲਬਰਟਾ ਨੇ ਨਵੇਂ ਸਾਲ ਮੌਕੇ ਆਪਸੀ ਖ਼ੁਸ਼ੀਆਂ ਦਾ ਆਦਾਨ-ਪ੍ਰਦਾਨ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀ ਕਲਚਰਲ ਸੀਨੀਅਰ ਸੁਸਾਇਟੀ ਆਫ ਅਲਬਰਟਾ ਨੇ ਬੜੇ ਹੀ ਉਤਸ਼ਾਹ ਅਤੇ ਚਾਵਾਂ ਨਾਲ ਨਵਾਂ ਸਾਲ 2023 ਅਤੇ ਕ੍ਰਿਸਮਿਸ ਦਾ ਤਿਉਹਾਰ ਸੁਸਾਇਟੀ ਦੇ ਹਾਲ ਵਿੱਚ ਮਨਾਇਆ। ਸਾਰੇ ਮੈਂਬਰਾਂ ਨੂੰ ਜੀ ਆਇਆਂ ਕਹਿਣ ਤੋਂ ਬਾਅਦ ਸੁਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਜੱਸਲ ਨੇ ਇਸ ਤਿਉਹਾਰ ਦੇ ਪਿਛੋਕੜ ਤੇ ਮਹਾਨਤਾ ਬਾਰੇ ਵੇਰਵੇ ਸਹਿਤ ਜਾਣਕਾਰੀ ਸਾਂਝੀ ਕਰਦਿਆਂ ਸਾਰੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ । ਸੁਸਾਇਟੀ ਦੇ ਸਕੱਤਰ ਜੋਗਿੰਦਰ ਸਿੰਘ ਜੌੜਾ ਨੇ ਕਿਹਾ ਕਿ ਸਭ ਨੂੰ ਪ੍ਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਸਾਰੇ ਮੈਂਬਰ ਖ਼ੁਸ਼ੀ ਦੇ ਮਾਹੌਲ ਵਿਚ ਨਵਾਂ ਸਾਲ ਮਨਾ ਰਹੇ ਹਨ। ਗੁਰਬਚਨ ਸਿੰਘ ਬਰਾੜ ਨੇ ਸੁਸਾਇਟੀ ਦੇ ਸਮਾਜ ਪ੍ਰਤੀ ਕੰਮਾਂ ਦਾ ਜ਼ਿਕਰ ਕੀਤਾ ਤੇ ਦੱਸਿਆ ਕਿ ਇਸ ਦੇ ਮੈਂਬਰਾਂ ਵੱਲੋਂ ਲੋੜਵੰਦ ਲੋਕਾਂ ਦੀ ਕੀਤੀ ਜਾ ਰਹੀ ਮੁਫ਼ਤ ਸੇਵਾ ਸਦਕਾ ਸੁਸਾਇਟੀ ਦੇ ਸਾਬਕਾ ਪ੍ਰਧਾਨ ਸੁਖਦੇਵ ਸਿੰਘ ਕੰਬੋ ਨੂੰ ਫੈਡਰਲ ਰੈਵੀਨਿਊ ਮੰਤਰੀ ਨੇ ਪ੍ਰਸੰਸਾ ਪੱਤਰ ਦੇ ਕੇ ਸੋਸਾਇਟੀ ਦਾ ਮਾਣ ਵਧਾਇਆ ਹੈ । ਇਸ ਮੌਕੇ ਕਾਰਜਕਾਰੀ ਕਮੇਟੀ ਦੇ ਸਾਰੇ ਮੈਂਬਰਾਂ ਨੇ ਸੁਖਦੇਵ ਸਿੰਘ ਕੰਬੋ ਨੂੰ ਪ੍ਰਸੰਸਾ ਪੱਤਰ ਭੇਟ ਕੀਤਾ ਅਤੇ ਬਿੱਕਰ ਸਿੰਘ ਸੰਧੂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਹੋਇਆਂ ਉਨ੍ਹਾਂ ਨੂੰ ਸੁਸਾਇਟੀ ਵੱਲੋਂ ਪ੍ਰਭਾਵਸ਼ਾਲੀ ਮੋਮੈਂਟੋ ਦਿੱਤਾ ਗਿਆ।ਇਸ ਮੌਕੇ ਬਚਿੱਤਰ ਸਿੰਘ ਗਿੱਲ ਨੇ ਬਹੁਤ ਹੀ ਢੁਕਵੇਂ ਸ਼ਬਦਾਂ ਵਿੱਚ ਕਵੀਸ਼ਰੀ ਸੁਣਾ ਕੇ ਸਭ ਦੀ ਵਾਹ-ਵਾਹ ਖੱਟੀ ।ਗਲੋਬਲ ਪ੍ਰਵਾਸੀ ਸੁਸਾਇਟੀ ਦੇ ਪ੍ਰਧਾਨ ਸੱਤਪਾਲ ਕੌਸ਼ਲ ਨੇ ਬਜ਼ੁਰਗਾਂ ਦੇ ਜੀਵਨ ਨੂੰ ਸੁਖੀ ਤੇ ਸਰਲ ਬਣਾਉਣ ਦੇ ਵਧੀਆ ਤਰੀਕਿਆਂ ਦਾ ਵਰਨਣ ਕੀਤਾ। ਬੂਟਾ ਸਿੰਘ ਮੱਲ੍ਹੀ ਨੇ ਕਿਹਾ ਕਿ ਜਿਸ ਤਰੀਕੇ ਨਾਲ ਬਿੱਕਰ ਸਿੰਘ ਸੰਧੂ ਸੁਸਾਇਟੀ ਦਾ ਕੰਮਕਾਜ ਸੰਭਾਲ ਰਹੇ ਹਨ ਉਸ ਨਾਲ ਸੁਸਾਇਟੀ ਵੀ ਬਹੁਤ ਵਧੀਆ ਪਹਿਚਾਣ ਬਣ ਗਈ ਹੈ ਅਤੇ ਸਾਰੇ ਮੈਂਬਰਾਂ ਨੂੰ ਸਹਿਯੋਗ ਦੇ ਕੇ ਸਮਾਜ ਪ੍ਰਤੀ ਹੋਰ ਵਧੀਆ ਸੇਵਾਵਾਂ ਦੇਣ ਵਿੱਚ ਵਾਧਾ ਕਰਨਾ ਚਾਹੀਦਾ ਹੈ । ਆਪਸੀ ਪ੍ਰੇਮ ਅਤੇ ਸਦਭਾਵਨਾਂ ਅਨੁਸਾਰ ਸੁਸਾਇਟੀ ਦੇ ਮੈਂਬਰਾਂ ਨੇ ਇੱਕ-ਦੂਜੇ ਨੂੰ ਤੋਹਫਿਆਂ ਦੇ ਆਦਾਨ-ਪ੍ਰਦਾਨ ਕਰ ਕੇ ਅਰਦਾਸ ਕੀਤੀ ਕਿ ਪਰਮਾਤਮਾ ਹਰ ਪਰਿਵਾਰ ,ਸਮਾਜ , ਸੂਬੇ , ਦੇਸ਼ ਅਤੇ ਦੁਨੀਆਂ ਵਿਚ ਮਿਲਵਰਤਨ ਤੇ ਆਪਸੀ ਸਦਭਾਵ ਦੇ ਮਾਹੌਲ ਵਿੱਚ ਵਾਧਾ ਕਰਕੇ ਮਨੁੱਖੀ ਜੀਵਨ ਵਿੱਚ ਖ਼ੁਸ਼ੀਆਂ ਅਤੇ ਸ਼ਾਂਤੀ ਲਿਆਵੇ । ਅੰਤ ਵਿੱਚ ਬੂਟਾ ਸਿੰਘ ਮੱਲ੍ਹੀ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਆਸ ਕੀਤੀ ਕਿ ਸੁਸਾਇਟੀ ਇਸ ਤਰ੍ਹਾਂ ਦੇ ਹੋਰ ਵੀ ਪ੍ਰੋਗਰਾਮ ਕਰਦੀ ਰਹੇਗੀ ਤਾਂ ਕਿ ਬਜ਼ੁਰਗਾਂ ਦੇ ਜੀਵਨ ਨੂੰ ਤਣਾਅ ਮੁਕਤ ਕਰਕੇ ਖ਼ੁਸ਼ਹਾਲ ਕੀਤਾ ਜਾ ਸਕੇ।





Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

# 2023



## ਜਨਵਰੀ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

• ਸੰਗਰਾਂਦ 14 • ਪੂਰਨਮਾਸ਼ੀ 6 • ਮੱਸਿਆ 21

## ਫਰਵਰੀ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | | | | |

• ਸੰਗਰਾਂਦ 13 • ਪੂਰਨਮਾਸ਼ੀ 5 • ਮੱਸਿਆ 20

## ਮਾਰਚ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

• ਸੰਗਰਾਂਦ 14 • ਪੂਰਨਮਾਸ਼ੀ 7 • ਮੱਸਿਆ 21

## ਅਪ੍ਰੈਲ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 30 | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

• ਸੰਗਰਾਂਦ 14 • ਪੂਰਨਮਾਸ਼ੀ 6 • ਮੱਸਿਆ 20

## ਮਈ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

• ਸੰਗਰਾਂਦ 15 • ਪੂਰਨਮਾਸ਼ੀ 5 • ਮੱਸਿਆ 19

## ਜੂਨ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

• ਸੰਗਰਾਂਦ 15 • ਪੂਰਨਮਾਸ਼ੀ 4 • ਮੱਸਿਆ 18

## ਜੁਲਾਈ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

• ਸੰਗਰਾਂਦ 16 • ਪੂਰਨਮਾਸ਼ੀ 3 • ਮੱਸਿਆ 17

## ਅਗਸਤ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

• ਸੰਗਰਾਂਦ 17 • ਪੂਰਨਮਾਸ਼ੀ 1,31 • ਮੱਸਿਆ 16

## ਸਤੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

• ਸੰਗਰਾਂਦ 17 • ਪੂਰਨਮਾਸ਼ੀ 29 • ਮੱਸਿਆ 14,15

## ਅਕਤੂਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

• ਸੰਗਰਾਂਦ 17 • ਪੂਰਨਮਾਸ਼ੀ 28 • ਮੱਸਿਆ 14

## ਨਵੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

• ਸੰਗਰਾਂਦ 16 • ਪੂਰਨਮਾਸ਼ੀ 27 • ਮੱਸਿਆ 13

## ਦਸੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

• ਸੰਗਰਾਂਦ 16 • ਪੂਰਨਮਾਸ਼ੀ 26 • ਮੱਸਿਆ 12

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# ਅਸ਼ੋਕ ਬਾਂਸਲ ਮਾਨਸਾ ਦੀ ਪੁਸਤਕ 'ਮਿੱਟੀ ਨੂੰ ਫਰੋਲ ਜੋਗੀਆ' ਗੀਤ ਸੰਗੀਤ ਦਾ ਖ਼ਜਾਨਾ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਅਸ਼ੋਕ ਬਾਂਸਲ ਮਾਨਸਾ ਦੀ ਪੁਸਤਕ 'ਮਿੱਟੀ ਨੂੰ ਫਰੋਲ ਜੋਗੀਆ, ਅਣਮੁੱਲੇ ਗੀਤਕਾਰ' ਗੀਤ ਸੰਗੀਤ ਦਾ ਬੇਸ਼ਕੀਮਤੀ ਖ਼ਜਾਨਾ ਹੈ। ਵੀਹ ਸਾਲ ਦੀ ਮਿਹਨਤ ਤੋਂ ਬਾਅਦ ਅਸ਼ੋਕ ਬਾਂਸਲ ਨੇ ਪੰਜਾਬੀ ਸਭਿਆਚਾਰ ਦੇ ਬੇਸ਼ਕੀਮਤੇ ਹੀਰੇ ਗੀਤਕਾਰਾਂ ਦੇ ਲਿਖੇ ਗੀਤ ਲੱਭਕੇ ਸੰਗੀਤ ਪ੍ਰੇਮੀਆਂ ਦੀ ਕਚਹਿਰੀ ਵਿੱਚ ਪੇਸ਼ ਕੀਤੇ ਹਨ। ਇਸ ਮੰਤਵ ਲਈ ਜਿਥੇ ਵੀ ਉਸਨੂੰ ਪਤਾ ਲੱਗਿਆ ਦੇਸ਼ ਵਿਦੇਸ਼ ਵਿੱਚ ਉਹ ਜਾ ਕੇ ਗੀਤਕਾਰਾਂ ਬਾਰੇ ਪਤਾ ਕਰਕੇ ਆਇਆ। ਘਰ ਫ਼ੂਕ ਤਮਾਸ਼ਾ ਵੇਖਦਾ ਰਿਹਾ। ਗਾਇਕਾਂ ਦੇ ਨਾਮ ਤਵਿਆਂ, ਕੈਸਟਾਂ ਅਤੇ ਇੰਟਰਨੈਟ ਤੇ ਭਮੀਰੀ ਦੀ ਤਰ੍ਹਾਂ ਘੁੰਮਦੇ ਫਿਰਦੇ ਵਿਖਾਈ ਦਿੰਦੇ ਹਨ, ਪਰੰਤੂ ਕੰਪਨੀਆਂ ਨੇ ਗੀਤਕਾਰਾਂ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਹੋਇਆ। ਅਸ਼ੋਕ ਬਾਂਸਲ ਮਾਨਸਾ ਨੇ ਲੰਮੀ ਜਦੋਜਹਿਦ ਅਤੇ ਮਿਹਨਤ ਤੋਂ ਬਾਅਦ ਲੋਕਾਂ ਵਿੱਚ ਹਰਮਨ ਪਿਆਰੇ ਗੀਤਾਂ ਦੇ ਗੀਤਕਾਰਾਂ ਦੇ ਨਾਮ ਲੱਭਕੇ ਸੰਗੀਤ ਦੇ ਉਪਾਸ਼ਕਾਂ ਦੇ ਸਾਹਮਣੇ ਲਿਆਂਦੇ ਹਨ ਕਿਉਂਕਿ ਪੁਰਾਣੇ ਸਮੇਂ ਵਿੱਚ ਆਮ ਤੌਰ 'ਤੇ ਗੀਤਕਾਰ ਦਾ ਨਾਮ ਤਵਿਆਂ ਅਤੇ ਕੈਸਟਾਂ 'ਤੇ ਲਿਖਿਆ ਨਹੀਂ ਹੁੰਦਾ ਸੀ, ਸਿਰਫ ਗਾਇਕਾਂ ਦਾ ਲਿਖਿਆ ਹੁੰਦਾ ਸੀ। ਗੀਤਕਾਰ ਦੀ ਥਾਂ ਗਾਇਕ ਹੀ ਨਾਮਣਾ ਖੱਟਦੇ ਰਹੇ। ਅਸ਼ੋਕ ਬਾਂਸਲ ਮਾਨਸਾ ਨੂੰ ਭੁੱਲੇ ਵਿਸਰੇ ਗੀਤਕਾਰਾਂ ਦਾ ਖੋਜੀ ਕਿਹਾ ਜਾ ਸਕਦਾ ਹੈ। ਉਸ ਨੇ ਅਜਿਹੇ 60 ਗੀਤਕਾਰਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਦੇ ਗੀਤਾਂ ਨੇ ਪੰਜਾਬੀ ਦੇ ਸੰਗੀਤਕ ਪ੍ਰੇਮੀਆਂ ਦੇ ਦਿਲਾਂ ਨੂੰ ਹਲੂਣਿਆਂ ਹੋਇਆ ਹੈ, ਉਨ੍ਹਾਂ ਵਿੱਚੋਂ ਪਹਿਲੀ ਕਿਸ਼ਤ ਵਿੱਚ ਇਸ ਪੁਸਤਕ ਵਿੱਚ ਵੀਹ ਗੀਤਕਾਰਾਂ ਦੇ ਗੀਤਾਂ ਅਤੇ ਉਨ੍ਹਾਂ ਦੇ ਗਾਇਕਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਹੈ। ਉਹ ਗੀਤਕਰ ਜਿਨ੍ਹਾਂ ਦੇ ਗੀਤ ਹਿਟ ਹੋਏ ਹਨ, ਪਰੰਤੂ ਸੰਗੀਤ ਦਾ ਰਸ ਮਾਨਣ ਵਾਲੇ ਲੋਕਾਂ ਨੂੰ ਉਨ੍ਹਾਂ ਬਾਰੇ ਪਤਾ ਹੀ ਨਹੀਂ। ਇਸ ਪੁਸਤਕ ਵਿੱਚ ਦਿੱਤੇ ਜਾ ਰਹੇ ਉਹ ਗੀਤਕਾਰ ਗਿਆਨ ਚੰਦ ਧਵਨ, ਹਰਭਜਨ ਸਿੰਘ ਚਮਕ, ਸਾਧੂ ਸਿੰਘ ਆਂਚਲ, ਮਲਿਕ ਵਰਮਾ, ਇੰਦਰਜੀਤ ਤੁਲਸੀ, ਚਾਨਣ ਗੋਬਿੰਦਪੁਰੀ, ਪ੍ਰਕਾਸ਼ ਸਾਥੀ, ਸੋਹਣ ਸਿੰਘ ਸੀਤਲ, ਦਇਆ ਸਿੰਘ ਦਿਲਬਰ, ਚਰਨ ਸਿੰਘ ਸਫਰੀ, ਦੀਪਕ ਜੈਤੋਈ, ਸਾਜਨ ਰਾਏਕੋਟੀ, ਨੰਦ ਲਾਲ ਨੂਰਪੁਰੀ, ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ, ਗੁਰਦੇਵ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਲਾਲ ਚੰਦ ਯਮਲਾ ਜੱਟ, ਸੰਤ ਰਾਮ ਉਦਾਸੀ, ਗੁਰਦਾਸ ਆਲਮ ਅਤੇ ਕੈਪਟਨ ਹਰਚਰਨ ਸਿੰਘ ਪਰਵਾਨਾ ਹਨ। ਇਨ੍ਹਾਂ ਦੇ ਗੀਤ ਵੱਡੇ ਗਾਇਕਾਂ ਨੇ ਗਾਣਿਆਂ, ਦੋਗਾਣਿਆਂ ਅਤੇ ਫਿਲਮਾ ਵਿੱਚ ਗਾਏ ਹਨ, ਜਿਨ੍ਹਾਂ ਵਿੱਚ ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਨਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਹਜ਼ਾਰਾ ਸਿੰਘ ਰਮਤਾ, ਮੁਹੰਮਦ ਸਦੀਕ, ਮੁਹੰਮਦ ਰਫੀ, ਸਰਦਾਰ ਅਲੀ, ਰਿਪੂ ਦਮਨ ਸ਼ੈਲੀ, ਮੋਹਿਨੀ ਨਰੂਲਾ, ਸ਼ਮਸ਼ਾਦ ਬੇਗਮ, ਲਤਾ ਮੰਗੇਸ਼ਕਰ, ਆਸ਼ਾ ਭੋਂਸਲੇ, ਮੰਨਾ ਡੇ, ਤੁਫ਼ਾਇਲ ਨਿਆਜ਼ੀ, ਗੀਤਾ ਦੱਤ, ਜਗਮੋਹਨ ਕੌਰ, ਕੇ.ਦੀਪ, ਜੀਤ ਜਗਜੀਤ, ਸਰੂਪ ਸਿੰਘ ਸਰੂਪ, ਨਰਿੰਦਰ ਬੀਬਾ, ਰਮੇਸ਼ ਰੰਗੀਲਾ, ਹਰਚਰਨ ਗਰੇਵਾਲ, ਚਾਂਦੀ ਰਾਮ, ਨਰਿੰਦਰ ਚੰਚਲ, ਸਰਦੂਲ ਸਿਕੰਦਰ ਅਤੇ ਕਰਮਜੀਤ ਸਿੰਘ ਧੂਰੀ ਨੇ ਗਾਏ ਹਨ। ਗਿਆਨ ਚੰਦ ਧਵਨ, ਜਿਹੜੇ ਜੀ.ਸੀ.ਧਵਨ ਦੇ ਨਾਮ ਨਾਲ ਵੀ ਜਾਣੇ ਜਾਂਦੇ ਹਨ, ਉਸ ਦੇ ਲਿਖੇ ਇਨ੍ਹਾਂ ਗੀਤਾਂ ਨੇ ਗਾਇਕਾਂ ਨੂੰ ਮਸ਼ਹੂਰ ਕੀਤਾ ਹੈ। ਗੀਤਾਂ ਦੇ ਕੁਝ ਅੰਸ਼ ਹੇਠ ਲਿਖੇ ਅਨੁਸਾਰ ਹਨ-

ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ।
ਅੰਬਰਸਰੇ ਦੀਆਂ ਵੜੀਆਂ ਵੇ ਮੈਂ ਖਾਂਦੀ ਨਾ।
ਬਾਜਰੇ ਦਾ ਸਿੱਟਾ ਅਸਾਂ ਤਲੀ ਤੇ ਮਰੋੜਿਆ।-ਸੁਰਿੰਦਰ ਕੌਰ ਪ੍ਰਕਾਸ਼ ਕੌਰ
ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ।
ਉੱਥੇ ਲੈ ਚਲ ਚਰਖਾ ਮੇਰਾ ਵੇ, ਜਿੱਥੇ ਤੇਰੇ ਹਲ ਚਲਦੇ।-ਸੁਰਿੰਦਰ ਕੌਰ
ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ।-ਪ੍ਰਕਾਸ਼ ਕੌਰ
ਅੱਜ ਸਾਰੇ ਛੱਡ ਜੰਜਾਲ ਕੁੜੇ, ਮੇਲੇ ਨੂੰ ਚਲ ਮੇਰੇ ਨਾਲ ਕੁੜੇ।-ਆਸਾ ਸਿੰਘ ਮਸਤਾਨਾ
ਮੁੰਡੇ ਮਰ ਗਏ ਕਮਾਈਆਂ ਕਰਦੇ, ਨੀ ਹਾਲੇ ਤੇਰੇ ਬੰਦ ਨਾ ਬਣੇ।
ਸਾਡੀ ਰੁੱਸ ਗਈ ਝਾਂਜਰਾਂ ਵਾਲੀ ਤੇ ਸਾਡੇ ਭਾਣੇ ਰੱਬ ਰੁੱਸਿਆ-ਮੁਹੰਮਦ ਰਫੀ
ਮੇਰਾ ਢੋਲ ਨੀਂ ਮੱਕੀ ਦਾ ਰਾਖਾ, ਡੱਬ ਵਿੱਚ ਲਿਆਵੇ ਛੱਲੀਆਂ।-ਮੁਹੰਮਦ ਸਦੀਕ
ਚੀਕੇ ਚਰਖਾ ਗੋਬਿੰਦੀਏ ਤੇਰਾ ਤੇ ਲੋਕਾਂ ਭਾਣੇ ਮੋਰ ਕੂਕਦਾ।-ਸਰਦਾਰ ਅਲੀ

ਹਰਭਜਨ ਸਿੰਘ ਚਮਕ: ਹਰਭਜਨ ਸਿੰਘ ਚਮਕ ਦੇ ਗੀਤ ਪੰਜਾਬੀ ਸਭਿਆਚਾਰ ਦੇ ਪ੍ਰਤੀਕ ਹਨ।
ਅੱਗੇ ਅੱਗੇ ਮੈਂ ਪਿੱਛੇ ਮਾਹੀ ਮੇਰਾ ਦੌੜਿਆ, ਅੱਥਰੀ ਜਵਾਨੀ ਸਾਨੂੰ ਕਿਸੇ ਵੀ ਨਾ ਮੋੜਿਆ।







ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ, ਵੇ ਅੱਖੀਆਂ 'ਚ ਤੂੰ ਵਸਦਾ।-ਸੁਰਿੰਦਰ ਕੌਰ
ਕਿੱਥੇ ਛੱਡ ਆਏਓ ਹੰਸਾਂ ਦੀ ਡਾਰ ਨੂੰ, ਕਿੱਥੇ ਛੱਡ ਆਏਓ ਮਿੱਠੇ ਮਿੱਠੇ ਪਿਆਰ ਨੂੰ।-ਸਰਬਜੀਤ ਕੌਰ

ਸਾਧੂ ਸਿੰਘ ਆਂਚਲ: ਸਾਧੂ ਸਿੰਘ ਆਂਚਲ ਦੇ ਗੀਤ ਪੰਜਾਬੀ ਸਭਿਅਚਾਰ ਦੀ ਵਿਰਾਸਤ ਦੀਆਂ ਬਾਤਾਂ ਪਾਉਂਦੇ ਹਨ।
ਮਹਿਰਮ ਦਿਲਾਂ ਦੇ ਮਾਹੀ, ਮੋੜੇਂਗਾ ਕਦ ਮੁਹਾਰਾਂ ਦਿਨ ਰਾਤ ਤੜਪਦੇ ਨੇ,ਅਰਮਾਨ ਬੇਸ਼ੁਮਾਰਾਂ।
ਮੈਨੂੰ ਹੀਰ ਕਹਿ ਕੇ ਫੇਰ ਨਾ ਬੁਲਾਈਂ ਮੁੰਡਿਆ, ਵੇ ਰਾਹ ਜਾਂਦੀ ਨਾ ਬਲਾ ਗਲ ਪਾਈਂ ਮੁੰਡਿਆ।-ਸੁਰਿੰਦਰ ਕੌਰ
ਖਿੜ-ਖਿੜ ਹੱਸਦੀ ਦੇ ਨੀਂ, ਕਿਰ ਜਾਣ ਨਾ ਚੰਦਰੀਏ ਹਾਸੇ
ਅੱਧਾ ਸ਼ਹਿਰ ਤੂੰ ਲੁੱਟਿਆ, ਅੱਧਾ ਲੁੱਟ ਲਿਆ ਤੇਰੇ ਨੀ ਦੰਦਾਸੇ।-ਹੰਸ ਰਾਜ ਹੰਸ
ਆ ਵੇ ਪ੍ਰਾਹੁਣਿਆਂ, ਬਹਿ ਵੇ ਪ੍ਰਾਹੁਣਿਆਂ, ਗਲ ਵਿੱਚ ਤੇਰੇ ਗਾਨੀ
ਤਿੱਲੇ ਵਾਲੀ ਜੁੱਤੀ ਫ਼ੱਬਦੀ ਲੱਪ ਲੱਪ ਚੜ੍ਹੀ ਜਵਾਨੀ।-ਸਰਦੂਲ ਸਿਕੰਦਰ

ਵਰਮਾ ਮਲਿਕ: ਵਰਮਾ ਮਲਿਕ ਦਾ ਨਾਮ ਬਰਕਤ ਰਾਇ ਮਲਿਕ ਹੈ, ਉਹ ਆਪਣੇ ਗੀਤਾਂ ਵਿੱਚ ਲੋਕਾਂ ਦੀ ਸਰਲ ਪੰਜਾਬੀ ਦੀ ਵਰਤੋਂ ਕਰਦੇ ਹੋਏ ਦਿਲਾਂ ਨੂੰ ਟੁੰਬਦੇ ਹਨ। ਉਸਦੇ ਗੀਤ ਫ਼ਿਲਮਾਂ ਵਿੱਚ ਸ਼ਮਸ਼ਾਦ ਬੇਗਮ, ਮੁਹੰਮਦ ਰਫੀ ਅਤੇ ਲਤਾ ਮੰਗੇਸ਼ਕਰ ਨੇ ਗਾਏ ਗਏ ਹਨ।
ਕੱਚੀ ਟੁੱਟ ਗਈ ਜਿਨ੍ਹਾਂ ਦੀ ਯਾਰੀ, ਪੱਤਣਾਂ ਤੇ ਰੋਣ ਖੜ੍ਹੀਆਂ।-ਸ਼ਮਸ਼ਾਦ ਬੇਗਮ (ਫਿਲਮ ਗੁੱਡੀ)
ਬੀਨ ਵਜਾਈਂ ਮੁੰਡਿਆ ਮੇਰੀ ਗੁਤ ਸੱਪਣੀ ਬਣ ਜਾਊਗੀ।
ਮੁੱਲ ਮਿਲਦਾ ਸੱਜਣ ਮਿਲ ਜਾਵੇ, ਲੈ ਲਵਾਂ ਮੈਂ ਜਿੰਦ ਵੇਚਕੇ।-ਸ਼ਮਸ਼ਾਦ ਬੇਗਮ
ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀਂ ਆਂ, ਗਲੀ ਭੁੱਲ ਨਾ ਜਾਵੇ ਚੰਨ ਮੇਰਾ।
ਦਾਣਾ-ਪਾਣੀ ਖਿੱਚ ਕੇ ਲਿਆਉਂਦਾ, ਕੌਣ ਕਿਸੇ ਦਾ ਖਾਂਦਾ ਹੈ।
ਚਿੱਟੇ ਦੰਦ ਹਸਣੋਂ ਨਾ ਰਹਿੰਦੇ ਤੇ ਲੋਕੀ ਭੈੜੇ ਸ਼ੱਕ ਕਰਦੇ।-ਮੁਹੰਮਦ ਰਫੀ
ਤੇਰੀ ਦੋ ਟਕਿਆਂ ਦੀ ਨੌਕਰੀ, ਵੇ ਮੇਰਾ ਲੱਖਾਂ ਦਾ ਸਾਵਣ ਜਾਏ।
ਲਾਈਆਂ ਤੇ ਤੋੜ ਨਿਭਾਵੀਂ, ਛੱਡ ਕੇ ਨਾ ਜਾਵੀਂ।-ਲਤਾ ਮੰਗੇਸ਼ਕਰ

ਇੰਦਰਜੀਤ ਤੁਲਸੀ; ਇਨ੍ਹਾਂ ਦੇ ਗੀਤ ਲੋਕ ਗੀਤਾਂ ਦੀ ਤਰਜ 'ਤੇ ਹਨ। ਲਾਡਲੀ, ਸ਼ੇਰ, ਬੌਬੀ, ਚੋਰ ਮਚਾਏ ਸ਼ੋਰ ਆਦਿ ਫ਼ਿਲਮਾਂ ਵਿੱਚ ਗਾਏ ਗਏ ਹਨ।
ਐਧਰ ਕਣਕਾਂ ਓਧਰ ਕਣਕਾਂ, ਵਿਚ ਕਣਕਾਂ ਬੂਰ ਪਿਆ, ਮੁਟਿਆਰੇ ਜਾਣਾ ਦੂਰ ਪਿਆ।-ਆਸਾ ਸਿੰਘ ਮਸਤਾਨਾ
ਚੋਰ ਮਚਾਏ ਸ਼ੋਰ ਫਿਲਮ ਦੇ ਗੀਤ-
ਏਕ ਡਾਲ ਪਰ ਤੋਤਾ ਬੋਲੇ, ਏਕ ਡਾਲ ਪਰ ਮੈਨਾ,
ਦੂਰ ਦੂਰ ਬੈਠੇ ਹੈਂ ਲੇਕਿਨ, ਪਿਆਰ ਤੋ ਫਿਰ ਹੈਨਾ।
ਦਿਲ ਵਾਲੇ ਦੁਲਹਨੀਆਂ ਲੇ ਜਾਏਂਗੇ।

ਚਾਨਣ ਗੋਬਿੰਦਪੁਰੀ: ਉਨ੍ਹਾਂ ਨੇ ਇਸ਼ਕ ਮੁਸ਼ਕ ਦੇ ਅਤੇ ਰੋਮਾਂਟਿਕ ਗੀਤ ਲਿਖੇ ਹਨ।
ਬਾਗਾਂ ਵਿੱਚ ਪਿਆ ਚੰਨਾਂ ਅੰਬੀਆਂ ਨੂੰ ਬੂਰ ਵੇ, ਰੁੱਤ ਹੈ ਸੁਹਾਣੀ ਸਾਨੂੰ ਮਿਲਣਾ ਜ਼ਰੂਰ ਵੇ।
ਰੁੱਤ ਹੈ ਸੁਹਾਣੀ ਸਾਨੂੰ ਮਿਲਣਾ ਜ਼ਰੂਰ ਵੇ।-ਸੁਰਿੰਦਰ ਕੌਰ
ਲਾਈ ਬੇਕਦਰਾਂ ਨਾਲ ਯਾਰੀ ਕਿ ਟੁੱਟਗੀ ਤੜੱਕ ਕਰਕੇ। -ਤੁਫ਼ਾਇਲ ਨਿਆਜ਼ੀ

ਪ੍ਰਕਾਸ਼ ਸਾਥੀ: ਪ੍ਰਕਾਸ਼ ਸਾਥੀ ਦਾ ਅਸਲੀ ਨਾਮ ਓਮ ਪ੍ਰਕਾਸ਼ ਪ੍ਰਭਾਕਰ ਸੀ, ਉਨ੍ਹਾਂ ਸਮਾਜਿਕ ਸਰੋਕਾਰਾਂ ਦੇ ਸੰਜੀਦਾ ਗੀਤ ਲਿਖੇ ਹਨ। ਉਨ੍ਹਾਂ ਨੇ ਹਿੰਦੀ ਫਿਲਮ ਰਾਤ ਕੇ ਰਾਹੀ, ਨਯਾ ਸਵੇਰਾ ਅਤੇ ਗੋਲਕੰਡਾ ਲਈ ਵੀ ਗੀਤ ਲਿਖੇ ਤੇ ਮੁਹੰਮਦ ਰਫੀ ਨੇ ਗਾਏ। ਪੰਜਾਬੀ ਫਿਲਮਾ ਝਾਂਜਰ, ਕੁਮਾਰੀ, ਕੁੜੀ ਪੰਜਾਬ ਦੀ, ਤੇਰਾ ਜਵਾਬ ਨਹੀਂ, ਦਰਾਣੀ ਜਠਾਣੀ, ਪ੍ਰਦੇਸੀ ਬਾਬੂ ਅਤੇ ਸਤਲੁਜ ਦੇ ਕੰਢੇ ਲਈ ਗੀਤ ਲਿਖੇ।
ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ,
ਮੇਰੇ ਯਾਰ ਸਭ ਹੁੰਮ ਹੁੰਮਾ ਕੇ ਚੱਲਣਗੇ।-ਆਸਾ ਸਿੰਘ ਮਸਤਾਨਾ

ਸੋਹਣ ਸਿੰਘ ਸੀਤਲ: ਉਸ ਨੂੰ ਧਾਰਮਿਕ ਗੀਤ ਲਿਖਣ ਵਾਲਾ ਗੀਤਕਾਰ ਸਮਝਿਆ ਜਾਂਦਾ ਸੀ ਪਰੰਤੂ ਉਨ੍ਹਾਂ ਰੋਮਾਂਟਿਕ ਗੀਤ ਵੀ ਲਿਖੇ ਹਨ।
ਮਲਕੀ ਖੂਹ ਦੇ ਉਤੇ ਭਰਦੀ ਸੀ ਪਈ ਪਾਣੀ, ਕੀਮਾ ਕੋਲ ਆ ਕੇ ਬੇਨਤੀ ਗੁਜ਼ਾਰੇ।
ਭਾਬੀ ਮੇਰੀ ਗੁੱਤ ਨਾ ਕਰੀਂ, ਮੈਨੂੰ ਡਰ ਸੱਪਣੀ ਤੋਂ ਆਵੇ।
ਮੇਲੇ ਮੁਕਤਸਰ ਦੇ ਚੱਲ ਚੱਲੀਏ ਨਣਦ ਦਿਆ ਵੀਰਾ।

ਦਇਆ ਸਿੰਘ ਦਿਲਬਰ: ਸਮਾਜਵਾਦੀ ਗੀਤਕਾਰ ਸੀ।
ਮਾਏ ਨੀ ਵਿਚੋਲਾ ਮਰ ਜੇ, ਜੀਜਾ ਲੱਭਿਆ ਤਵੇ ਤੋਂ ਕਾਲਾ।
ਭੈਣ ਰੋਂਦੀ ਰੱਜਦੀ ਨਹੀਂਓਂ, ਕਹਿੰਦੇ ਜ਼ਹਿਰ ਮੰਗਾ ਕੇ ਖਾ ਲੈ।
ਸਾਨੂੰ ਲਾਰੇ ਲਾ ਕੇ ਡੋਲੀ ਚੜ੍ਹ ਗਈਂਓ ਖੇੜਿਆਂ ਦੇ।

ਚਰਨ ਸਿੰਘ ਸਫਰੀ: ਉਨ੍ਹਾਂ ਨੇ ਧਾਰਮਿਕ ਅਤੇ ਸਮਾਜਿਕ ਗੀਤ ਲਿਖੇ।
ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ ਬੇਸਮਝ ਜ਼ਮਾਨਾਂ ਕੀ ਜਾਣੇਂ।
ਕੁੰਡਲਾਂ ਤੋਂ ਪੁੱਛ ਗੋਰੀਏ ਇਹਨਾਂ ਕਿਹੜੇ ਕਿਹੜੇ ਕਹਿਰ ਗੁਜ਼ਾਰੇ,
ਕਿੰਨੇ ਕੁ ਪਿਆਰ ਲੱਭਦੇ ਇਹਨਾਂ ਫਾਹ ਕੇ ਕਬੂਤਰ ਮਾਰੇ।
ਦੁੱਧ ਨੂੰ ਮਧਾਣੀ ਪੁੱਛਦੀ ਰਾਤੀਂ ਜਾਗ ਹੰਝੂਆਂ ਦਾ ਕੀਹਨੇ ਲਾਇਆ।

ਦੀਪਕ ਜੈਤੋਈ: ਉਹ ਲੋਕਾਂ ਦਾ ਗੀਤਕਾਰ ਸੀ, ਜੋ ਸਮਾਜ ਦੀਆਂ ਭਾਵਨਾਵਾਂ ਗੀਤਾਂ ਰਾਹੀਂ ਪੇਸ਼ ਕਰਦਾ ਸੀ।
ਆਹ ਲੈ ਮਾਏਂ ਸਾਂਭ ਕੁੰਜੀਆਂ ਧੀਆਂ ਕਰ ਚਲੀਆਂ ਸਰਦਾਰੀ।
ਜੁੱਤੀ ਲੱਗਦੀ ਵੈਰੀਆ ਮੇਰੇ ਵੇ ਪੁੱਟ ਨਾ ਪੁਲਾਂਘਾਂ ਲੰਬੀਆਂ।

ਸਾਜਨ ਸ਼ਾਹਕੋਟੀ: ਉਨ੍ਹਾਂ ਦਾ ਅਸਲੀ ਨਾਮ ਹੰਸ ਰਾਜ ਸੀ, ਉਸ ਦੇ ਗੀਤ ਸਮਾਜ ਦਾ ਸ਼ੀਸ਼ਾ ਸਨ।
ਘੁੰਡ ਵਿੱਚ ਨਹੀਂ ਲੁਕਦੇ ਸੱਜਣਾ ਨੈਣ ਕੁਆਰੇ।
ਨੈਣ ਪ੍ਰੀਤੋ ਦੇ ਬਹਿਜਾ ਬਹਿਜਾ ਕਰਦੇ, ਜਿਹੜੇ ਤੱਕ ਲੈਂਦੇ, ਨਾ ਜਿਉਂਦੇ ਨਾ ਮਰਦੇ।
ਐਵੇਂ ਨਾ ਲੜਿਆ ਕਰ ਢੋਲਾ, ਤੇਰੀ ਸਿਹਰਿਆਂ ਨਾਲ ਵਿਆਹੀ ਹੋਈ ਆਂ।

ਨੰਦ ਲਾਲ ਨੂਰਪੁਰੀ: ਉਹ ਸਭਿਅਚਾਰਕ ਗੀਤਾਂ ਦਾ ਬਾਦਸ਼ਾਹ ਸੀ।
ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ, ਗਲੀ ਗਲੀ ਡੰਡ ਪਾਉਂਦੀਆਂ ਗਈਆਂ।
ਚੰਨ ਵੇ ਸ਼ੌਂਕਣ ਮੇਲੇ ਦੀ ਪੈਰ ਧੋ ਕੇ ਝਾਂਜਰਾਂ ਪਾਉਂਦੀ।
ਚੁੰਮ-ਚੁੰਮ ਰੱਖੋ ਨੀ, ਇਹ ਕਲਗੀ ਜੁਝਾਰ ਦੀ, ਫੁੱਲਾਂ ਨਾਲ ਗੁੰਦੋ ਲੜੀ, ਹੀਰਿਆਂ ਦੇ ਹਾਰ ਦੀ।
ਭਾਖੜੇ ਤੋਂ ਆਉਂਦੀ ਮੁਟਿਆਰ ਇੱਕ ਨੱਚਦੀ, ਚੰਦ ਨਾਲੋਂ ਸੋਹਣੀ ਉਤੇ ਚੁੰਨੀ ਸੁੱਚੇ ਕੱਚ ਦੀ।

ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ: ਉਹ ਮੁੱਢਲੇ ਤੌਰ ਤੇ ਕਵੀਸ਼ਰ ਸਨ।
ਹੈ ਆਉਣ ਜਾਣ ਬਣਿਆਂ, ਦੁਨੀਆਂ ਚਹੁੰ ਕੁ ਦਿਨਾ ਦਾ ਮੇਲਾ।
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ।

ਗੁਰਦੇਵ ਸਿੰਘ ਮਾਨ: ਉਨ੍ਹਾਂ ਦੇ ਗੀਤ ਪੰਜਾਬੀ ਦੇ ਸਭਿਆਚਰਕ ਗੀਤਾਂ ਦੀ ਤਰਜਮਾਨੀ ਕਰਦੇ ਸਨ।
ਮਿੱਤਰਾਂ ਦੀ ਲੂਣ ਦੀ ਡਲ਼ੀ, ਨੀਂ ਤੂੰ ਮਿਸਰੀ ਬਰੋਬਰ ਜਾਣੀ
ਸੱਜਣਾ ਦੀ ਗੜਬੀ ਦਾ ਮਿੱਠਾ ਸ਼ਰਬਤ ਵਰਗਾ ਪਾਣੀ।-ਕਰਮਜੀਤ ਸਿੰਘ ਧੂਰੀ
ਰਾਤੀਂ ਸੀ ਉਡੀਕਾਂ ਤੇਰੀਆਂ ਸੁੱਤੇ ਪਲ ਨਾ ਹਿਜ਼ਰ ਦੇ ਮਾਰੇ।-ਨਰਿੰਦਰ ਬੀਬਾ
ਊੜਾ ਆੜਾ ਈੜੀ ਸੱਸਾ ਹਾਹਾ, ਊੜਾ ਆੜਾ ਵੇ,
ਮੈਨੂੰ ਜਾਣ ਦੇ ਸਕੂਲੇ ਇਕ ਵਾਰ ਹਾੜ੍ਹਾ ਵੇ।

ਇੰਦਰਜੀਤ ਹਸਨਪੁਰੀ: ਉਹ ਪੰਜਾਬੀ ਲੋਕਾਂ ਦੀਆਂ ਭਾਵਨਾਵਾਂ ਨੂੰ ਟੁੰਬਣ ਵਾਲੇ ਗੀਤ ਲਿਖਦੇ ਸਨ।
ਜੇ ਮੁੰਡਿਆ ਵੇ ਸਾਡੀ ਤੋਰ ਤੂੰ ਵੇਖਣੀ, ਗੜਬਾ ਲੈ ਦੇ ਚਾਂਦੀ ਦਾ,
ਵੇ ਲੱਕ ਹਿੱਲੇ ਮਜਾਜਣ ਜਾਂਦੀ ਦਾ।
ਨਾ ਤੂੰ ਰੁੱਸ ਰੁੱਸ ਬਹਿ, ਲੈ ਜਾ ਛੱਲੀਆਂ ਭੁੰਨਾ ਲਈਂ ਦਾਣੇ, ਵੇ ਮਿੱਤਰਾ ਦੂਰ ਦਿਆ।
ਸਾਧੂ ਹੁੰਦੇ ਰੱਬ ਵਰਗੇ ਘੁੰਡ ਕੱਢਕੇ ਖੈਰ ਨਾ ਪਾਈਏ
ਤੋੜ ਕੇ ਜਵਾਬ ਦੇ ਦੀਏ, ਝੂਠਾ ਲਾਰਾ ਨਾ ਕਦੇ ਵੀ ਲਾਈਏ।

ਲਾਲ ਚੰਦ ਯਮਲਾ ਜੱਟ: ਯਮੁਲਾ ਜੱਟ ਲੋਕ ਗਾਇਕ ਸੀ।
ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਐ
ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਐ।
ਮੈਂ ਕੀ ਪਿਆਰ ਵਿੱਚੋਂ ਖੱਟਿਆ।

ਸੰਤ ਰਾਮ ਉਦਾਸੀ: ਸੰਤ ਰਾਮ ਮਿਹਨਤਕਸ਼ਾਂ ਦਾ ਨੁਮਾਇੰਦਾ ਗੀਤਕਾਰ ਸੀ।
ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ,
ਮਘਦਾ ਰਹੀਂ ਵੇ ਸੂਰਾ ਕੰਮੀਆਂ ਦੇ ਵੇਹੜੇ।
ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ
ਮੇਰੇ ਲਹੂ ਦਾ ਕੇਸਰ, ਰੇਤੇ 'ਚ ਨਾ ਰਲਾਇਓ।

ਗੁਰਦਾਸ ਆਲਮ: ਗੁਰਦਾਸ ਆਲਮ ਗ਼ਰੀਬ ਲੋਕਾਂ ਦੇ ਦਿਲਾਂ ਦੀ ਅਵਾਜ਼ ਵਾਲੇ ਗੀਤ ਲਿਖਦੇ ਸਨ।
ਪਿਪਲਾ ਵੇ ਸੱਜਣਾਂ ਦੇ ਪਿੰਡ ਦਿਆ, ਭੇਦ ਛੁਪਾ ਕੇ ਰੱਖੀਂ,
ਤੂੰ ਕੰਨਾਂ ਨਾਲ ਸੁਣ ਚੁੱਕਾ ਏਂ, ਵੇਖ ਚੁੱਕਾ ਏਂ ਅੱਖੀਂ।

ਕੈਪਟਨ ਹਰਚਰਨ ਸਿੰਘ ਪਰਵਾਨਾ: ਉਹ ਭਾਵਨਾਵਾਂ ਵਿੱਚ ਲਪੇਟੇ ਗੀਤ ਲਿਖਦੇ ਸਨ।
ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ
ਰੂਪ ਦੀਏ ਰਾਣੀਏਂ ਪਰਾਂਦੇ ਨੂੰ ਸੰਭਾਲ ਨੀਂ।
ਕੁੱਟ-ਕੁੱਟ ਬਾਜਰਾ ਮੈਂ ਕੋਠੇ ਉਤੇ ਪਾਉਣੀਆਂ,
ਹਾਏ ਮਾਂ ਮੇਰੀਏ, ਮੈਂ ਕੋਠੇ ਉਤੇ ਪਾਉਣੀਆਂ,
ਆਉਣਗੇ ਕਾਗ ਉਡਾ ਜਾਣਗੇ, ਸਾਨੂੰ ਦੂਣਾ ਪੁਆੜਾ ਪਾ ਜਾਣਗੇ।
ਸਾਰੇ ਦੁੱਖ ਭੁੱਲ ਜਾਣਗੇ, ਨਹੀਂਓ ਭੁੱਲਣਾ ਵਿਛੋੜਾ ਤੇਰਾ।

# ਨੇਪਾਲ ਜਹਾਜ਼ ਹਾਦਸੇ ਦੇ ਚਸ਼ਮਦੀਦਾਂ ਦਾ ਵੱਡਾ ਬਿਆਨ





ਕਾਠਮੰਡੂ - ਨੇਪਾਲ 'ਚ ਐਤਵਾਰ ਨੂੰ ਯਾਤਰੀ ਜਹਾਜ਼ ਹਾਦਸੇ ਤੋਂ ਬਾਅਦ ਮੌਕੇ 'ਤੇ ਮੌਜੂਦ ਚਸ਼ਮਦੀਦਾਂ ਨੇ ਵਾਲ-ਵਾਲ ਬਚਣ ਦਾ ਦਾਅਵਾ ਕੀਤਾ। ਉਨ੍ਹਾਂ ਦੱਸਿਆ ਕਿ ਯੇਤੀ ਏਅਰਲਾਈਨਜ਼ ਦਾ ਜਹਾਜ਼ ਪੰਜ ਭਾਰਤੀਆਂ ਸਮੇਤ 72 ਲੋਕਾਂ ਨੂੰ ਲੈ ਕੇ ਜਾ ਰਿਹਾ ਸੀ ਜਦੋਂ ਇਹ ਉਨ੍ਹਾਂ ਦੀ ਬਸਤੀ ਨੇੜੇ ਹਾਦਸਾਗ੍ਰਸਤ ਹੋ ਗਿਆ, ਅਤੇ ਉਨ੍ਹਾਂ ਨੇ ਬੰਬ ਧਮਾਕੇ ਵਰਗੀ ਆਵਾਜ਼ ਸੁਣੀ। ਹਿਮਾਲੀਅਨ ਦੇਸ਼ 'ਚ 30 ਸਾਲਾਂ ਤੋਂ ਵੱਧ ਸਮੇਂ 'ਚ ਇਹ ਸਭ ਤੋਂ ਭਿਆਨਕ ਜਹਾਜ਼ ਹਾਦਸਾ ਹੈ। ਪੋਖਰਾ ਦੇ ਰਿਜੋਰਟ ਸ਼ਹਿਰ 'ਚ ਹਾਲ ਹੀ 'ਚ ਲੌਂਚ ਕੀਤੇ ਗਏ ਹਵਾਈ ਅੱਡੇ 'ਤੇ ਲੈਂਡਿੰਗ ਦੌਰਾਨ ਜਹਾਜ਼ ਕਰੈਸ਼ ਹੋ ਗਿਆ। ਜਹਾਜ਼ 'ਚ ਸਵਾਰ 72 ਲੋਕਾਂ 'ਚੋਂ ਘੱਟੋ-ਘੱਟ 68 ਦੀ ਮੌਤ ਹੋ ਗਈ। ਬਾਕੀ 4 ਦੀ ਭਾਲ ਜਾਰੀ ਹੈ। ਇਸ ਦੌਰਾਨ ਜਹਾਜ਼ ਦਾ ਬਲੈਕ ਬੌਕਸ ਵੀ ਬਰਾਮਦ ਕਰ ਲਿਆ ਗਿਆ ਹੈ।

ਨੇਪਾਲੀ ਅਖ਼ਬਾਰ ਦਾ ਕਾਠਮੰਡੂ ਪੋਸਟ ਨਾਲ ਗੱਲਬਾਤ ਦੌਰਾਨ ਚਸ਼ਮਦੀਦ ਕਲਪਨਾ ਸੁਨਾਰ ਨੇ ਦੱਸਿਆ ਕਿ ਉਹ ਆਪਣੇ ਘਰ ਦੇ ਵਿਹੜੇ 'ਚ ਕੱਪੜੇ ਧੋ ਰਹੀ ਸੀ। ਫ਼ਿਰ ਉਸ ਨੇ ਆਸਮਾਨ ਤੋਂ ਡਿੱਗਦੇ ਹੋਏ ਇੱਕ ਜਹਾਜ਼ ਨੂੰ ਆਪਣੇ ਵੱਲ ਆਉਂਦਾ ਦੇਖਿਆ। ਉਸ ਨੇ ਕਿਹਾ ਕਿ ਜਹਾਜ਼ ਅਜੀਬ ਢੰਗ ਨਾਲ ਝੁਕਿਆ ਅਤੇ ਕੁੱਝ ਪਲਾਂ ਬਾਅਦ ਉਸ ਨੇ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ ਜਿਵੇਂ ਕਿ ਕੋਈ ਬੰਬ ਫ਼ਟਿਆ ਹੋਵੇ। ਫ਼ਿਰ ਉਸ ਨੇ ਸੇਤੀ ਘਾਟੀ 'ਚੋਂ ਕਾਲਾ ਧੂੰਆਂ ਨਿਕਲਦਾ ਦੇਖਿਆ।" ਸਥਾਨਕ ਨਿਵਾਸੀ ਗੀਤਾ ਸੁਨਾਰ ਦੇ ਘਰ ਤੋਂ ਤਕਰੀਬਨ 12 ਮੀਟਰ ਦੀ ਦੂਰੀ 'ਤੇ ਜਹਾਜ਼ ਦਾ ਇੱਕ ਵਿੰਗ ਜ਼ਮੀਨ 'ਤੇ ਡਿੱਗ ਗਿਆ। ਵਾਲ-ਵਾਲ ਬਚੀ ਗੀਤਾ ਨੇ ਦੱਸਿਆ ਕਿ ਜੇਕਰ ਜਹਾਜ਼ ਉਸ ਦੇ ਘਰ ਦੇ ਥੋੜ੍ਹਾ ਜਿਹਾ ਵੀ ਨੇੜੇ ਆ ਜਾਂਦਾ ਤਾਂ ਪੂਰੀ ਕਾਲੋਨੀ ਤਬਾਹ ਹੋ ਜਾਂਦੀ। ਗੀਤਾ ਨੇ ਦੱਸਿਆ ਕਿ ਜਿੱਥੇ ਜਹਾਜ਼ ਕਰੈਸ਼ ਹੋਇਆ, ਉੱਥੇ ਕਾਫ਼ੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਜਹਾਜ਼ ਕੁੱਝ ਦੂਰੀ 'ਤੇ ਡਿੱਗਣ ਕਾਰਨ ਬਸਤੀ ਬਚ ਗਈ ਨਹੀਂ ਤਾਂ ਜਾਨੀ ਨੁਕਸਾਨ ਜ਼ਿਆਦਾ ਹੋਣਾ ਸੀ।

ਗੀਤਾ ਅਨੁਸਾਰ ਸੇਤੀ ਘਾਟੀ ਦੇ ਦੋਵੇਂ ਪਾਸੇ ਅੱਗ ਲੱਗੀ ਹੋਈ ਸੀ ਅਤੇ ਲਾਸ਼ਾਂ ਇਧਰ-ਉਧਰ ਖਿੱਲਰੀਆਂ ਪਈਆਂ ਸਨ। ਘਟਨਾ ਦੇ ਸਮੇਂ ਉੱਥੇ ਮੌਜੂਦ ਬੱਚਿਆਂ ਨੇ ਦੱਸਿਆ ਕਿ ਆਸਮਾਨ ਤੋਂ ਤੇਜ਼ੀ ਨਾਲ ਘੁੰਮਦੇ ਹੋਏ ਡਿੱਗਦੇ ਜਹਾਜ਼ 'ਚੋਂ ਯਾਤਰੀਆਂ ਦੀਆਂ ਚੀਕਾਂ ਸੁਣਾਈ ਦਿੱਤੀਆਂ। 11 ਸਾਲਾ ਸਮੀਰ ਅਤੇ ਪ੍ਰਜਵਲ ਪੇਰੀਆਰ ਨੇ ਪਹਿਲਾਂ ਤਾਂ ਜਹਾਜ਼ ਨੂੰ ਖਿਡੌਣਾ ਸਮਝਿਆ, ਪਰ ਜਦੋਂ ਜਹਾਜ਼ ਨੇੜੇ ਆਇਆ ਤਾਂ ਉਹ ਭੱਜ ਗਏ। ਸਮੀਰ ਨੇ ਕਿਹਾ ਕਿ ਅਚਾਨਕ ਧੂੰਏਂ ਕਾਰਨ ਚਾਰੇ ਪਾਸੇ ਹਨ੍ਹੇਰਾ ਹੋ ਗਿਆ। ਇੰਝ ਲੱਗਦਾ ਸੀ ਕਿ ਜਹਾਜ਼ ਦਾ ਪਹੀਆ ਹੇਠਾਂ ਆਉਂਦੇ ਹੀ ਸਾਨੂੰ ਛੂਹ ਲਵੇਗਾ। ਇੱਕ ਹੋਰ ਚਸ਼ਮਦੀਦ ਬੈਂਸਾ ਬਹਾਦਰ ਬੀ.ਕੇ ਨੇ ਦੱਸਿਆ ਕਿ ਜੇਕਰ ਜਹਾਜ਼ ਸਿੱਧਾ ਡਿੱਗ ਜਾਂਦਾ ਤਾਂ ਟਾਊਨਸ਼ਿਪ ਨਾਲ ਟਕਰਾ ਜਾਣਾ ਸੀ ਅਤੇ ਫ਼ਿਰ ਜ਼ਿਆਦਾ ਨੁਕਸਾਨ ਹੋ ਸਕਦਾ ਸੀ। ਅਖ਼ਬਾਰ ਨੇ ਉਸ ਦੇ ਹਵਾਲੇ ਨਾਲ ਕਿਹਾ ਕਿ ਜਹਾਜ਼ ਦੀਆਂ ਅੱਠ ਖਿੜਕੀਆਂ 'ਚੋਂ ਸੱਤ ਬਰਕਰਾਰ ਸਨ ਜਿਸ ਕਾਰਨ ਸਾਨੂੰ ਲੱਗਦਾ ਸੀ ਕਿ ਯਾਤਰੀ ਅਜੇ ਵੀ ਜ਼ਿੰਦਾ ਹਨ। ਪਰ ਅੱਗ ਕੁੱਝ ਹੀ ਸਮੇਂ 'ਚ ਫ਼ੈਲ ਗਈ ... ਇਹ ਬਹੁਤ ਡਰਾਉਣੀ ਸੀ।




# ਹਿੰਦੂ ਨੇਤਾਵਾਂ 'ਤੇ ਹਮਲੇ ਦੀ ਫ਼ਿਰਾਕ 'ਚ ਸਨ ਗ੍ਰਿਫ਼ਤਾਰ ਹੋਏ ਖਾੜਕੂ ਜਗਜੀਤ ਅਤੇ ਨੌਸ਼ਾਦ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਦਿੱਲੀ ਪੁਲੀਸ ਨੇ ਜਹਾਂਗੀਰਪੁਰ ਤੋਂ ਗ੍ਰਿਫ਼ਤਾਰ ਦੋ ਖਾੜਕੂਆਂ ਨੂੰ ਲੈ ਕੇ ਇੱਕ ਵੱਡਾ ਖ਼ੁਲਾਸਾ ਕੀਤਾ ਹੈ। ਦਿੱਲੀ ਪੁਲੀਸ ਮੁਤਾਬਿਕ ਦੋਵੇਂ ਖਾੜਕੂ ਦਿੱਲੀ ਨੂੰ ਦਹਿਲਾਉਣ ਵਾਲੀ ਇੱਕ ਵੱਡੀ ਯੋਜਨਾ ਬਣਾ ਰਹੇ ਸਨ। ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਜਾਂਚ ਦੌਰਾਨ ਪਾਇਆ ਹੈ ਕਿ ਖਾੜਕੂ ਜਗਜੀਤ ਸਿੰਘ ਉਰਫ਼ ਜੱਗਾ ਅਤੇ ਨੌਸ਼ਾਦ ਅਲੀ ਆਪਣੇ ਪਾਕਿਸਤਾਨੀ ਹੈਂਡਲਰਾਂ ਦੇ ਹੁਕਮਾਂ 'ਤੇ ਹਿੰਦੂ ਨੇਤਾਵਾਂ 'ਤੇ ਹਮਲੇ ਕਰਨ ਦੀ ਯੋਜਨਾ ਬਣਾ ਰਹੇ ਸਨ।

ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਨੇ ਇਸ ਹਫ਼ਤੇ ਦੇ ਸ਼ੁਰੂ 'ਚ ਜਗਜੀਤ ਸਿੰਘ (29) ਅਤੇ ਨੌਸਾਦ ਅਲੀ (56) ਦੀ ਜੋੜੀ ਨੂੰ ਜਹਾਂਗੀਰਪੁਰੀ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਸੀ। ਦੋਵਾਂ ਨੂੰ ਸੱਜੇ-ਪੱਖੀ ਨੇਤਾਵਾਂ 'ਤੇ ਹਮਲਿਆਂ ਦੀ ਯੋਜਨਾ ਬਣਾਉਣ ਅਤੇ ਅੰਜਾਮ ਦੇਣ ਦਾ ਕੰਮ ਸੌਂਪਿਆ ਗਿਆ ਸੀ। ਦਿੱਲੀ ਪੁਲੀਸ ਨੇ ਇਹ ਦਾਅਵਾ ਕੀਤਾ। ਪੁਲੀਸ ਨੇ ਖਾੜਕੂਆਂ ਕੋਲੋਂ 22 ਜ਼ਿੰਦਾ ਕਾਰਤੂਸ, ਦੋ ਹੈਂਡ ਗ੍ਰਨੇਡ ਅਤੇ ਤਿੰਨ ਪਿਸਤੌਲ ਬਰਾਮਦ ਕੀਤੇ ਹਨ। ਇਸ ਤਰ੍ਹਾਂ ਗਣਤੰਤਰ ਦਿਵਸ ਤੋਂ ਪਹਿਲਾਂ ਦਿੱਲੀ ਪੁਲੀਸ ਨੇ ਇੱਕ ਵੱਡੀ ਖਾੜਕੂ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ

ਦੋਵਾਂ ਮੁਲਜ਼ਮਾਂ ਵਲੋਂ ਕੀਤੇ ਗਏ ਖ਼ੁਲਾਸੇ ਦੇ ਆਧਾਰ 'ਤੇ ਭਲਸਵਾ ਡੇਅਰੀ ਇਲਾਕੇ 'ਚੋਂ ਕਤਲ ਕੀਤੇ ਲੜਕੇ ਦੀ ਲਾਸ਼ ਬਰਾਮਦ ਕੀਤੀ ਗਈ। ਲਾਸ਼ ਦੇ ਮੋਢੇ 'ਤੇ ਤ੍ਰਿਸ਼ੂਲ ਦਾ ਟੈਟੂ ਬਣਿਆ ਹੋਇਆ ਸੀ। ਇਸ ਕਤਲ ਪਿੱਛੇ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਦਾ ਹੱਥ ਸੀ। ਦੋਵਾਂ ਖਾੜਕੂਆਂ ਨੇ ਉਸ ਨੂੰ ਮਾਰ ਦਿੱਤਾ ਅਤੇ ਕਤਲ ਦੀ ਵੀਡੀਓ ਬਣਾਈ ਜੋ ਉਨ੍ਹਾਂ ਨੇ ਪਾਕਿਸਤਾਨ 'ਚ ਆਪਣੇ ਹੈਂਡਲਰ ਨੂੰ ਭੇਜੀ। ਪੁਲੀਸ ਨੇ ਕਿਹਾ ਕਿ ਦੋਸ਼ੀ ਦੇਸ਼ 'ਚ ਖਾੜਕੂਵਾਦ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ 'ਚ ਸ਼ਾਮਿਲ ਕੁੱਝ ਵਿਦੇਸ਼ੀ ਸੰਸਥਾਵਾਂ ਦੇ ਸੰਪਰਕ 'ਚ ਸਨ। ਪੁਲੀਸ ਨੇ ਦੱਸਿਆ ਕਿ ਜਗਜੀਤ ਇੱਕ ਕਤਲ ਦੇ ਮਾਮਲੇ 'ਚ ਹਲਦਵਾਨੀ ਜੇਲ੍ਹ 'ਚ ਬੰਦ ਸੀ ਜਿੱਥੇ ਉਸ ਦੇ ਬੰਬੀਹਾ ਗੈਂਗ ਦੇ ਮੈਂਬਰਾਂ ਨਾਲ ਨੇੜਤਾ ਸੀ। ਉਹ 20 ਦਿਨਾਂ ਲਈ ਪੈਰੋਲ 'ਤੇ ਬਾਹਰ ਸੀ ਅਤੇ 20 ਅਪ੍ਰੈਲ 2022 ਨੂੰ ਉਤਰਾਖੰਡ ਦੇ ਗਦਰਪੁਰ ਦੇ ਗੁਲਾਰਭੋਜ 'ਚ ਲੌਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਅਪਰਾਧੀਆਂ ਨੇ ਉਸ 'ਤੇ ਹਮਲਾ ਕੀਤਾ ਸੀ। ਖਾੜਕੂ ਨੌਸ਼ਾਦ ਨੂੰ IPC ਦੀ ਧਾਰਾ 302 ਦੇ ਤਹਿਤ ਇੱਕ ਕੇਸ 'ਚ ਜਹਾਂਗੀਰਪੁਰੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ 1996 'ਚ ਦੋ ਮਹੀਨੇ ਦੀ ਪੈਰੋਲ 'ਤੇ ਬਾਹਰ ਆਇਆ ਸੀ। ਫ਼ਿਰ ਉਸ ਨੂੰ ਉਸ ਦੇ ਹੋਰ ਸਾਥੀਆਂ ਸਮੇਤ ਕਤਲ ਦੇ ਇੱਕ ਹੋਰ ਕੇਸ 'ਚ ਗ੍ਰਿਫ਼ਤਾਰ ਕੀਤਾ ਗਿਆ। ਉਹ 25 ਸਾਲ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਸਾਲ 2018 'ਚ ਜੇਲ੍ਹ ਤੋਂ ਰਿਹਾਅ ਹੋਇਆ ਸੀ। ਪੁਲੀਸ ਨੇ ਦਾਅਵਾ ਕੀਤਾ ਕਿ ਉਹ ਜੇਲ੍ਹ 'ਚ ਲੰਬੇ ਸਮੇਂ ਦੌਰਾਨ ਸਰਹੱਦ ਪਾਰ ਤੋਂ ਹੈਂਡਲਰਾਂ ਦੇ ਸੰਪਰਕ 'ਚ ਸੀ। ਅੱਗੇ ਅਤੇ ਪਿਛੜੇ ਸਬੰਧਾਂ ਦੀ ਪਛਾਣ ਕਰਨ ਲਈ ਹੋਰ ਪੁੱਛਗਿੱਛ ਜਾਰੀ ਹੈ।

# ਪ੍ਰਦੂਸ਼ਿਤ ਹਵਾ ਦੇ ਮਾਮਲੇ 'ਚ ਲਾਹੌਰ ਪਹਿਲੇ ਅਤੇ ਦੂਜੇ ਨੰਬਰ 'ਤੇ ਹੈ ਮੁੰਬਈ

ਢਾਕਾ (ਪੰਜਾਬੀ ਅਖਬਾਰ ਬਿਊਰੋ)- ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਦੀ ਹਵਾ ਨੂੰ ਸੋਮਵਾਰ ਸਵੇਰੇ ਦੁਨੀਆਂ ਦੀ ਤੀਜੀ ਸਭ ਤੋਂ ਪ੍ਰਦੂਸ਼ਿਤ ਹਵਾ ਦਾ ਦਰਜਾ ਦਿੱਤਾ ਗਿਆ ਹੈ। ਢਾਕਾ 'ਚ ਸਵੇਰੇ 9: 40 ਵਜੇ ਲਏ ਗਏ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਮੁਤਾਬਿਕ ਇਸ ਨੂੰ 197 ਅੰਕ ਮਿਲੇ। ਇਸ ਪੱਧਰ 'ਤੇ ਹਵਾ ਨੂੰ ਗ਼ੈਰ-ਸਿਹਤਮੰਦ ਮੰਨਿਆ ਜਾਂਦਾ ਹੈ। ਏਕਿਊਆਈ ਮਾਪਦੰਡਾਂ ਮੁਤਾਬਿਕ 151 ਅਤੇ 200 ਦੇ ਵਿਚਕਾਰ ਪੈਰਾਮੀਟਰ ਨੂੰ ਗ਼ੈਰ-ਸਿਹਤਮੰਦ ਮੰਨਿਆ ਜਾਂਦਾ ਹੈ। ਜਦੋਂ ਕਿ 201 ਅਤੇ 300 ਨੂੰ ਬਹੁਤ ਹੀ ਗ਼ੈਰ-ਸਿਹਤਮੰਦ ਮੰਨਿਆ ਜਾਂਦਾ ਹੈ ਅਤੇ 301 ਤੋਂ 400 ਨੂੰ ਖ਼ਤਰਨਾਕ ਮੰਨਿਆ ਜਾਂਦਾ ਹੈ ਜੋ ਨਿਵਾਸੀਆਂ ਲਈ ਗੰਭੀਰ ਸਿਹਤ ਖ਼ਤਰਾ ਪੈਦਾ ਕਰਦੇ ਹਨ। ਇਸ ਲਿਹਾਜ਼ ਨਾਲ ਪਾਕਿਸਤਾਨ ਦਾ ਲਾਹੌਰ 234 ਦੇ ਨਾਲ ਪਹਿਲੇ ਸਥਾਨ 'ਤੇ ਰਿਹਾ ਅਤੇ ਭਾਰਤ ਦਾ ਮੁੰਬਈ 211 ਏਕਿਊਆਈ ਨਾਲ ਦੂਜੇ ਸਥਾਨ 'ਤੇ ਰਿਹਾ। ਜ਼ਿਕਰਯੋਗ ਹੈ ਕਿ ਬੰਗਲਾ ਦੇਸ਼ 'ਚ ਏਕਿਊਆਈ ਪ੍ਰਦੂਸ਼ਣ ਪੰਜ ਮਾਪਦੰਡਾਂ 'ਤੇ ਆਧਾਰਿਤ ਹੈ ਜਿਨ੍ਹਾਂ 'ਚ ਕਣ ਪਦਾਰਥ, $NO_2$, CO, $SO_2$ ਅਤੇ ਓਜ਼ੋਨ ਸ਼ਾਮਿਲ ਹਨ। ਢਾਕਾ ਲੰਬੇ ਸਮੇਂ ਤੋਂ ਹਵਾ ਪ੍ਰਦੂਸਣ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਇਸ ਦੀ ਹਵਾ ਦੀ ਗੁਣਵੱਤਾ ਆਮ ਤੌਰ 'ਤੇ ਸਰਦੀਆਂ 'ਚ ਗ਼ੈਰ-ਸਿਹਤਮੰਦ ਹੋ ਜਾਂਦੀ ਹੈ ਅਤੇ ਮਾਨਸੂਨ ਦੌਰਾਨ ਸੁਧਰ ਜਾਂਦੀ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਹਵਾ ਪ੍ਰਦੂਸ਼ਣ ਹਰ ਸਾਲ ਦੁਨੀਆਂ ਭਰ 'ਚ ਅੰਦਾਜ਼ਨ 70 ਲੱਖ ਲੋਕਾਂ ਦੀ ਜਾਨ ਲੈ ਲੈਂਦਾ ਹੈ। ਹਵਾ ਪ੍ਰਦੂਸ਼ਣ ਕਾਰਨ ਦਿਲ ਦਾ ਦੌਰਾ, ਦਿਲ ਦੀ ਬੀਮਾਰੀ, ਪੁਰਾਣੀ ਰੁਕਾਵਟੀ ਪਲਮਨਰੀ ਬੀਮਾਰੀ, ਫ਼ੇਫ਼ੜਿਆਂ ਦਾ ਕੈਂਸਰ ਅਤੇ ਗੰਭੀਰ ਸਾਹ ਦੀਆਂ ਲਾਗਾਂ ਵਰਗੀਆਂ ਵਿਆਪਕ ਬੀਮਾਰੀਆਂ ਹੁੰਦੀਆਂ ਹਨ ਅਤੇ ਮੌਤ ਦਰ 'ਚ ਵਾਧਾ ਹੁੰਦਾ ਹੈ।